New Location
Punjab Insurance Agency Inc.
Super Visa Insurance
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ • ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ • ਮਨੀ ਬੈਕ ਟਰਮ ਇੰਸ਼ੋਰੈਂਸ • ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਵੀ ਫੋਨ ਕਰ ਸਕਦੇ ਹੋ।
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
SINCE : 2007
www.thepunjabtimes.ca
canadianpunjabtimes@gmail.com
Vol - 18 | 17 May, 2024 | ੪ ਜੇਠ ਨਾਨਕਸ਼ਾਹੀ ਸੰਮਤ ੫੫੬ | Ph.: 604-338-7310 | FAX : 604-572-3638 | /canadianpunjabtimes

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar (Pasla)
604-597-0991
778-895-7444
icc.accounting@yahoo.ca
8740 - 140A St., Surrey, BC V3W 0M4

## ਬੀ.ਸੀ. ਸਰਕਾਰ ਵਲੋਂ ਸੋਸ਼ਲ ਮੀਡੀਆ ਦੀ ਦੁਰਵਰਤੋਂ ਨੂੰ ਰੋਕਣ ਲਈ ਸਖ਼ਤ ਨਿਯਮ ਬਣਾਉਣ ਦੀ ਯੋਜਨਾ

ਸਰੀ, (ਇਸ਼ਪ੍ਰੀਤ ਕੌਰ): ਬ੍ਰਿਟਿਸ਼ ਕੋਲੰਬੀਆ ਸਰਕਾਰ ਅਤੇ ਸੋਸ਼ਲ ਮੀਡੀਆ ਦਿੱਗਜਾਂ ਨੇ ਨੌਜਵਾਨਾਂ ਦੀ ਸੁਰੱਖਿਆ ਲਈ ਔਨਲਾਈਨ "ਇਤਿਹਾਸਕ ਸਹਿਯੋਗ" ਲਈ ਕਦਮ ਅੱਗੇ ਵਧਾਏ ਹਨ।

ਪ੍ਰੀਮੀਅਰ ਡੇਵਿਡ ਈਬੀ ਅਤੇ Meta, Google, TikTok, X and Snap Inc. ਦੇ ਨੁਮਾਇੰਦਿਆਂ ਦੇ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਉਹ ਨੌਜਵਾਨਾਂ ਨੂੰ ਔਨਲਾਈਨ ਸੁਰੱਖਿਅਤ ਰਹਿਣ ਵਿੱਚ ਮਦਦ ਕਰਨ ਲਈ ਮਿਲੇ ਹਨ, ਜੋ ਪਰਿਵਾਰਾਂ, ਸਰਕਾਰ ਅਤੇ ਕੰਪਨੀਆਂ ਦੇ ਸਾਹਮਣੇ ਸਭ ਤੋਂ ਮਹੱਤਵਪੂਰਨ ਚੁਣੌਤੀਆਂ ਵਿੱਚੋਂ ਇੱਕ ਹੈ।

ਇਸ ਮਹੀਨੇ ਦੇ ਸ਼ੁਰੂ ਵਿੱਚ ਆਪਣੀ ਪਹਿਲੀ ਮੀਟਿੰਗ ਵਿੱਚ, ਸਮੂਹ ਦਾ ਕਹਿਣਾ ਹੈ ਕਿ ਉਹਨਾਂ ਨੇ ਵਿਆਪਕ ਪੱਧਰ 'ਤੇ ਸਹਿਯੋਗ ਬਾਰੇ ਚਰਚਾ ਕੀਤੀ ਕਿਉਂਕਿ




ਆਨਲਾਈਨ ਸ਼ਿਕਾਰੀ ਜਿਵੇਂ ਕਿ ਬੀ ਸੀ ਵਿੱਚ ਬੱਚਿਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਆਪਣੇ ਆਪ ਨੂੰ ਸਿਰਫ਼ ਇੱਕ ਪਲੇਟਫਾਰਮ ਤੱਕ ਸੀਮਤ ਨਹੀਂ ਕਰਦੇ।

ਕੰਪਨੀਆਂ ਨੇ ਬੀ.ਸੀ. ਨੂੰ ਡਾਇਰੈਕਟ ਐਸਕੇਲੇਸ਼ਨ ਚੈਨਲ ਪ੍ਰਦਾਨ ਕਰਨ ਲਈ ਵਚਨਬੱਧ ਕੀਤਾ ਹੈ ਜੋ ਸੁਰੱਖਿਆ ਆਰਡਰ ਜਾਰੀ ਕੀਤੇ ਜਾਣ ਤੋਂ ਪਹਿਲਾਂ ਹੀ ਆਨਲਾਈਨ ਰੱਖੇ ਜਾਣ ਵਾਲੇ ਗੈਰ-ਸਹਿਮਤੀ ਵਾਲੇ ਗਲਤ ਚਿੱਤਰਾਂ ਦੀ ਤੁਰੰਤ ਰਿਪੋਰਟ ਕਰਨ ਦੀ ਇਜਾਜ਼ਤ ਦੇਵੇਗਾ।

ਬਿਆਨ ਵਿੱਚ ਕਿਹਾ ਗਿਆ ਹੈ ਕਿ ਇਹ ਬੀ.ਸੀ. ਵਿੱਚ ਉਹਨਾਂ ਲਈ ਚਿੱਤਰਾਂ ਨੂੰ ਜਲਦੀ ਹਟਾਉਣਾ ਆਸਾਨ ਬਣਾ ਦੇਵੇਗਾ, ਪਲੇਟਫਾਰਮਾਂ ਦੀ ਆਨਲਾਈਨ ਗੋਪਨੀਯਤਾ ਦੀ ਰੱਖਿਆ ਕਰਨ ਅਤੇ "ਜ਼ਿੰਮੇਵਾਰੀ ਡਿਜੀਟਲ ਵਿਵਹਾਰ ਨੂੰ ਉਤਸ਼ਾਹਿਤ ਕਰਨ" ਪ੍ਰਤੀ ਵਚਨਬੱਧਤਾ ਦਾ ਪ੍ਰਦਰਸ਼ਨ ਕਰਦਾ ਹੈ।

ਇਹ ਮੀਟਿੰਗ ਬੀਸੀ ਸਰਕਾਰ ਵੱਲੋਂ ਪਿਛਲੇ ਮਹੀਨੇ ਆਪਣੇ ਔਨਲਾਈਨ ਕਾਨੂੰਨ ਨੂੰ ਰੋਕੇ ਜਾਣ ☛ ਬਾਕੀ ਸਫ਼ਾ 6 'ਤੇ

## ਸਰੀ ਦੇ ਸਟੇਡੀਅਮ ਵਿੱਚ ਵਿਸ਼ਵ ਫੁੱਟਬਾਲ ਕੱਪ ਲਈ ਟੀਮ ਨੂੰ ਸਿਖਲਾਈ ਦਿੱਤੇ ਜਾਣ ਦੀ ਉਮੀਦ

### 12,000 ਦਰਸ਼ਕਾਂ ਦੀ ਸਮਰੱਥਾ ਰੱਖਦਾ ਹੈ ਸਰੀ ਦਾ ਸਟੇਡੀਅਮ

**ਸਰੀ, (ਇਸ਼ਪ੍ਰੀਤ ਕੌਰ):** 2026 ਫੀਫਾ ਵਿਸ਼ਵ ਕੱਪ ਫੁਟਬਾਲ ਟੂਰਨਾਮੈਂਟ ਲਈ ਸਮੇਂ ਸਿਰ ਸਰੀ ਵਿੱਚ ਸਟੇਡੀਅਮ ਬਣ ਕੇ ਤਿਆਰ ਹੋ ਸਕਦਾ ਹੈ? ਇਹ ਸਵਾਲ ਇਸ ਸਮੇਂ ਕਾਫੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਕਿਉਂਕਿ ਸਰੀ ਵ੍ਹੈਲੀ ਦੇ ਟੌਮ ਬਿੰਨੀ ਪਾਰਕ ਵਿਖੇ 12,000 ਸੀਟਾਂ ਵਾਲੇ ਸਟੇਡੀਅਮ ਇੱਕ ਸੰਭਾਵਨਾ ਹੈ, ਜਿਸ ਵਿੱਚ ਨਿਊਟਨ ਅਤੇ ਕਲੋਵਰਡੇਲ ਦੀਆਂ ਸਾਈਟਾਂ ਵੀ ਵਿਚਾਰੀਆਂ ਜਾ ਰਹੀਆਂ ਹਨ।

ਵਪਾਰ ਵਿਕਾਸ ਦੇ ਉਪ-ਪ੍ਰਧਾਨ ਐਡਮ ਟੋਰਪੇ ਦੇ ਅਨੁਸਾਰ, ਵੈਨਕੂਵਰ-ਅਧਾਰਤ ਕੰਪਨੀ ਸਿਕਸਫਾਈਵ ਸਟੇਡੀਅਮ ਐਕਸਪੀਰੀਅੰਸ ਨੇ ਇੱਕ ਫੁਟਬਾਲ-ਪ੍ਰਾਇਮਰੀ ਸਟੇਡੀਅਮ ਤਿਆਰ ਕੀਤਾ ਹੈ ਜਿਸਦੀ ਵਰਤੋਂ ਲਗਭਗ $35 ਮਿਲੀਅਨ ਦੀ ਕੀਮਤ ਵਿੱਚ ਸੰਗੀਤ ਸਮਾਰੋਹਾਂ, ਸੰਮੇਲਨਾਂ ਅਤੇ ਹੋਰ ਸਮਾਗਮਾਂ ਲਈ ਕੀਤੀ



ਜਾ ਸਕਦੀ ਹੈ। ਵਿਸ਼ਵ ਕੱਪ ਦੌਰਾਨ, ਰਾਸ਼ਟਰੀ ਫੁਟਬਾਲ ਟੀਮਾਂ ਵੈਨਕੂਵਰ ਵਿੱਚ ਬੀਸੀ ਪਲੇਸ ਸਟੇਡੀਅਮ ਵਿੱਚ ਹੋਣ ਵਾਲੀਆਂ ਸੱਤ ਖੇਡਾਂ ਲਈ ਸਿਖਲਾਈ ਲਈ ਸਰੀ ਸਟੇਡੀਅਮ ਦੀ ਵਰਤੋਂ ਕਰ ਸਕਦੀਆਂ ਹਨ।

ਫੀਫਾ ਵਿਸ਼ਵ ਕੱਪ ਦੇ ਕੈਨੇਡਾ ਵਿਚਲੇ ਪ੍ਰਬੰਧਕਾਂ ਵਲੋਂ ਜਾਰੀ ਕੀਤੀਆਂ ਤਸਵੀਰਾਂ ਅਨੁਸਾਰ ਜੋ ਸਿਕਸਫਾਈਵ ਦੁਆਰਾ ਬਣਾਏ ਗਏ ਸਟੇਡੀਅਮਾਂ ਦੇ "ਸੰਭਾਵੀ ਦ੍ਰਿਸ਼ਟੀਕੋਣ" ਵਜੋਂ ਕੰਮ ਕਰਦੀਆਂ ਹਨ - ਇੱਕ ਛੱਤ ਵਾਲਾ, ਦੂਜਾ ਬਿਨਾਂ ਛੱਤ ਵਾਲਾ। ਹਾਲਾਂਕਿ ਡਿਜ਼ਾਈਨ ਨੂੰ ਅੰਤਿਮ ਰੂਪ ਨਹੀਂ ਦਿੱਤਾ ਗਿਆ। ਰਣਨੀਤਕ ਪਹਿਲਕਦਮੀਆਂ ਦੇ ਨਿਰਦੇਸ਼ਕ, ਜੈੱਫ ਅਰਾਸਨ ਦੇ ਅਨੁਸਾਰ, ਸਰੀ "ਇੱਕ ਮਿਸ਼ਰਤ-ਵਰਤੋਂ ਵਾਲੇ ਮਨੋਰੰਜਨ ਅਤੇ ਖੇਡ ਸਹੂਲਤ ਲਈ ਇੱਕ ਮਾਰਕੀਟ ਵਿਸ਼ਲੇਸ਼ਣ ਅਤੇ ਸੰਭਾਵਨਾ ਦਾ ਅਧਿਐਨ" ਕਰ ਰਿਹਾ ਹੈ।

ਇਸ ਅਧਿਐਨ ਦੇ ਹਿੱਸੇ ਵਜੋਂ, ਅਰਾਸਨ ਨੇ ਬੁੱਧਵਾਰ (15 ਮਈ) ਨੂੰ ਇੱਕ ਈਮੇਲ ਵਿੱਚ ਕਿਹਾ, "ਅਸੀਂ ਇੱਕ ਓਪਨ ਏਅਰ ਸਟੇਡੀਅਮ ਅਤੇ ਇੱਕ ਅਖਾੜੇ ਸਮੇਤ ਕਈ ਤਰ੍ਹਾਂ ☛ ਬਾਕੀ ਸਫ਼ਾ 6 'ਤੇ

SK BASRA FURNITURE LTD.
All Kinds of custom made furniture
Sofa Set Box Bed, Folding Bed, Coffee Table
Foam Cushion, Mattress
Gift Items & Canvas Paintings
Punjabi Culture, Rajasthani, Running Horses
Waterfall, Landscape, Budhas, Religious etc.
ਅਸੀਂ ਡਿਲਵਰੀਆਂ ਵੀ ਕਰਦੇ ਹਾਂ।
604-751-4555
#2 - 7743 128 St. 77 Ave Surrey

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ਼ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

DIVERSE DEBT SOLUTIONS
Any Type of Debt
KULWINDER BAINS
CERTIFIED CREDIT COUNSELLER
PERSONAL OR BUSINESS
• Credit Cards • Revenue Canada Tax
• Line of Credits • Bankruptcy
• Pay day loans • ICBC fines
Reduce Your debt up to 70%
BOOK YOUR FREE CONSULTATION TODAY
778-998-9402
www.diversedebt.ca info@diversedebt.ca

S&S INSURANCE SERVICE
FAST SERVICE AND COMPETITIVE RATES
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW 604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE

WALIA FOREX LTD
ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
Send Money Instantly Worldwide
We Also buy & sell US Dollars/Euro & Pounds
604-417-9100 | 32070 Cedar Ln #134, Abbotsford,
604-816-3100 | #102-8078-128 St. (little India Plaza Surrey)

SIDHU TRAVEL LTD.
Email : sidhutravel13@gmail.com
ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਵਾਜਿਬ ਰੇਟ 'ਤੇ ਟਿਕਟਾਂ ਬੁੱਕ ਕਰਵਾਉਣ ਲਈ ਸੰਪਰਕ ਕਰੋ:
Rani Sidhu (Manager)
IATA
Ph : 604-504-3400
604-800-3003
3497 Nightingale Dr. Abbotsford, B.C.
Unit 109-12830 80 Ave, York Centre Surrey
ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey

# ਸਿਟੀਜ਼ਨਸ਼ਿਪ ਹਫ਼ਤਾ ਮਨਾਉਂਦੇ ਹੋਏ ਇਮੀਗ੍ਰੇਸ਼ਨ ਮੰਤਰੀ ਨੇ ਸਰੀ ਵਿੱਚ 40 ਪ੍ਰਵਾਸੀਆਂ ਨੂੰ ਸੌਂਪੀ ਸਿਟੀਜ਼ਨਸ਼ਿਪ

## ਕੈਨੇਡਾ ਵਿੱਚ ਮਈ 13 ਤੋਂ 19 ਤੱਕ ਮਨਾਇਆ ਜਾ ਰਿਹਾ ਹੈ ਕੈਨੇਡਾ ਸਿਟੀਜ਼ਨਸ਼ਿਪ ਹਫ਼ਤਾ





**ਸਰੀ, (ਇਸ਼ਪ੍ਰੀਤ ਕੌਰ):** ਕੈਨੇਡਾ ਦੇ ਸਿਟੀਜ਼ਨਸ਼ਿਪ ਹਫਤੇ ਦੀ ਸ਼ੁਰੂਆਤ ਸੋਮਵਾਰ 13 ਮਈ ਤੋਂ ਹੋ ਗਈ ਹੈ ਅਤੇ ਸੋਮਵਾਰ ਸਵੇਰੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਸਰੀ ਵਿੱਚ ਇੱਕ ਵਿਸ਼ੇਸ਼ ਪ੍ਰੋਗਰਾਮ ਦੌਰਾਨ ਸ਼ਾਮਲ ਹੋਏ ਅਤੇ ਇਸ ਮੌਕੇ ਉਨ੍ਹਾਂ ਨੇ ਸਿਟੀਜ਼ਨਸ਼ਿਪ ਹਫ਼ਤੇ ਦੀ ਸ਼ੁਰੂਆਤ ਕਰਦੇ ਹੋਏ 40 ਪ੍ਰਵਾਸੀਆਂ ਨੂੰ ਸਿਟੀਜ਼ਨਸ਼ਿਪ ਸੌਂਪੀ ਅਤੇ ਉਨ੍ਹਾਂ ਨੂੰ ਸਹੁੰ ਚੁੱਕਵਾਈ ।

ਦੋ-ਘੰਟੇ ਚੱਲੇ ਇਸ ਦੋਭਾਸ਼ੀ ਸਮਾਗਮ ਵਿੱਚ ਹਰੇਕ ਨਵੇਂ ਕੈਨੇਡੀਅਨ ਨਾਗਰਿਕ ਨੂੰ ਸਰਟੀਫਿਕੇਟ ਦਿੱਤੇ ਗਏ, ਇਸ ਤੋਂ ਬਾਅਦ ਸਾਰਿਆਂ ਲਈ ਕੇਕ ਅਤੇ ਰਿਫਰੈਸ਼ਮੈਂਟ ਦਾ ਵੀ ਪ੍ਰੋਗਰਾਮ ਰੱਖਿਆ ਗਿਆ।

ਸਰੀ-ਨਿਊਟਨ ਦੇ ਐਮਪੀ ਸੁੱਖ ਧਾਲੀਵਾਲ ਨੇ ਇਸ ਮੌਕੇ ਪਹੁੰਚੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ "ਅੱਜ ਦਾ ਦਿਨ ਤੁਹਾਡੀ ਜ਼ਿੰਦਗੀ ਲਈ ਖਾਸ ਦਿਨ ਹੈ, ਅਤੇ 1987 ਵਿੱਚ ਮੈਂ ਵੀ ਤੁਹਾਡੇ ਵਿੱਚੋਂ ਇੱਕ ਸੀ ਜਿਸਨੇ ਕੈਲਗਰੀ ਵਿੱਚ ਕੈਨੇਡੀਅਨ ਨਾਗਰਿਕਤਾ ਦੀ ਸਹੁੰ ਚੁੱਕੀ ਸੀ।"

ਧਾਲੀਵਾਲ ਨੇ ਅੱਗੇ ਕਿਹਾ, "ਕੈਨੇਡੀਅਨ ਨਾਗਰਿਕ ਬਣਨ ਲਈ ਨਾਗਰਿਕਤਾ ਦੀ ਸਹੁੰ ਚੁੱਕਣੀ ਜ਼ਰੂਰੀ ਹੈ, ਪਰ ਸਹੁੰ ਸ਼ਬਦਾਂ ਨਾਲੋਂ ਕਿਤੇ ਵੱਧ ਹੈ"

ਉਨ੍ਹਾਂ ਕਿਹਾ "ਸਹੁੰ ਚੁੱਕਣਾ ਇਹ ਦਰਸਾਉਂਦਾ ਹੈ ਕਿ ਇੱਕ ਨਵਾਂ ਕੈਨੇਡੀਅਨ ਅਜ਼ਾਦ, ਜਮਹੂਰੀ ਅਤੇ ਕੈਨੇਡਾ ਵਿੱਚ ਸਮਾਜਿਕ ਏਕਤਾ, ਖੁੱਲੇਪਨ ਅਤੇ ਪਾਰਦਰਸ਼ਤਾ ਦੇ ਮੁੱਲ ਨੂੰ ਗ੍ਰਹਿਣ ਕਰਦਾ ਹੈ। ਜਦੋਂ ਵਿਅਕਤੀ ਨਾਗਰਿਕਤਾ ਦੀ ਸਹੁੰ ਚੁੱਕਦੇ ਹਨ, ਤਾਂ ਉਹ ਕੈਨੇਡਾ ਦੇ ਕਾਨੂੰਨਾਂ ਦੀ ਵਫ਼ਾਦਾਰੀ ਨਾਲ ਪਾਲਣਾ ਕਰਨ ਅਤੇ ਪੂਰਾ ਕਰਨ ਲਈ ਇੱਕ ਵਾਅਦਾ ਕਰਦੇ ਹਨ। ਕੈਨੇਡੀਅਨ ਨਾਗਰਿਕ ਵਜੋਂ ਮੈਂ ਤੁਹਾਡਾ ਸੁਆਗਤ ਕਰਦਾ ਹਾਂ ਅਤੇ ਮੈਂ ਤੁਹਾਡੀ ਚੰਗੀ ਸਿਹਤ, ਸਫਲਤਾ ਅਤੇ ਤੁਹਾਡੇ ਚੰਗੇ ਭਵਿੱਖ ਦੀ ਕਾਮਨਾ ਕਰਦਾ ਹਾਂ।"

ਮਿਲਰ ਨੇ ਕਿਹਾ ਕਿ ਨਵਾਂ ਕੈਨੇਡੀਅਨ ਹੋਣ ਦਾ ਮਤਲਬ ਹੈ ਸਾਡੀ ਕਮਿਊਨਿਟੀ ਵਿੱਚ ਸ਼ਾਮਲ ਹੋਣਾ।

ਮਿਲਰ ਨੇ ਕਿਹਾ, "ਮੈਂ ਸਾਰੇ ਕੈਨੇਡੀਅਨਾਂ ਨੂੰ ਨਵੇਂ ਸਾਥੀ ਨਾਗਰਿਕਾਂ ਦਾ ਸੁਆਗਤ ਕਰਨ ਅਤੇ ਉਹਨਾਂ ਨੂੰ ਸਾਡੇ ਭਾਈਚਾਰਿਆਂ ਵਿੱਚ ਹੋਰ ਏਕੀਕ੍ਰਿਤ ਕਰਨ ਵਿੱਚ ਮਦਦ ਕਰਨ ਲਈ ਉਤਸ਼ਾਹਿਤ ਕਰਦਾ ਹਾਂ।"ਤੁਸੀਂ ਇੱਥੇ ਇੱਕ ਦ੍ਰਿਸ਼ਟੀਕੋਣ, ਇੱਕ ਦ੍ਰਿਸ਼ਟੀਕੋਣ, ਇੱਕ ਸੁਪਨੇ ਦੇ ਨਾਲ ਆਏ ਹੋ, ਅਤੇ ਕੈਨੇਡਾ ਨੂੰ ਬਿਹਤਰ ਬਣਾਉਣਾ ਹੈ। ਜ਼ਿਕਰਯੋਗ ਹੈ ਕਿ ਕੈਨੇਡਾ ਵਿੱਚ ਹਰ ਸਾਲ ਸਿਟੀਜ਼ਨਸ਼ਿਪ ਹਫ਼ਤਾ 13 ਤੋਂ 19 ਮਈ ਤੱਕ ਚੱਲਦਾ ਹੈ। This report was written by Ishpreet Kaur as part of the Local Journalism Initiative.

# ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਦੇ ਸਾਬਕਾ ਪ੍ਰਧਾਨ ਭਾਈ ਮਹਿੰਦਰ ਸਿੰਘ ਗਿੱਲ ਨਹੀਂ ਰਹੇ

ਸਰੀ : ਐਬਟਸਫੋਰਡ ਦੇ ਸਿੱਖ ਭਾਈਚਾਰੇ ਦੀ ਜਾਣੀ-ਪਛਾਣੀ ਸ਼ਖਸੀਅਤ ਭਾਈ ਮਹਿੰਦਰ ਸਿੰਘ ਗਿੱਲ 14 ਮਈ ਦੀ ਰਾਤ ਨੂੰ ਚੜ੍ਹਾਈ ਕਰ ਗਏ ਹਨ। ਭਾਈ ਗਿੱਲ ਐਬਟਸਫੋਰਡ ਦੇ ਖਾਲਸਾ ਦੀਵਾਨ ਸੁਸਾਇਟੀ ਗੁਰਦੁਆਰਾ ਸਾਹਿਬ ਦੇ 1982 ਦੌਰਾਨ ਪਹਿਲੀ ਵਾਰ ਪ੍ਰਧਾਨ ਬਣੇ ਅਤੇ ਸਮੇਂ ਸਮੇਂ ਅਗਵਾਈ ਕਰਦੇ ਰਹੇ। ਉਹਨਾਂ ਦੀ ਉਮਰ ਕਰੀਬ 91 ਸਾਲ ਦੀ ਸੀ। ਪਰਿਵਾਰਕ ਸੂਤਰਾਂ ਨੇ ਦੱਸਿਆ ਕਿ ਉਹ ਪਿਛਲੇ ਡੇਢ ਕੁ ਮਹੀਨੇ ਤੋਂ ਬਿਮਾਰ ਸਨ। ਉਹਨਾਂ ਦਾ ਪਿਛਲਾ ਪਿੰਡ ਨੱਥੋਵਾਲ ਜਦੀਦ, ਨੇੜੇ ਮਹਿਣਾ ਸੀ ਅਤੇ ਸਨ 1960 ਦੇ ਵਿੱਚ ਕੈਨੇਡਾ ਆਏ ਸਨ। ਭਾਈ ਮਹਿੰਦਰ ਸਿੰਘ ਗਿੱਲ ਆਪਣੇ ਪਿੱਛੇ ਦੋ ਪੁੱਤਰ ਇੱਕ ਧੀਆਂ ਦਾ ਵੱਡਾ ਪਰਿਵਾਰ ਛੱਡ ਗਏ ਹਨ ਉਹਨਾਂ ਦੇ ਵਿਛੋੜੇ 'ਤੇ ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਹੈ।



# ਇੰਡੀਅਨ ਐਕਸ ਸਰਵਿਸਮੈਨ ਸੁਸਾਇਟੀ ਬੀ.ਸੀ. ਦੀ ਸਲਾਨਾ ਜਨਰਲ ਬਾਡੀ ਮੀਟਿੰਗ 20 ਮਈ ਨੂੰ

ਸਰੀ:ਇੰਡੀਅਨ ਐਕਸ ਸਰਵਿਸਮੈਨ ਸੁਸਾਇਟੀ ਬੀ ਸੀ ਦੀ ਸਲਾਨਾ ਜਨਰਲ ਬਾਡੀ ਮੀਟਿੰਗ 20 ਮਈ ਦਿਨ ਸੋਮਵਾਰ ਸਵੇਰੇ 11.30 ਵਜੇ ਇੰਡੋ ਕਨੇਡੀਅਨ ਸੀਨੀਅਰਜ ਸਿਟੀਜਨ ਸੈਂਟਰ #200-7050-122 ਸਟਰੀਟ ਸਰੀ, ਬੀ ਸੀ ਵਿਖੇ ਹੋਵੇਗੀ।ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਮੀਟਿੰਗ ਵਿਚ ਹੁੰਮ ਹੁਮਾ ਕੇ ਪਹੁੰਚੋ।ਜੋ ਸਾਹਿਬਾਨ ਇਸਦੇ ਮੈਂਬਰ ਬਣਨਾ ਚਾਹੁੰਦੇ ਹਨ, ਉਹ ਵੀ ਸ਼ਾਮਲ ਹੋ ਸਕਦੇ ਹਨ।ਹੋਰ ਜਾਣਕਾਰੀ ਲਈ 604-501-3939 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਬੇਘਰੇ ਬਜ਼ੁਰਗਾਂ ਲਈ ਕਲੋਨਾ ਵਿੱਚ ਖੁੱਲ੍ਹੀ ਨਵੀਂ ਰਿਹਾਇਸ਼ ਦੀਆਂ 60 ਯੂਨਿਟਾਂ



ਸਰੀ, (ਇਸ਼ਪ੍ਰੀਤ ਕੌਰ): ਕਲੋਨਾ ਦੇ ਟ੍ਰੇਲਸਾਈਡ ਵਿੱਚ ਮਈ 15 ਨੂੰ ਬੇਘਰੇ ਅਤੇ ਬੇਆਸਰਾ ਬਜ਼ੁਰਗਾਂ ਲਈ ਨਵੀਂ ਰਿਹਾਇਸ਼ਾਂ ਖੋਲੀਆਂ ਗਈਆਂ ਹਨ।

ਇਥੇ ਨਵੀਆਂ 60-ਯੂਨਿਟ ਰਿਹਾਇਸ਼ੀ ਸਾਈਟਾਂ ਦਾ ਪ੍ਰਬੰਧ ਕੀਤਾ ਗਿਆ ਜਿਥੇ 55 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਕੇਲੋਨਾ ਬਜ਼ੁਰਗਾਂ ਦੇ ਰਹਿਣ ਦਾ ਪ੍ਰਬੰਧ ਕੀਤਾ ਜਾਵੇਗਾ ਜੋ ਬੇਘਰ ਹੋ ਚੁੱਕੇ ਹਨ ਜਾਂ ਜੋ ਬੇਆਸਰਾ ਹਨ। ਅਜਿਹੇ ਲੋਕਾਂ ਨੂੰ ਮੁੜ ਪੈਰਾਂ 'ਤੇ ਵਾਪਸ ਆਉਣ ਲਈ ਸਹਾਇਤਾ ਵੀ ਕੀਤੀ ਜਾਵੇਗੀ। ਸਾਈਟ ਦੀ ਨਿਗਰਾਨੀ ਟਰਨਿੰਗ ਪੁਆਇੰਟਸ ਕੋਲਾਬੋਰੇਟਿਵ ਸੁਸਾਇਟੀ ਦੁਆਰਾ ਕੀਤੀ ਜਾਵੇਗੀ।

ਖੇਤਰੀ ਨਿਰਦੇਸ਼ਕ ਤਾਰਾ ਟਸ਼ਿਟਰ ਨੇ ਕਿਹਾ ਕਿ ਪ੍ਰੋਗਰਾਮ ਲਈ 40 ਤੋਂ ਵੱਧ ਨਿਵਾਸੀ ਪਹਿਲਾਂ ਹੀ ਚੁਣੇ ਜਾ ਚੁੱਕੇ ਹਨ ਅਤੇ ਉਹ ਬਾਕੀ ਕਮਰਿਆਂ ਲਈ ਇੰਟਰਵਿਊ ਜਾਰੀ ਰੱਖ ਰਹੇ ਹਨ।

ਇੱਕ ਬੁਲਾਰੇ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਥੇ ਪ੍ਰਤੀ ਦਿਨ ਦੋ ਸਮੇਂ ਦਾ ਭੋਜਨ ਵੀ ਦਿੱਤਾ ਜਾਵੇਗਾ ਅਤੇ ਇਥੇ ਰਹਿਣ ਵਾਲੇ ਵਸਨੀਕਾਂ ਲਈ ਆਪਣਾ ਭੋਜਨ ਆਪ ਤਿਆਰ ਲਈ ਜਗ੍ਹਾ ਵੀ ਹੋਵੇਗੀ।

ਉਨ੍ਹਾਂ ਦੱਸਿਆ ਕਿ ਰੇਲ ਟ੍ਰੇਲ ਤੱਕ ਪਹੁੰਚਾ ਇਥੋਂ ਆਸਾਨ ਹੈ ਅਤੇ ਵਾਲਮਾਰਟ ਲਈ ਇਥੋਂ ਲਗਭਗ 15-ਮਿੰਟ ਦਾ ਪੈਦਲ ਰਸਤਾ ਹੈ।

ਪ੍ਰਬੰਧਕ ਟਸ਼ਿਟਰ ਨੇ ਕਿਹਾ "ਮੈਂ ਉਨ੍ਹਾਂ ਲੋਕਾਂ ਨਾਲ ਕੰਮ ਕਰਨ ਲਈ ਉਤਸ਼ਾਹਿਤ ਹਾਂ ਜਿਨ੍ਹਾਂ ਦੀ ਅਸੀਂ ਸੇਵਾ ਕਰਨ ਦੇ ਯੋਗ ਹੋਵਾਂਗੇ। ਸਾਡੇ ਕੋਲ ਅਜਿਹੇ ਵਿਅਕਤੀ ਹਨ ਜੋ 55 ਤੋਂ ਤੋਂ ਲੈ ਕੇ 80 ਸਾਲ ਤੋਂ ਵੱਧ ਉਮਰ ਦੇ ਹੁੰਦੇ ਹਨ ਇਹ ਅਸਲ ਵਿੱਚ ਮਹੱਤਵਪੂਰਨ ਕੰਮ ਹੈ ਜੋ ਅਸੀਂ ਆਪਣੇ ਭਾਈਚਾਰੇ ਦੀ ਸੇਵਾ ਲਈ ਕਰ ਰਹੇ ਹਾਂ।" This report was written by Ishpreet Kaur as part of the Local Journalism Initiative.



# ਕਲੋਨਾ ਵਾਸੀ ਕ੍ਰੈਡਿਟ ਕਾਰਡ ਤੋਂ ਕਰਜ਼ੇ ਲੈਣ ਲਈ ਕੈਨੇਡਾ ਭਰ ਵਿਚੋਂ 5ਵੇਂ ਸਥਾਨ 'ਤੇ

## ਕਲੋਨਾ ਵਾਸੀਆਂ 'ਤੇ ਪ੍ਰਤੀ ਵਿਅਕਤੀ ਔਸਤ ਬਕਾਇਆ $3,394 ਦੇ ਬਰਾਬਰ



**ਸਰੀ, (ਇਸ਼ਪ੍ਰੀਤ ਕੌਰ):** Money.ca ਵਲੋਂ ਇੱਕ ਵਿੱਤੀ ਵਿਸ਼ਲੇਸ਼ਣ ਦੇ ਅਨੁਸਾਰ, ਕੈਲੋਨਾ ਵਾਸੀਆਂ 'ਤੇ ਕੈਨੇਡਾ ਦੇ ਕ੍ਰੈਡਿਟ ਕਾਰਡ ਕਰਜ਼ੇ ਦੀ ਰੈਂਕਿੰਗ ਵਿੱਚ ਪੰਜਵੇਂ ਸਥਾਨ 'ਤੇ ਪਹੁੰਚ ਗਈ ਹੈ।

ਕਲੋਨਾ ਵਾਸੀਆਂ 'ਤੇ ਪ੍ਰਤੀ ਵਿਅਕਤੀ ਔਸਤ ਬਕਾਇਆ ਬਕਾਇਆ $3,394 ਹੈ। ਇਹ ਸਰਵੇਖਣ ਵੱਖ-ਵੱਖ ਮੈਟਰੋਪੋਲੀਟਨ ਖੇਤਰਾਂ ਵਿੱਚ ਦੇਸ਼ ਦੀਆਂ ਕ੍ਰੈਡਿਟ ਕਾਰਡਾਂ ਵਿੱਚ ਇੱਕ ਵਿਆਪਕ ਅਧਿਐਨ ਦਾ ਹਿੱਸਾ ਹੈ।

ਓਨਟਾਰੀਓ ਦੇ ਸ਼ਹਿਰ ਬੈਰੀ ਵਿੱਚ ਪ੍ਰਤੀ ਵਿਅਕਤੀ ਸਭ ਤੋਂ ਵੱਧ ਔਸਤ ਕ੍ਰੈਡਿਟ ਕਾਰਡ ਕਰਜ਼ਾ ਹੈ ਜਿਥੇ $3,521 ਪ੍ਰਤੀ ਵਿਅਕਤੀ ਕਰਜ਼ੇ ਹੇਠ ਹੈ। ਉਸ ਤੋਂ ਬਾਅਦ ਸੇਂਟ ਜੌਨਜ਼, ਨਿਊਫਾਊਂਡਲੈਂਡ ($3,451), ਟੋਰਾਂਟੋ ($3,428), ਅਤੇ ਪੀਟਰਬਰੋ, ਓਨਟਾਰੀਓ ($3,405), ਚੋਟੀ ਦੇ ਪੰਜ ਸ਼ਹਿਰ ਹਨ।

Money.ca ਦੇ ਸੀਨੀਅਰ ਸੰਪਾਦਕ ਰੋਮਾਨਾ ਕਿੰਗ ਦੇ ਅਨੁਸਾਰ, ਰਹਿਣ-ਸਹਿਣ ਦੀਆਂ ਲਾਗਤਾਂ ਵਿੱਚ ਵਾਧੇ ਨੇ ਬਹੁਤ ਸਾਰੇ ਕੈਨੇਡੀਅਨਾਂ ਦੀ ਵਿੱਤੀ ਚੁਣੌਤੀਆਂ ਨੂੰ ਬੁਰੀ ਤਰ੍ਹਾਂ ਸੱਟ ਮਾਰੀ ਹੈ ਜਿਸ ਲਈ ਲੋਕ ਕ੍ਰੈਡਿਟ ਕਾਰਡਾਂ ਦਾ ਸਹਾਰਾ ਲੈਣ ਲਈ ਮਜ਼ਬੂਰ ਹੋਏ ਅਤੇ ਹੁਣ ਡੂੰਘੇ ਕਰਜ਼ੇ ਦੇ ਸੰਕਟ ਵੱਲ ਜਾ ਰਹੇ ਹਨ।

ਕਿੰਗ ਨੇ ਕਿਹਾ "ਜ਼ਿਆਦਾਤਰ ਲੋਕ ਕ੍ਰੈਡਿਟ ਦੇ ਥੋੜ੍ਹੇ ਸਮੇਂ ਦੇ ਰੂਪਾਂ ਦੀ ਵਰਤੋਂ ਕਰਨ ਵਜੋਂ ਵਰਤਦੇ ਹਨ, ਜਿਵੇਂ ਕਿ ਕ੍ਰੈਡਿਟ ਕਾਰਡ, ਤਤਕਾਲ ਨਕਦੀ ਦੇ ਦਿੰਦਾ ਹੈ ਪਰ ਲੋਕਾਂ ਨੂੰ ਇਸ ਤੋਂ ਲਿਆ ਕਰਜ਼ਾ ਵਾਪਸ ਕਰਨਾ ਮੁਸ਼ਕਲ ਹੋ ਜਾਂਦਾ ਹੈ ਅਤੇ ਉਹ ਇਸੇ ਤਰ੍ਹਾਂ ਹੌਲੀ ਹੌਲੀ ਵੱਧਦਾ ਹੀ ਰਹਿੰਦਾ ਹੈ।

ਕਿੰਗ ਨੇ ਕਿਹਾ, "ਕਿਸੇ ਨੂੰ ਵੀ ਫਜ਼ੂਲ ਖਰਚੀ ਲਈ ਕ੍ਰੈਡਿਟ ਕਾਰਡ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਇਸ ਨੂੰ ਵਰਤਣਾ ਗਲਤ ਨਹੀਂ ਹੈ ਪਰ ਸਹੀ ਢੰਗ ਨਾਲ ਨਾ ਵਰਤਣਾ ਵੱਡੀ ਸਮੱਸਿਆ ਖੜੀ ਕਰ ਸਦਾ ਹੈ। ਕੈਡਿਟ ਕਾਰਡਾਂ ਤੋਂ ਲਏ ਕਰਜ਼ੇ ਨੂੰ ਮੋੜ ਲਈ ਇਹ ਗੱਲ ਬਹੁਤ ਜ਼ਰੂਰੀ ਹੈ ਕਿ ਤੁਸੀਂ ਉਧਾਰ ਲਏ ਪੈਸੇ ਨੂੰ ਕਿਵੇਂ ਵਾਪਸ ਕਰੋਗੇ ਇਸ ਬਾਰੇ ਇੱਕ ਯੋਜਨਾ ਬਣਾ ਲੈਣੀ ਚਾਹੀਦੀ ਹੈ। This report was written by Ishpreet Kaur as part of the Local Journalism Initiative.

# ਭਾਈ ਹਰਦੀਪ ਸਿੰਘ ਨਿੱਝਰ ਕਤਲ ਮਾਮਲੇ ਵਿੱਚ ਚੌਥੇ ਦੋਸ਼ੀ ਦੀ ਹੋਈ ਪੇਸ਼ੀ

## ਚਾਰੋਂ ਦੋਸ਼ੀਆਂ ਦੀ ਅਗਲੀ ਪੇਸ਼ੀ 21 ਮਈ ਨੂੰ



ਸਰੀ, (ਪਰਮਜੀਤ ਸਿੰਘ): ਸਰੀ ਗੁਰਦੁਆਰੇ ਦੇ ਪਾਰਕਿੰਗ ਲੌਟ ਵਿੱਚ ਸ਼ਹੀਦ ਕੀਤੇ ਗਏ ਭਾਈ ਹਰਦੀਪ ਸਿੰਘ ਨਿੱਝਰ ਦੇ ਮਾਮਲੇ ਵਿੱਚ ਚੌਥੇ ਵਿਅਕਤੀ ਓਨਟਾਰੀਓ ਤੋਂ ਫੋਨ ਕਾਲਿੰਗ ਰਾਹੀਂ 15 ਮਈ ਨੂੰ ਸਰੀ ਪ੍ਰੋਵਿੰਸ਼ੀਅਲ ਕੋਰਟ ਵਿੱਚ ਪੇਸ਼ ਹੋਇਆ।

ਜੱਜ ਮਾਰਕ ਜੇਟ ਨੇ ਦੱਸਿਆ ਕਿ , "ਸਾਡੀ ਅਦਾਲਤ ਅਤੇ ਓਨਟਾਰੀਓ ਦੀਆਂ ਅਦਾਲਤਾਂ ਦਰਮਿਆਨ ਤਕਨੀਕੀ ਕਾਰਨਾਂ ਕਰਕੇ ਵੀਡੀਓ ਕਾਨਫਰੰਸ ਰਾਹੀਂ ਪੇਸ਼ੀ ਨਹੀਂ ਹੋ ਸਕੀ।

ਉਨ੍ਹਾਂ ਕਿਹਾ ਕਿ ਓਨਟਾਰੀਓ ਕੋਰਟ ਸਿਸਟਮ ਸਾਡੇ ਨਾਲੋਂ ਵੱਖਰੇ ਮੈਸੇਜਿੰਗ ਸਿਸਟਮ ਦੀ ਵਰਤੋਂ ਕਰਦੇ ਹਨ। ਬ੍ਰਿਟਿਸ਼ ਕੋਲੰਬੀਆ ਮਾਈਕਰੋਸਾਫਟ ਦੀ ਵਰਤੋਂ ਕਰਦੇ ਹਨ ਜਦੋਂ ਕਿ ਓਨਟਾਰੀਓ ਕੋਰਟ ਜ਼ੂਮ ਦੀ ਵਰਤੋਂ ਕਰਦਾ ਹੈ ਜਿਸ ਕਾਰਨ ਵੀਡੀਓ ਦੀ ਥਾਂ ਆਡੀਓ ਰਾਹੀਂ ਹੀ ਦੋਸ਼ੀ ਨੂੰ ਪੇਸ਼ ਕੀਤਾ ਗਿਆ।

ਚੌਥੇ ਦੋਸ਼ੀ ਅਮਨਦੀਪ ਸਿੰਘ (22) 'ਤੇ 18 ਜੂਨ, 2023 ਨੂੰ ਬਾਈ ਨਿੱਝਰ ਦੀ ਹੱਤਿਆ ਦੇ ਸਬੰਧ ਵਿੱਚ ਫਰਸਟ ਡਿਗਰੀ ਕਤਲ ਅਤੇ ਕਤਲ ਦੀ ਸਾਜਸ਼ਿ ਰਚਣ ਦਾ ਦੋਸ਼ ਹੈ।

ਉਸਨੂੰ 11 ਮਈ ਨੂੰ ਏਕੀਕ੍ਰਿਤ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਦੁਆਰਾ ਗ੍ਰਿਫਤਾਰ ਕੀਤਾ ਗਿਆ ਸੀ ਤਾਂ ਉਹ ਓਨਟਾਰੀਓ ਵਿੱਚ ਪੀਲ ਰੀਜਨਲ ਪੁਲਿਸ ਤੋਂ ਗੈਰ-ਸੰਬੰਧਿਤ ਹਥਿਆਰਾਂ ਦੇ ਦੋਸ਼ਾਂ ਲਈ ਉਸ ਸਮੇਂ ਪਹਿਲਾਂ ਹੀ ਹਿਰਾਸਤ ਵਿੱਚ ਸੀ।

ਅਮਨਦੀਪ ਸਿੰਘ ਇੱਕ ਭਾਰਤੀ ਨਾਗਰਿਕ ਹੈ ਜੋ ਇਸ ਸਮੇਂ ਬਰੈਂਪਟਨ ਹੈ ਅਤੇ ਇਸ ਤੋਂ ਪਹਿਲਾਂ ਸਰੀ ਅਤੇ ਐਬਟਸਫੋਰਡ ਵਿੱਚ ਰਹਿ ਚੁੱਕਾ ਹੈ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਐਡਮਿੰਟਨ ਤੋਂ ਤਿੰਨ ਹੋਰ ਸ਼ੱਕੀਆਂ ਨੂੰ ਪਹਿਲਾਂ ਹੀ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਨ੍ਹਾਂ 'ਤੇ ਹੱਤਿਆ ਦਾ ਦੋਸ਼ ਲਗਾਇਆ ਗਿਆ ਸੀ। ਕਰਨ ਬਰਾੜ (22), ਕਮਲਪ੍ਰੀਤ ਸਿੰਘ (22) ਅਤੇ ਕਰਨਪ੍ਰੀਤ ਸਿੰਘ (28) 'ਤੇ ਵੀ ਫਰਸਟ ਡਿਗਰੀ ਕਤਲ ਅਤੇ ਕਤਲ ਦੀ ਸਾਜਸ਼ਿ ਰਚਣ ਦੇ ਦੋਸ਼ ਹਨ।

ਚਾਰਾਂ ਦੀ ਅਗਲੀ ਪੇਸ਼ੀ 21 ਮਈ ਨੂੰ ਹੋਣੀ ਹੈ, ਅਮਨਦੀਪ ਸਿੰਘ ਨਾਲ ਦੁਬਾਰਾ ਫ਼ੋਨ ਰਾਹੀਂ ਅਤੇ ਬਾਕੀ ਤਿੰਨਾਂ ਨੂੰ ਬੀ.ਸੀ. ਦੇ ਅੰਦਰ ਵੀਡੀਓ ਰਾਹੀਂ ਪੇਸ਼ ਕੀਤਾ ਜਾਵੇਗਾ।

# ਸਕੂਲਾਂ ਵਿੱਚ ਮਿਲੇਗੀ ਚਾਈਲਡ ਕੇਅਰ ਦੀ ਸਹੂਲਤ, ਕਈ ਜ਼ਿਲ੍ਹਿਆਂ ਵਿੱਚ ਸ਼ੁਰੂ ਕੀਤਾ ਨਵਾਂ ਪ੍ਰੋਗਰਾਮ




ਸਰੀ, (ਇਸ਼ਪ੍ਰੀਤ ਕੌਰ ): ਬੀ. ਸੀ. ਸਰਕਾਰ ਸਕੂਲਾਂ ਵਿੱਚ ਸਵੇਰ ਅਤੇ ਦੁਪਹਿਰ ਦੇ ਸਮੇਂ ਲਈ ਚਾਈਲਡ ਕੇਅਰ ਪ੍ਰੋਗਰਾਮ ਸ਼ੁਰੂ ਕਰਨ ਜਾ ਰਹੀ ਹੈ, ਪਰ ਨਵੇਂ ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਸਿਰਫ ਕੁਝ ਭਾਈਚਾਰੇ ਸ਼ਾਮਲ ਕੀਤੇ ਜਾ ਸਕਣਗੇ।

ਪਹਿਲਕਦਮੀ ਦੀ ਸ਼ੁਰੂਆਤ ਚਿਲੀਵੈਕ, ਨਨੈਮੋ-ਲੇਡੀਸਮਿਥ ਅਤੇ ਨੇਚਾਕੋ ਲੇਕਸ ਜ਼ਿਲ੍ਹਿਆਂ ਦੇ ਸਕੂਲ ਵਿੱਚ ਹੋਵੇਗੀ। ਪ੍ਰੋਵਿੰਸ ਨੇ ਪ੍ਰੋਗਰਾਮ ਵਿੱਚ ਦੋ ਸਾਲਾਂ ਵਿੱਚ $2 ਮਿਲੀਅਨ ਖਰਚ ਕਰਨ ਦਾ ਵਾਅਦਾ ਕੀਤਾ ਹੈ, ਜਿਸ ਵਿੱਚ ਤਿੰਨ ਜ਼ਿਲ੍ਹਿਆਂ ਵਿੱਚ 180 ਨਵੇਂ ਲਾਇਸੰਸਸ਼ੁਦਾ ਚਾਈਲਡ-ਕੇਅਰ ਸਪੇਸ ਸ਼ਾਮਲ ਕੀਤੇ ਜਾਣਗੇ।

ਬੀਤੇ ਦਿਨੀਂ ਵਿਕਟੋਰੀਆ ਦੇ ਜਾਰਜ ਜੇ ਐਲੀਮੈਂਟਰੀ ਸਕੂਲ ਵਿੱਚ ਪ੍ਰੀਮੀਅਰ ਡੇਵਿਡ ਈਬੀ ਨੇ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਪੂਰੇ ਸੂਬੇ ਵਿੱਚ ਇਸ ਪ੍ਰੋਗਰਾਮ ਦਾ ਵਿਸਥਾਰ ਕਰਨ ਹੈ।

ਉਨ੍ਹਾਂ ਕਿਹਾ ਕਿ "ਮਾਪਿਆਂ ਲਈ ਇਹ ਚੰਗੀ ਖ਼ਬਰ ਹੈ, ਉਨ੍ਹਾਂ ਦੇ ਬੱਚਿਆਂ ਦੀ ਸਕੂਲ ਤੋਂ ਪਹਿਲਾਂ ਅਤੇ ਬਾਅਦ ਵਿੱਚ ਉਸੇ ਇਮਾਰਤ ਵਿੱਚ ਦੇਖਭਾਲ ਕੀਤੀ ਜਾਵੇਗੀ ਜਿੱਥੇ ਉਹ ਕੇ-12 ਪ੍ਰੋਗਰਾਮ ਵਿੱਚ ਆਪਣੇ ਦਿਨ ਬਿਤਾਉਂਦੇ ਹਨ ਅਸੀਂ ਮਾਪਿਆਂ ਲਈ ਜ਼ਿੰਦਗੀ ਨੂੰ ਥੋੜਾ ਘੱਟ ਤਣਾਅਪੂਰਨ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ।

ਈਬੀ ਨੇ ਕਿਹਾ, ਪ੍ਰੋਗਰਾਮ ਬੱਚਿਆਂ ਦੀ ਦੇਖਭਾਲ ਨੂੰ ਉਹਨਾਂ ਸਾਈਟਾਂ ਵਿੱਚ ਸ਼ਾਮਲ ਕਰਦਾ ਹੈ ਜੋ ਬੱਚਿਆਂ ਲਈ ਬਣਾਈਆਂ ਗਈਆਂ ਸਨ ਅਤੇ ਜਿਨ੍ਹਾਂ ਵਿੱਚ ਪਹਿਲਾਂ ਹੀ ਲੋੜੀਂਦੇ ਕਰਮਚਾਰੀ ਮੌਜੂਦ ਹਨ, ਸੂਬਾ ਮਾਪਿਆਂ ਲਈ ਕਿਫਾਇਤੀ ਦਰਾਂ ਰੱਖਣ ਲਈ ਵਚਨਬੱਧ ਹੈ। ਸਕੂਲਾਂ ਦੀ ਵਰਤੋਂ ਕਰਨ ਨਾਲ ਬੱਚਿਆਂ ਦੀ ਦੇਖਭਾਲ ਦੀਆਂ ਨਵੀਆਂ ਸਹੂਲਤਾਂ ਬਣਾਉਣ ਦੀ ਲੋੜ ਘੱਟ ਜਾਂਦੀ ਹੈ ਅਤੇ ਇਹ ਪ੍ਰੋਗਰਾਮ ਸਿੱਖਿਆ ਸਹਾਇਕਾਂ ਨੂੰ ਉਹਨਾਂ ਬੱਚਿਆਂ ਨਾਲ ਕੰਮ ਕਰਦੇ ਹੋਏ ਫੁੱਲ-ਟਾਈਮ ਕਰਨ ਦੀ ਇਜਾਜ਼ਤ ਦੇਵੇਗਾ ਜਿਨ੍ਹਾਂ ਨੂੰ ਉਹ ਪਹਿਲਾਂ ਹੀ ਜਾਣਦੇ ਹਨ।

ਜਦੋਂ ਪ੍ਰੀਮੀਅਰ ਨੂੰ ਪੁੱਛਿਆ ਗਿਆ ਕਿ ਇਹ ਸਿਰਫ਼ ਕੁਝ ਜ਼ਿਲਿਆਂ ਤੱਕ ਸੀਮਤ ਕਿਉਂ ਰੱਖੀ ਗਈ ਹੈ ਤਾਂ ਪ੍ਰੀਮੀਅਰ ਨੇ ਕਿਹਾ ਕਿ ਚੁਣੇ ਗਏ ਤਿੰਨ ਜ਼ਿਲ੍ਹੇ ਪਤਝੜ ਤੱਕ ਪ੍ਰੋਗਰਾਮ ਨੂੰ ਸ਼ੁਰੂ ਕਰਨ ਲਈ ਤਿਆਰ ਹਨ ਅਤੇ ਸੂਬਾ ਆਪਣੇ ਤਜ਼ਰਬੇ ਦੀ ਵਰਤੋਂ ਕਰਨਾ ਚਾਹੁੰਦਾ ਹੈ।

ਈਬੀ ਨੇ ਪੱਤਰਕਾਰਾਂ ਨੂੰ ਕਿਹਾ, "ਇਸ 'ਤੇ ਸਕੂਲ ਬੋਰਡਾਂ ਨਾਲ ਸਾਡੇ ਕੰਮ ਦੀ ਇਹ ਸਿਰਫ਼ ਸ਼ੁਰੂਆਤ ਹੈ ਅਤੇ ਸਾਡਾ ਟੀਚਾ ਇਸ ਨੂੰ ਪੂਰੇ ਸੂਬੇ ਵਿੱਚ ਲਾਗੂ ਕਰਨਾ ਹੈ।"

ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
EYE GLASSES
CONTACT LENSES
SUNGLASSES
» ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
» ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
» ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
» ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।

BHUPINDER OBEROI
ਸਾਡਾ ਐਡਰੈੱਸ ਨੋਟ ਕਰੋ
Abbotsford #103-2955 Gladwin Rd.
604-864-8803
Surrey (Kwantlen Square)
Unit # 105, 12568-72 Ave, Surrey
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Unit #105, 12568-72 Ave, Surrey
FREE
SIGHT TEST

# ਸੰਤ ਬਾਬਾ ਉੱਤਰ ਦੇਵ ਜੀ ਮਾਹਮਦਪੁਰ ਵਾਲੇ, ਡੇਰਾ ਜੋਤਪੁਰੀ ਮਾਂਗੇਵਾਲ (ਬਰਨਾਲਾ) ਦੀ ਯਾਦ ਵਿੱਚ ਇਲਾਕੇ ਦੀਆਂ ਸਮੂਹ ਸੰਗਤਾਂ ਵੱਲੋਂ ਗੁਰਦੁਆਰਾ ਸਾਹਿਬ ਖ਼ਾਲਸਾ ਦੀਵਾਨ ਸੋਸਾਇਟੀ ਐਬਟਸਫੋਰਡ (ਕੈਨੇਡਾ) ਵਿਖੇ ਲੰਗਰ

ਐਬਟਸਫੋਰਡ, (ਬਰਾੜ-ਭਗਤਾ ਭਾਈ ਕਾ) ਸੰਤ ਬਾਬਾ ਉੱਤਰ ਦੇਵ ਜੀ ਮਾਹਮਦਪੁਰ ਵਾਲੇ, ਡੇਰਾ ਜੋਤਪੁਰੀ ਮਾਂਗੇਵਾਲ (ਬਰਨਾਲਾ) ਦੀ ਯਾਦ ਵਿੱਚ ਇਲਾਕੇ ਦੀਆਂ ਸਮੂਹ ਸੰਗਤਾਂ ਵੱਲੋਂ ਗੁਰਦੁਆਰਾ ਸਾਹਿਬ ਖ਼ਾਲਸਾ ਦੀਵਾਨ ਸੋਸਾਇਟੀ ਐਬਟਸਫੋਰਡ (ਕੈਨੇਡਾ) ਵਿਖੇ ਲੰਗਰ ਕਰਵਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਕੈਨੇਡਾ ਅਤੇ ਅਮਰੀਕਾ ਵੱਸਦੇ ਬਰਨਾਲਾ ਇਲਾਕੇ ਦੀਆਂ ਸਮੂਹ ਸੰਗਤਾਂ ਨੇ ਗੁਰੂਘਰ ਪਹੁੰਚ ਕੇ ਗੁਰੂ ਗ੍ਰੰਥ ਸਾਹਿਬ ਨੂੰ ਨਮਸਕਾਰ ਕਰਨ ਉਪਰੰਤ ਸੰਤ ਬਾਬਾ ਉੱਤਰ ਦੇਵ ਜੀ ਦੀ ਯਾਦ ਨੂੰ ਤਾਜ਼ਾ ਕਰਦਿਆਂ ਲੰਗਰ ਦੀ ਸੇਵਾ ਕੀਤੀ। ਇਸ ਤੋਂ ਇਲਾਵਾ ਐਨ ਡੀ ਸਿੱਧੂ, ਦੇਵ ਸਿੱਧੂ, ਮਨਜੀਤ ਸਿੰਘ ਸੋਹੀ, ਮਾਈਕ ਡੀ ਜੌਂਗ, ਵਪਾਰੀ ਵਰਗ, ਖੇਡ ਸੰਸਥਾਵਾਂ ਦੇ ਨੁਮਾਇੰਦਿਆਂ ਅਤੇ ਇਲਾਕੇ ਦੇ ਕਈ ਮੋਹਤਬਰ ਵਿਅਕਤੀਆਂ ਨੇ ਹਾਜਰੀ ਭਰੀ। ਲੰਗਰ ਮੌਕੇ ਪਹੁੰਚੀਆਂ ਸਮੂਹ ਸੰਗਤਾਂ ਦਾ ਕੁਲਵੰਤ ਸਿੰਘ ਬਾਪਲਾ ਨੇ ਤਹਿ ਦਿਲੋਂ ਧੰਨਵਾਦ ਕੀਤਾ।





















# ਲਿਬਰਲ ਸਰਕਾਰ ਨੇ ਭਾਰਤੀ ਕੰਪਨੀ ਇਨਫੋਸਿਸ ‘ਤੇ ਲਗਾਇਆ 1.34 ਲੱਖ ਡਾਲਰ ਜੁਰਮਾਨਾ




ਸਰੀ, (ਇਸ਼ਪ੍ਰੀਤ ਕੌਰ): ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਹੇਠ ਲਿਬਰਲ ਸਰਕਾਰ ਨੇ ਭਾਰਤੀ ਕੰਪਨੀ ਇਨਫੋਸਿਸ ਖਿਲਾਫ ਵੱਡੀ ਕਾਰਵਾਈ ਕੀਤੀ ਹੈ। ਦੱਸਿਆ ਜਾ ਰਿਹਾ ਹੈ ਕਿ ਕਰਮਚਾਰੀ ਹੈਲਥ ਟੈਕਸ (ਈ.ਐਚ.ਟੀ.) ਦੀ ਘੱਟ ਅਦਾਇਗੀ ਕਾਰਨ ਇਹ ਕਾਰਵਾਈ ਕੀਤੀ ਗਈ ਹੈ ਅਤੇ ਕੰਪਨੀ 'ਤੇ ਸਾਲ 2020 ਲਈ ਜੁਰਮਾਨਾ ਲਗਾਇਆ ਗਿਆ ਹੈ। ਇਨਫੋਸਿਸ ਨੂੰ 9 ਮਈ ਨੂੰ ਕੈਨੇਡਾ ਦੇ ਵਿੱਤ ਮੰਤਰਾਲੇ ਤੋਂ ਇਸ ਸਬੰਧ ਵਿਚ ਇਕ ਆਦੇਸ਼ ਮਿਲਿਆ ਸੀ।

ਕੰਪਨੀ ਨੇ ਸਟਾਕ ਐਕਸਚੇਂਜ ਨੂੰ ਦਿੱਤੀ ਇੱਕ ਸੂਚਨਾ ਵਿੱਚ ਕਿਹਾ ਹੈ ਕਿ “31 ਦਸੰਬਰ, 2020 ਨੂੰ ਖਤਮ ਹੋਏ ਸਾਲ ਲਈ ਕਰਮਚਾਰੀ ਸਿਹਤ ਟੈਕਸ ਦੇ ਕਥਿਤ ਘੱਟ ਭੁਗਤਾਨ 'ਤੇ ਜੁਰਮਾਨਾ ਲਗਾਇਆ ਗਿਆ ਹੈ।” ਜਾਣਕਾਰੀ ਅਨੁਸਾਰ ਕੰਪਨੀ 'ਤੇ 1,34,822.38 ਕੈਨੇਡੀਅਨ ਡਾਲਰ ਦਾ ਜੁਰਮਾਨਾ ਲਗਾਇਆ ਗਿਆ ਹੈ। ਖਾਸ ਗੱਲ ਇਹ ਹੈ ਕਿ ਇਨਫੋਸਿਸ ਕੰਪਨੀ ਦੀ ਕੈਨੇਡਾ ਵਿੱਚ ਮਹੱਤਵਪੂਰਨ ਮੌਜੂਦਗੀ ਹੈ। ਇੰਫੋਸਿਸ ਦੇ ਦੇਸ਼ ਵਿਚ ਕਈ ਥਾਵਾਂ 'ਤੇ ਦਫਤਰ ਹਨ, ਜਿਨ੍ਹਾਂ ਵਿਚ ਬ੍ਰਿਟਿਸ਼ ਕੋਲੰਬੀਆ ਦੇ ਅਲਬਰਟਾ, ਮਿਸੀਸਾਗਾ, ਬਰਨਬੀ ਵੀ ਸ਼ਾਮਲ ਹੈ। ਇਸ ਤੋਂ ਇਲਾਵਾ ਓਨਟਾਰੀਓ ਵਿੱਚ ਇੱਕ ਦਫ਼ਤਰ ਮੌਜੂਦ ਹੈ।

ਕੁਝ ਸੂਬਿਆਂ ਵਿੱਚ, ਜਿਵੇਂ ਕਿ ਓਨਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ, ਕਰਮਚਾਰੀ ਸਿਹਤ ਟੈਕਸ ਰੁਜ਼ਗਾਰਦਾਤਾਵਾਂ ਲਈ ਇੱਕ ਲੋੜੀਂਦਾ ਟੈਕਸ ਹੈ। ਇਸਦੀ ਗਣਨਾ ਕਈ ਚੀਜ਼ਾਂ ਜਿਵੇਂ ਕਿ ਤਨਖਾਹ, ਬੋਨਸ, ਟੈਕਸਯੋਗ ਲਾਭ ਅਤੇ ਕਰਮਚਾਰੀ ਦੁਆਰਾ ਪ੍ਰਾਪਤ ਸਟਾਕ 'ਤੇ ਕੀਤੀ ਜਾਂਦੀ ਹੈ। ਇਸਦਾ ਸਭ ਤੋਂ ਵੱਡਾ ਉਦੇਸ਼ ਸੂਬੇ ਵਿੱਚ ਸਿਹਤ ਸੰਭਾਲ ਸੇਵਾਵਾਂ ਲਈ ਫੰਡਿੰਗ ਦਾ ਸਮਰਥਨ ਕਰਨਾ ਹੈ। This report was written by Ishpreet Kaur as part of the Local Journalism Initiative.

# ਓਕਾਨਾਗਨ ਵਿੱਚ ਹਿੰਸਕ ਵਾਰਦਾਤਾਂ ਵਿੱਚ ਦੋਗੁਣਾ ਵਾਧਾ, ਮਾਪੇ ਬੱਚਿਆਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ

## ਘਟਨਾ ਨੂੰ ਅੰਜ਼ਾਮ ਦੇਣ ਲਈ ਅਪਰਾਧੀ ਵਰਤ ਰਹੇ ਹਨ ਬੀਅਰ ਸਪ੍ਰੇਅ



ਸਰੀ, (ਪਰਮਜੀਤ ਸਿੰਘ): ਕੇਂਦਰੀ ਓਕਾਨਾਗਨ ਵਿੱਚ ਪਿਛਲੇ ਕੁਝ ਸਾਲਾਂ ਵਿੱਚ ਨੌਜਵਾਨਾਂ ‘ਤੇ ਦੀ ਹਿੰਸਾ ਦੁੱਗਣੀ ਤੋਂ ਵੀ ਵੱਧ ਹੋ ਗਈ ਹੈ, ਜਿਸ ਨਾਲ ਮਾਪੇ ਆਪਣੇ ਬੱਚਿਆਂ ਦੀ ਸੁਰੱਖਿਆ ਲਈ ਚਿੰਤਤ ਹਨ ਕਿਉਂਕਿ ਪੁਲਿਸ ਅਤੇ ਸਕੂਲ ਅਧਿਕਾਰੀ ਹੈਰਾਨ ਕਰਨ ਵਾਲੇ ਵਾਧੇ ਨੂੰ ਰੋਕਣ ਲਈ ਕੜੀ ਮੁਸ਼ਕਤ ਕਰ ਰਹੇ ਹਨ ਹਨ ਪਰ ਹਿੰਸਕ ਵਾਰਦਾਤਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ। ਕਲੋਨਾ ਆਰਸੀਐਮਪੀ ਦੇ ਅੰਕੜਿਆਂ ਅਨੁਸਾਰ, 2023 ਵਿੱਚ 41 ਨੌਜਵਾਨ ਹਿੰਸਾ ਦੀਆਂ ਰਿਪੋਰਟਾਂ ਹੋਈਆਂ ਜਦੋਂ ਕਿ 2022 ਵਿੱਚ ਇਹ ਅੰਕੜਾ ਸਿਰਫ਼ 16 ਦੇ ਕਰੀਬ ਸੀ । ਪਿਛਲੇ ਸਾਲ 30 ਪ੍ਰਤੀਸ਼ਤ ਤੋਂ ਵੱਧ ਮਾਮਲਿਆਂ ਵਿੱਚ ਰਿੱਛ ਦੇ ਸਪਰੇਅ ਸਮੇਤ ਹਥਿਆਰ ਸ਼ਾਮਲ ਸਨ।

ਇਹਨਾਂ ਵਿੱਚੋਂ ਕੁਝ ਹਿੰਸਕ ਘਟਨਾਵਾਂ ਜਨਤਕ ਥਾਵਾਂ ‘ਤੇ ਵਾਪਰੀਆਂ ਸਨ: ਮਾਰਚ 2023 ਵਿੱਚ ਇੱਕ ਬੱਸ ਸਟਾਪ 'ਤੇ ਇੱਕ 15 ਸਾਲ ਦੇ ਬੱਚੇ 'ਤੇ ਹਮਲਾ, ਸਤੰਬਰ 2023 ਵਿੱਚ ਇੱਕ 17 ਸਾਲ ਦੇ ਬੱਚੇ 'ਤੇ ਰਿੱਛ ਦਾ ਸਪਰੇਅ ਹਮਲਾ ਕੇਂਦਰੀ ਓਕਾਨਾਗਨ ਵਿੱਚ ਇੱਕ 11 ਸਾਲ ਦਾ ਨੌਜਵਾਨ ਸ਼ਾਮਲ ਹੈ।

ਸਭ ਤੋਂ ਹਾਲ ਹੀ ਵਿੱਚ, ਕੇਲੋਨਾ ਦੇ ਨੌਜਵਾਨ ‘ਤੇ ਹਿੰਸਕ ਹਮਲਾ ਕੀਤਾ ਗਿਆ ਅਗਲੇ ਦਿਨ, ਹਸਪਤਾਲ ਵਿੱਚ ਉਸਦੀ ਮੌਤ ਹੋ ਗਈ ਸੀ, ਉਹ 15 ਸਾਲ ਦਾ ਸੀ ਅਤੇ ਪੁਲਿਸ ਰਿੱਛ ਦੇ ਸਪਰੇਅ ਨਾਲ ਜੁੜੀ ਇੱਕ ਪੁਰਾਣੀ ਘਟਨਾ ਦੇ ਸਬੰਧ ਵਿੱਚ ਇਸ ਹੱਤਿਆ ਦੀ ਵੀ ਜਾਂਚ ਕਰ ਰਹੀ ਹੈ। ਹਮਲੇ ਵਿੱਚ ਅੱਜੇ ਤੱਕ ਕਿਸੇ ਨੂੰ ਦੋਸ਼ੀ ਨਹੀਂ ਠਹਿਰਾਇਆ ਗਿਆ ਹੈ।

ਲੋਕਾਂ ਦਾ ਕਹਿਣਾ ਹੈ ਕਿ ਧੱਕੇਸ਼ਾਹੀ ਵੀ ਹਿੰਸਾ ਨੂੰ ਵਧਾ ਰਹੀ ਹੈ ਅਤੇ ਅਜਿਹੀਆਂ ਘਟਨਾਵਾਂ ਨੂੰ ਅੰਜ਼ਾਮ ਦੇਣ ਵਾਲਿਆਂ ਲਈ ਬੇਅਰ ਸਪਰੇਅ ਪਸੰਦ ਦਾ ਹਥਿਆਰ ਬਣ ਚੁੱਕਾ ਹੈ। ਗੌਥੀਅਰ ਨੇ ਕਿਹਾ ਕਿ ਅਪਰਾਧੀਆਂ ਵਿੱਚ ਬੇਅਰ ਸਪਰੇਅ ਦੀ ਵਰਤੋਂ ਵੱਧ ਰਹੀ ਹੈ, ਕਿਉਂਕਿ ਦੂਜੇ ਹਥਿਆਰਾਂ ਨਾਲੋਂ ਇਸ ਨਾਲ ਹਮਲਾ ਕਰਨਾ ਆਸਾਨ ਰਹਿੰਦਾ ਹੈ ਅਤੇ ਇਸ ‘ਤੇ ਕਿਸੇ ਦਾ ਪਹਿਲੀ ਨਜ਼ਰ ‘ਚ ਸ਼ੱਕ ਵੀ ਨਹੀਂ ਪੈਂਦਾ।

ਸਰੀ, ਚਿਲੀਵੈਕ, ਪੋਰਟ ਕੋਕੁਇਟਲਮ, ਅਤੇ ਵੈਨਕੂਵਰ ਨੇ ਬੀਅਰ ਸਪਰੇਅ ਦੀ ਵਿਕਰੀ ਅਤੇ ਪ੍ਰਬੰਧਨ ਦੇ ਆਲੇ-ਦੁਆਲੇ ਉਪ-ਨਿਯਮਾਂ ਨੂੰ ਲਾਗੂ ਕੀਤਾ ਹੈ। ਵੈਨਕੂਵਰ ਨੇ ਮਾਰਚ 2023 ਵਿੱਚ 19 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਵਿਅਕਤੀ ਨੂੰ ਬੇਅਰ ਸਪਰੇਅ ਦੀ ਵਿਕਰੀ 'ਤੇ ਪਾਬੰਦੀ ਲਗਾਉਣ ਲਈ ਉਪ-ਨਿਯਮ ਪਾਸ ਕੀਤਾ, ਅਤੇ ਅਜਿਹਾ ਕਰਨ ਵਾਲੇ ਕਿਸੇ ਵੀ ਵਿਅਕਤੀ ਲਈ $1,000 ਦਾ ਜੁਰਮਾਨਾ ਲਗਾਇਆ ਜਾ ਸਕਦਾ ਹੈ। ਕਲੋਨਾ ਆਰਸੀਐਮਪੀ ਨੇ ਕਿਹਾ ਹੈ ਕਿ ਉਹ ਇਸ ਮੁੱਦੇ ਨੂੰ ਹੱਲ ਕਰਨ ਲਈ ਸ਼ਹਿਰ ਨਾਲ ਕੰਮ ਕਰ ਰਹੇ ਹਨ।






# ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਕੈਨੇਡਾ ਵੱਲੋਂ ਸਾਹਿਤਕ ਸੰਮੇਲਨ

ਵੈਨਕੂਵਰ :-(ਬਰਾੜ-ਭਗਤਾ ਭਾਈ ਕਾ) ਦੱਬੇ-ਕੁਚਲੇ ਲੋਕਾਂ ਦੀ ਗੱਲ ਕਰਨ ਵਾਲੇ ਅਤੇ ਮਨੁੱਖੀ ਬਰਾਬਰੀ ਦੇ ਹਾਮੀ ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਕੈਨੇਡਾ ਵੱਲੋਂ ਅੱਠਵਾਂ ਛਿਮਾਹੀ ਸਾਹਿਤਿਕ ਸੰਮੇਲਨ ਅਤੇ ਪੁਸਤਕ ਲੋਕ ਅਰਪਣ ਸਮਾਗਮ, ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਸਥਿਤ ਸੀਨੀਅਰ ਸੈਂਟਰ ਵਿਖੇ ਉਤਸ਼ਾਹ ਨਾਲ ਕਰਵਾਇਆ ਗਿਆ। ਇਸ ਸਾਹਿਤ ਸਭਾ ਵੱਲੋਂ ਹਰ ਸਾਲ ਮਈ ਮਹੀਨੇ ਅਤੇ ਅਕਤੂਬਰ ਮਹੀਨੇ ਦੇ ਦੂਜੇ ਐਤਵਾਰ ਨੂੰ 'ਲੋਕ ਕਵੀ ਗੁਰਦਾਸ ਰਾਮ ਆਲਮ' ਅਤੇ 'ਉੱਘੇ ਗਜ਼ਲਗੋ ਉਲਫਤ ਬਾਜਵਾ' ਦੀ ਯਾਦ ਨੂੰ ਸਮਰਪਿਤ ਸਾਹਿਤਕ ਸਮਾਗਮ ਕਰਵਾਏ ਜਾਂਦੇ ਹਨ। ਇਸ ਵਾਰ ਸਾਹਿਤ ਸਭਾ ਕੈਨੇਡਾ ਵੱਲੋਂ, ਅੱਠਵੇਂ ਛਿਮਾਹੀ ਸਾਹਿਤਕ ਸੰਮੇਲਨ ਮੌਕੇ ਪ੍ਰਿੰਸੀਪਲ ਮਲੂਕ ਚੰਦ ਕਲੇਰ ਦੀ ਪੁਸਤਕ 'ਸਕਾਈਟਰੇਨ ਟੂ ਵਾਟਰ ਫਰੰਟ' ਲੋਕ ਅਰਪਿਤ ਕੀਤੀ ਗਈ। ਲੇਖਕ ਪ੍ਰਿੰਸੀਪਲ ਕਲੇਰ ਨੇ ਪ੍ਰੋਗਰਾਮ ਦੇ ਆਰੰਭ ਵਿੱਚ ਮਰਹੂਮ ਸ਼ਾਇਰ ਡਾ. ਸੁਰਜੀਤ ਪਾਤਰ ਨੂੰ ਇੱਕ ਮਿੰਟ ਦਾ ਮੌਨ ਰੱਖਦਿਆਂ ਹੋਇਆਂ ਸ਼ਰਧਾਂਜਲੀ ਭੇਟ ਕੀਤੀ ਅਤੇ ਮਗਰੋਂ ਆਪਣੀ ਕਿਤਾਬ ਸਮੇਤ, ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਦੇ ਮਨੋਰਥਾਂ 'ਤੇ ਚਾਨਣਾ ਪਾਇਆ।



ਸਮਾਗਮ ਦੇ ਮੁੱਖ ਬੁਲਾਰੇ ਡਾ. ਗੁਰਵਿੰਦਰ ਸਿੰਘ ਨੇ ਲੋਕ ਕਵੀ ਗੁਰਦਾਸ ਰਾਮ ਆਲਮ ਅਤੇ ਕਿਤਾਬ ਬਾਰੇ ਬੋਲਦਿਆਂ ਕਿਹਾ ਕਿ ਮਹਾਨ ਸਾਹਿਤਕਾਰ ਸਮਾਜ ਦੇ ਵੱਖ- ਵੱਖ ਵਰਗਾਂ 'ਚ ਸਾਂਝ ਸਥਾਪਿਤ ਕਰਦੇ ਹਨ ਅਤੇ ਸਮੇਂ ਦੀ ਹਕੂਮਤ ਨੂੰ ਚੁਣੌਤੀ ਦਿੰਦੇ ਹਨ, ਇਸੇ ਕਾਰਨ ਹੀ ਉਹ 'ਲੋਕ ਲਿਖਾਰੀ' ਬਣਦੇ ਹਨ, ਜਦਕਿ ਸਰਕਾਰਾਂ ਨਾਲ ਮਿਲਜੁਲ ਕੇ ਚਲਣ ਵਾਲੇ 'ਸਰਕਾਰੀ ਲਿਖਾਰੀ' ਹੀ ਹੋ ਸਕਦੇ ਹਨ, 'ਲੋਕ ਲਿਖਾਰੀ' ਨਹੀਂ। ਉਹਨਾਂ ਪ੍ਰਿੰਸੀਪਲ ਮਲੂਕ ਚੰਦ ਕਲੇਰ ਵੱਲੋਂ ਲਿਖੀ ਕਿਤਾਬ ਵਿਚਲੇ ਅਹਿਮ ਪਹਿਲੂਆਂ 'ਤੇ ਖੁੱਲੀ ਚਰਚਾ ਕੀਤੀ ਅਤੇ ਕਿਤਾਬ ਦੀਆਂ ਵਿਲੱਖਣਤਾਵਾਂ ਬਿਆਨ ਕੀਤੀਆਂ। ਕਿਤਾਬ ਦੇ ਨਾਂ 'ਸਕਾਈਟਰੇਨ ਟੂ ਵਾਟਰ ਫਰੰਟ' ਬਾਰੇ ਉਸਤਾਦ ਗਜ਼ਲਗੋ ਨਦੀਮ ਪਰਮਾਰ ਨੇ ਵਿਚਾਰ ਸਾਂਝੇ ਕੀਤੇ। ਭੁਪਿੰਦਰ ਸਿੰਘ ਮੱਲੀ ਨੇ 'ਲੇਖਕਾਂ ਨੂੰ ਆਪਣੀਆਂ ਲਿਖਤਾਂ 'ਤੇ ਖਰੇ ਉਤਰਨ' ਦਾ ਹਲੂਣਾ ਦਿੱਤਾ।

ਪੰਜਾਬੀ ਬੋਲੀ 'ਤੇ ਮਾਣ ਮਹਿਸੂਸ ਕਰਦਿਆਂ ਰਮਨੀ ਕਲੇਰ ਨੇ ਪਿਤਾ ਜੀ ਦੀ ਕਿਤਾਬ ਵਿੱਚ ਆਪਣੇ ਲੇਖਾਂ ਦੇ ਸ਼ਾਮਲ ਹੋਣ ਨੂੰ ਵਡਭਾਗ ਦੱਸਿਆ। ਹੋਰਨਾਂ ਬੁਲਾਰਿਆਂ ਅਤੇ ਹਾਜ਼ਰ ਸ਼ਖਸੀਅਤਾਂ ਵਿੱਚ ਹਰਚੰਦ ਸਿੰਘ ਗਿੱਲ ਜਨਰਲ ਸਕੱਤਰ ਸੀਨੀਅਰ ਸੈਂਟਰ, ਪ੍ਰੋ. ਦੇਵਿੰਦਰ ਸਿੰਘ, ਮਨਜੀਤ ਸਿੰਘ ਮੱਲਾ, ਦਰਸ਼ਨ ਸਿੰਘ ਅਟਵਾਲ, ਗੁਰਮੀਤ ਸਿੰਘ ਕਲਕਟ, ਰੂਪ ਲਾਲ ਗੜ੍ਹੂ, ਸੁਰੀਲੇ ਗਾਇਕ ਚਮਕੌਰ ਸਿੰਘ ਸੇਖੋਂ, ਬਿਕਰਮ, ਕੈ ਜੀਤ ਮਹਿਰਾ, ਮੇਘਨਾਥ ਕੋਸ਼ਿਲ, ਬੀਬੀ ਮਾਇਆ ਰਾਣੀ, ਮਨਦੀਪ, ਹਰਜੀਤ ਕੌਰ, ਯੁਵਰਾਜ, ਜੈਸੀਕਾ, ਕਾਲਮ ਨਵੀਸ ਰਾਜਿੰਦਰ ਸਿੰਘ ਪੰਧੇਰ, ਵਣਜਾਰਾ ਨੋਮੈਡ ਕਲੈਕਸ਼ਨਜ਼ ਦੇ ਸੰਸਥਾਪਕ ਰਾਜ ਸਿੰਘ ਭੰਡਾਲ, ਦੇਸ ਪਰਦੇਸ ਟਾਈਮਜ਼ ਦੇ ਮੁੱਖ ਸੰਪਾਦਕ ਸੁਖਵਿੰਦਰ ਸਿੰਘ ਚੋਹਲਾ, ਤੇਜਵੀਰ ਸਿੰਘ ਸੰਧੂ ਸਿੱਖ ਚੈਨਲ, ਲੇਖਿਕਾ ਬੀਬੀ ਦੇਵਿੰਦਰ ਕੌਰ ਜੌਹਲ, ਦੇਵਿੰਦਰ ਕੌਰ ਕਲਸੀ, ਡਾ ਪਾਲ ਸਿੰਘ ਬਿਲਗਾ, ਸੁਰਜੀਤ ਸਿੰਘ ਗਿੱਲ, ਸੁਰਜੀਤ ਸਿੰਘ ਬਾਠ, ਕੈਮਰਨ ਗੁੜਾ, ਦਲੀਪ ਸਿੰਘ ਗਿੱਲ, ਮਾ ਮਲਕੀਤ ਸਿੰਘ, ਗ਼ਜ਼ਲਗੋ ਨਰਿੰਦਰ ਸਿੰਘ ਬਾਹੀਆ , ਸੰਗਿਾਰਾ ਸਿੰਘ ਸੰਧੂ ਅਤੇ ਜੋਗਿੰਦਰ ਕੌਰ ਸੰਧੂ ਸਮੇਤ ਭਰਵੀਂ ਗਿਣਤੀ ਵਿੱਚ ਸਰੋਤੇ ਸ਼ਾਮਿਲ ਸਨ। ਅਖੀਰ ਵਿੱਚ, ਸੀਨੀਅਰ ਸੈਂਟਰ ਦੇ ਪ੍ਰਧਾਨ ਹਰਪਾਲ ਸਿੰਘ ਬਰਾੜ ਨੇ ਸਾਰਿਆਂ ਦਾ ਧੰਨਵਾਦ ਕੀਤਾ। ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਦਾ ਇਹ ਪੁਸਤਕ ਰਿਲੀਜ਼ ਸਾਹਿਤਕ ਸਮਾਗਮ ਯਾਦਗਾਰੀ ਹੋ ਨਿਬੜਿਆ।

ਸਫ਼ਾ 1 ਦਾ ਬਾਕੀ

## ਬੀ.ਸੀ. ਸਰਕਾਰ ਅਤੇ ਸੋਸ਼ਲ ਮੀਡੀਆ...

ਤੋਂ ਬਾਅਦ ਹੋਈ ਹੈ ਕਿਉਂਕਿ ਇਹ ਲੋਕਾਂ ਦੀ ਸੁਰੱਖਿਆ ਅਤੇ ਗੋਪਨੀਯਤਾ ਦੀ ਆਨਲਾਈਨ ਸੁਰੱਖਿਆ ਲਈ ਹੱਲਾਂ ਬਾਰੇ ਗੱਲ ਕਰਨ ਲਈ ਕੰਪਨੀਆਂ ਨਾਲ ਇੱਕ ਸਮਝੌਤੇ 'ਤੇ ਪਹੁੰਚ ਗਈ ਸੀ।

ਟੇਬਲ 'ਤੇ ਚਰਚਾ ਅਧੀਨ ਇਸ 'ਤੇ ਵੀ ਚਰਚਾ ਕੀਤੀ ਗਈ ਕਿ ਕੰਪਨੀਆਂ ਜੰਗਲੀ ਅੱਗ ਵਰਗੀਆਂ ਐਮਰਜੈਂਸੀ ਸਥਿਤੀਆਂ ਵਿੱਚ ਲੋਕਾਂ ਲਈ ਅਧਿਕਾਰਤ ਜਾਣਕਾਰੀ ਨੂੰ ਵਧਾਉਣ ਵਿੱਚ ਕਿਵੇਂ ਮਦਦ ਕਰ ਸਕਦੀਆਂ ਹਨ।

ਮੈਟਾ ਸੰਚਾਰ ਦੀ ਇੱਕ ਸਿੱਧੀ ਲਾਈਨ ਸਥਾਪਤ ਕਰਨ ਲਈ ਸਹਿਮਤ ਹੋ ਗਿਆ ਹੈ ਜੋ ਇਹ ਯਕੀਨੀ ਬਣਾਏਗਾ ਕਿ ਉਹ ਸਰਕਾਰ ਦੇ ਜੰਗਲੀ ਅੱਗ ਸੁਰੱਖਿਆ ਯਤਨਾਂ ਦੇ ਹਿੱਸੇ ਵਜੋਂ ਨੇੜਿਓਂ ਤਾਲਮੇਲ ਬਣਾਏਗਾ। ਜਿਸ ਵਿੱਚ ਸਰਕਾਰੀ ਏਜੰਸੀਆਂ ਅਤੇ ਐਮਰਜੈਂਸੀ ਸੇਵਾਵਾਂ ਵਰਗੀਆਂ ਸਰਕਾਰੀ ਸਰੋਤਾਂ ਤੋਂ ਉਪਲਬਧ ਨਾਮਵਰ ਜਾਣਕਾਰੀ ਦਾ ਪ੍ਰਸਾਰ ਸ਼ਾਮਲ ਹੈ। This report was written by Ishpreet Kaur as part of the Local Journalism Initiative.

## ਸਰੀ ਦੇ ਸਟੇਡੀਅਮ ਵਿੱਚ ਵਿਸ਼ਵ

ਦੇ ਸੁਵਿਧਾ ਫਾਰਮੈਟਾਂ ਦਾ ਮੁਲਾਂਕਣ ਕਰ ਰਹੇ ਹਾਂ। ਇਸ ਅਧਿਐਨ ਦੇ ਹਿੱਸੇ ਵਜੋਂ, ਅਸੀਂ ਹਰੇਕ ਸੁਵਿਧਾ ਫਾਰਮੈਟ ਲਈ ਆਦਰਸ਼ ਬੈਠਣ ਦੀ ਸਮਰੱਥਾ ਨੂੰ ਨਿਰਧਾਰਤ ਕਰਾਂਗੇ। 12,000 ਸੀਟਾਂ ਵਾਲੇ ਸਟੇਡੀਅਮ ਦੀ ਧਾਰਨਾ ਅਤੇ ਟੌਮ ਬਿੰਨੀ ਪਾਰਕ ਸਾਈਟ ਨੂੰ ਸਰੀ ਬੋਰਡ ਆਫ਼ ਟਰੇਡ ਦੀ ਸੀਈਓ ਅਤੇ ਪ੍ਰਧਾਨ ਅਨੀਤਾ ਹਿਊਬਰਮੈਨ ਦਾ ਸਮਰਥਨ ਪ੍ਰਾਪਤ ਹੈ। ਹਿਊਬਰਮੈਨ ਨੇ ਕਿਹਾ, "ਪਹਿਲੀ ਗੱਲ ਇਹ ਹੈ ਕਿ ਇਹ ਇੱਕ ਠੋਸ ਬੀਸੀ ਪਲੇਸ ਕਿਸਮ ਦਾ ਸਟੇਡੀਅਮ ਨਹੀਂ ਹੋਵੇਗਾ ਜਿਸਦੀ ਲਾਗਤ ਲੱਖਾਂ ਅਤੇ ਮਿਲੀਅਨ ਡਾਲਰ ਹੈ," "ਇਸ ਨੂੰ ਹੋਰ ਇਵੈਂਟਸ ਲਈ ਦੁਬਾਰਾ ਤਿਆਰ ਕੀਤਾ ਜਾ ਸਕਦਾ ਹੈ, ਇਸਨੂੰ ਕਾਰਪੋਰੇਟ ਇਵੈਂਟਾਂ ਲਈ ਵਰਤਿਆ ਜਾ ਸਕਦਾ ਹੈ, ਹੋਰ ਟੀਮਾਂ ਜੋ ਸਾਡੇ ਕੋਲ ਇੱਥੇ ਸ਼ਹਿਰ ਵਿੱਚ ਹਨ ਅਤੇ ਸਾਡੀ ਸੰਪਤੀ ਵਿੱਚੋਂ ਹੈ ਉਹ ਵੀ ਇਹ ਵਰਤ ਸਕਦੀਆਂ ਹਨ।" ਪ੍ਰਬੰਧਕਾਂ ਵਲੋਂ ਸਿਟੀ ਹਾਲ ਦੇ ਅਧਿਕਾਰੀਆਂ ਨੂੰ ਸਟੇਡੀਅਮ ਦੀ ਮਨਜ਼ੂਰੀ ਅਤੇ ਨਿਰਮਾਣ ਨੂੰ ਤੇਜ਼ ਕਰਨ ਦੀ ਅਪੀਲ ਕੀਤੀ ਗਈ ਹੈ। This report was written by Ishpreet Kaur as part of the Local Journalism Initiative.

**Guru Nanak's Free Kitchen**
LOVE ALL, FEED ALL

**ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ**

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

**778-895-1453, 604-771-7170**

**ਪੰਜਾਬੀ ਪਰੈਸ ਕਲਬ ਆਫ ਬੀ ਸੀ**
**ਵਲੋਂ**
**ਬੱਬਰ ਕਰਮ ਸਿੰਘ ਦੌਲਤਪੁਰ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ**
**ਸੈਮੀਨਾਰ ਤੇ ਸਮਾਗਮ**
ਅਰੰਭਕ ਸ਼ਬਦ
ਡਾ:ਗੁਰਵਿੰਦਰ ਸਿੰਘ ਧਾਲੀਵਾਲ
ਵਿਸ਼ੇਸ਼ ਬੁਲਾਰੇ ਬੱਬਰ ਕਰਮ ਸਿੰਘ ਦੀ ਪੰਜਾਬੀ ਤੇ ਕੈਨੇਡੀਅਨ ਪੱਤਰਕਾਰੀ ਵਿਚ ਯੋਗਦਾਨ ਤੇ ਮਹੱਤਵ ਬਾਰੇ ਵਿਚਾਰ ਸਾਂਝੇ ਕਰਨਗੇ
ਇਸ ਮੌਕੇ ਗਦਰ ਪਾਰਟੀ ਤੇ ਗਦਰੀ ਦੇਸ਼ ਭਗਤਾਂ ਬਾਰੇ ਜਰਨੈਲ ਸਿੰਘ ਆਰਟਿਸਟ ਵਲੋਂ ਵਿਸ਼ੇਸ਼ ਚਿਤਰ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਜਾਵੇਗਾ
**ਸ਼ੁਕਰਵਾਰ ਮਈ 17, 2024 ਸ਼ਾਮ 4 - 6 ਵਜੇ**
ਜਰਨੈਲ ਆਰਟ ਗੈਲਰੀ ਗੁਰਦੀਪ ਆਰਟ ਅਕੈਡਮੀ
106 12882 85 ਐਵਿਨਿਊ ਸਰੀ
ਹੋਰ ਜਾਣਕਾਰੀ ਲਈ ਸੰਪਰਕ
ਗੁਰਪ੍ਰੀਤ ਸਿੰਘ ਸਹੋਤਾ 604 598 7771 ਡਾ:ਗੁਰਵਿੰਦਰ ਸਿੰਘ ਧਾਲੀਵਾਲ 604 825 1550

**PUNJABI PRESS CLUB BC**

**CELEBRATING 100 YEARS BIRTH CENTENNARY OF BABBAR KARAM SINGH DAULATPUR**
**FRIDAY MAY 17, 2024 , 4 PM-6PM**
Opening remarks: Dr. Gurvinder Singh Dhaliwal
Speakers will talk about Babbar Karam Singh Daulatpur's contribution to Canadian and Punjabi Journalism and Freedom movement
An Exhibition about Ghadarites and Freedom Movement will be organized by Janail Singh Artist
For more information contact
Gurpreet Singh Sahota 604 598 7771 Dr Gurvinder Singh Dhaliwal 604 825 1550

Jarnail Art Gallery Gurdeep Arts Academy
106 12882 , 85 Avenue SURREY B.C.

# ਸਰੀ, 128 ਸਟਰੀਟ 'ਤੇ ਘਰ ਨੂੰ ਲੱਗੀ ਅੱਗ ਇੱਕ ਵਿਅਕਤੀ ਦੀ ਹੋਈ ਮੌਤ

ਸਰੀ, (ਇਸ਼ਪ੍ਰੀਤ ਕੌਰ): ਪੁਲਿਸ ਅਤੇ ਫਾਇਰ ਇੰਸਪੈਕਟਰ ਸਰੀ ਦੇ ਇੱਕ ਘਰ ਵਿੱਚ ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕਰ ਰਹੇ ਹਨ ਜਿੱਥੇ ਐਤਵਾਰ ਸ਼ਾਮ ਨੂੰ ਇੱਕ ਵਿਅਕਤੀ ਦੀ ਘਰ ਨੂੰ ਅੱਗ ਲਗਣ ਕਾਰਨ ਮੌਤ ਹੋ ਗਈ। ਆਰ.ਸੀ.ਐਮ.ਪੀ. ਨੂੰ ਘਰ ਨੂੰ ਅੱਗ ਲੱਗਣ ਦੀ ਰਿਪੋਰਟ ਮਿਲਣ ਤੋਂ ਬਾਅਦ ਤੁਰੰਤ ਸਰੀ ਦੇ ਅੱਗ ਬੁਝਾਊ ਅਮਲੇ ਸੂਚਿਤ ਕਰ ਦਿੱਤਾ ਗਿਆ ਅਤੇ ਰਾਤ 9:40 ਵਜੇ ਦੇ ਕਰੀਬ 128 ਸਟਰੀਟ ਦੇ 5700-ਬਲਾਕ ਵਿੱਚ ਬੁਲਾਇਆ ਗਿਆ ਜਿਥੇ ਕਰੜੀ ਮੁਸ਼ੱਕਤ ਤੋਂ ਬਾਅਦ ਘਰ ਨੂੰ ਲੱਗੀ ਅੱਗ 'ਤੇ ਕਾਬੂ ਪਾਇਆ ਗਿਆ।



ਸਰੀ ਆਰ.ਸੀ.ਐਮ.ਪੀ. ਦੇ ਅਨੁਸਾਰ, ਸਿਰਫ਼ ਇੱਕ ਵਿਅਕਤੀ ਨੂੰ ਛੱਡ ਕੇ ਬਾਕੀ ਘਰ ਪਹਿਲਾਂ ਹੀ ਖਾਲੀ ਕੀਤਾ ਜਾ ਚੁੱਕਾ ਸੀ।

ਅੱਗ 'ਤੇ ਕਾਬੂ ਪਾਉਣ ਤੋਂ ਬਾਅਦ ਸਰੀ ਫਾਇਰ ਦੇ ਅਧਿਕਾਰੀਆਂ ਨੂੰ ਘਰ ਵਿਚੋਂ ਇੱਕ ਵਿਅਕਤੀ ਦੀ ਲਾਸ਼ ਮਿਲੀ, ਵਿਅਕਤੀ ਦੀ ਪਛਾਣ ਦੀ ਪੁਸ਼ਟੀ ਅਜੇ ਨਹੀਂ ਕੀਤੀ ਗਈ । ਪੁਲਿਸ ਨੇ ਸੋਮਵਾਰ ਨੂੰ ਇੱਕ ਨਿਊਜ਼ ਰੀਲੀਜ਼ ਵਿੱਚ ਕਿਹਾ, "ਫਿਲਹਾਲ ਜਾਂਚ ਨੂੰ ਅੱਗੇ ਵਧਾਇਆ ਜਾ ਰਿਹਾ ਹੈ ਅਤੇ ਪੀੜਤ ਬਾਰੇ ਕੋਈ ਵਾਧੂ ਜਾਣਕਾਰੀ ਸਾਂਝੀ ਨਹੀਂ ਕੀਤੀ ਜਾ ਸਕਦੀ। ਬੀ ਸੀ ਕੋਰੋਨਰਜ਼ ਸਰਵਿਸ ਨੂੰ ਵਿਅਕਤੀ ਦੀ ਮੌਤ ਦੇ ਹਾਲਾਤਾਂ ਦੀ ਜਾਂਚ ਕਰਨ ਲਈ ਬੁਲਾਇਆ ਗਿਆ ਹੈ। "ਸਰੀ ਆਰ.ਸੀ.ਐਮ.ਪੀ. ਜਨਰਲ ਇਨਵੈਸਟੀਗੇਸ਼ਨ ਯੂਨਿਟ, ਸਰੀ ਫਾਇਰ ਸਰਵਿਸਿਜ਼ ਦੇ ਫਾਇਰ ਇੰਸਪੈਕਟਰ ਨਾਲ ਕੰਮ ਕਰ ਰਿਹਾ ਹੈ, ਅੱਗ ਲੱਗਣ ਦੇ ਹਾਲਾਤਾਂ ਅਤੇ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਕਰ ਰਿਹਾ ਹੈ; ਹਾਲਾਂਕਿ, ਮੁਢਲੀ ਜਾਂਚ ਵਿੱਚ ਅੱਗ ਨੂੰ ਸ਼ੱਕੀ ਨਹੀਂ ਮੰਨਿਆ ਜਾ ਰਿਹਾ।

ਅਧਿਕਾਰੀਆਂ ਨੇ ਕਿਹਾ ਕਿ ਜੇਕਰ ਕਿਸੇ ਨੂੰ ਇਸ ਰਿਹਾਇਸ਼ੀ ਅੱਗ ਬਾਰੇ ਕੋਈ ਵਾਧੂ ਜਾਣਕਾਰੀ ਹੋਵੇ ਉਹ ਪੁਲਿਸ ਨੂੰ 604-599-0502 'ਤੇ ਕਾਲ ਕਰ ਸਕਦਾ ਹੈ। This report was written by Ishpreet Kaur as part of the Local Journalism Initiative.

# ਲੈਂਗਲੀ ਦੇ ਵਿਅਕਤੀ ਨੇ ਐਬਟਸਫੋਰਡ ਤੋਂ ਖਰੀਦੀ ਲਾਟਰੀ ਤੋਂ ਜਿਤੇ $1 ਮਿਲੀਅਨ

ਸਰੀ, (ਇਸ਼ਪ੍ਰੀਤ ਕੌਰ): ਲੈਂਗਲੀ ਨੇ ਇੱਕ ਵਿਅਕਤੀ ਨੇ ਐਬਟਸਫੋਰਡ ਵਿੱਚ ਲੋਟੋ 6/49 ਟਿਕਟ ਖਰੀਦੀ ਸੀ ਅਤੇ ਹੁਣ ਉਹ ਵਿਅਕਤੀ $1 ਮਿਲੀਅਨ ਦਾ ਵਿਜੇਤਾ ਬਣ ਗਿਆ ਹੈ।

ਵਿਜੇਤਾ ਬਾਓ ਡਿਪ ਨੇ ਦੱਸਿਆ ਕਿ ਉਸ ਨੇ ਐਬਟਸਫੋਰਡ ਦੇ ਮੈਕਲੂਰ ਰੋਡ 'ਤੇ ਟਾਊਨ ਪੈਂਟਰੀ ਤੋਂ ਆਪਣੀ ਟਿਕਟ ਖਰੀਦੀ ਸੀ ਅਤੇ 1 ਮਈ ਨਿਕਲੇ ਡਰਾਅ ਵਿੱਚ ਉਸ ਨੇ ਇੱਹ ਇਨਾਮ ਜਿੱਤਿਆ ਹੈ।




ਡਿਪ ਨੇ ਦੱਸਿਆ ਕਿ "ਮੈਂ ਦੇਖਿਆ ਕਿ ਐਬਟਸਫੋਰਡ ਵਿੱਚ ਕੋਈ ਜਿੱਤ ਗਿਆ, ਜਿਸ ਬਾਰੇ ਚਰਚਾ ਹੈ ਇਸ ਲਈ ਮੈਂ ਸੋਚਿਆ ਕਿ ਮੈਂ ਵੀ ਆਪਣੀ ਟਿਕਟ ਚੈੱਕ ਕਰਾਂ ਅਤੇ ਜਦੋਂ ਸਕੈਨ ਕੀਤੀ ਤਾਂ ਦੇਖਿਆ ਉਹ ਵਿਅਕਤੀ ਮੈਂ ਹੀ ਸੀ ਜਿਸ ਨੇ 1 ਮਿਲੀਅਨ ਡਾਲਰ ਜਿੱਤੇ। ਮੈਂ ਬਹੁਤ ਖੁਸ਼ ਅਤੇ ਉਤਸ਼ਾਹਿਤ ਹਾਂ!" ਡੀਪ ਜਿਤੇ ਜਿੱਤੀ ਹੋਈ ਰਾਸ਼ੀ ਤੋਂ ਬਾਅਦ ਕੁਝ ਪਲੈਨ ਬਣਾਏ ਹਨ ਅਤੇ ਉਸ ਨੇ ਕਿਹਾ ਕਿ ਉਹ ਤੁਰਕੀ ਦੀ ਯਾਤਰਾ ਕਰਨਾ ਚਾਹੁੰਦਾ ਹੈ ਅਤੇ ਕਿ ਉਹ ਆਪਣੇ ਮੁੱਖ ਸ਼ੌਕ - ਖਾਣਾ ਪਕਾਉਣ - 'ਤੇ ਇਹ ਰਾਸ਼ੀ ਖਰਚ ਕਰੇਗਾ ਜਿਸ ਲਈ ਉਹ ਇੱਕ ਵੱਡੀ ਰਸੋਈ ਨਾਲ ਲੈਸ ਇੱਕ ਵੱਡਾ ਘਰ ਖਰੀਦਣਾ ਪਸੰਦ ਕਰੇਗਾ। This report was written by Ishpreet Kaur as part of the Local Journalism Initiative.

# ਬੀ.ਸੀ. ਵਾਸੀ ਨੂੰ 33 ਸਾਲਾਂ ਬਾਅਦ ਆਪਣਾ ਗਵਾਚਿਆ ਬਟੂਆ ਮਿਲਿਆ ਵਾਪਸ

ਸਰੀ, (ਇਸ਼ਪ੍ਰੀਤ ਕੌਰ): ਅੱਜ ਤੋਂ 33 ਸਾਲ ਪਹਿਲਾਂ 1991 ਵਿੱਚ ਮੱਛੀਆਂ ਫੜਨ ਗਏ ਨਿਕ ਚੌਧਰੀ ਦਾ ਕੋਮੋਕਸ ਮਰੀਨਾ ਵਿਖੇ ਬਟੂਆ ਗੁਆਚ ਗਿਆ ਸੀ। ਪਰ ਹੁਣ ਹੈਰਾਨੀਜਨਕ ਗੱਲ ਇਹ ਹੈ ਕਿ 33 ਸਾਲਾਂ ਬਾਅਦ ਉਸ ਨੂੰ ਆਪਣਾ ਉਹੀ ਬਟੂਆ ਉਸੇ ਸਥਾਨ 'ਤੇ ਵਾਪਸ ਲੱਭਿਆ ਹੈ।



ਜਾਣਕਾਰੀ ਅਨੁਸਾਰ ਕੋਮੋਕਸ ਵੈਲੀ ਵਿੱਚ ਜੰਮੇ ਅਤੇ ਵੱਡੇ ਹੋਏ, ਚੌਧਰੀ ਨੇ ਕਿਹਾ ਕਿ ਉਸਦੀਆਂ 30 ਸਾਲ ਪੁਰਾਣੀਆਂ ਯਾਦਾਂ ਇੱਕ ਵਾਰ ਫਿਰ ਤਾਜ਼ਾ ਹੋ ਗਈਆਂ ਹਨ ਉਸ ਨੇ ਦੱਸਿਆ "ਗਰਮੀਆਂ ਦੇ ਇੱਕ ਦਿਨ, ਮੈਂ ਮੱਛੀਆਂ ਫੜਨ ਲਈ ਕੋਮੋਕਸ ਮਰੀਨਾ ਵਿਖੇ ਗਿਆ ਸੀ ਮੈਂ ਡੌਕ ਦੇ ਕਿਨਾਰੇ ਤੋਂ ਬਰੇਕਵਾਟਰ ਦੀਆਂ ਚੱਟਾਨਾਂ 'ਤੇ ਚੜ੍ਹ ਗਿਆ। ਜਿਉਂ ਹੀ ਮੈਂ ਤੁਰਨ ਲੱਗਾ ਤਾਂ ਮੇਰਾ ਬਟੂਆ, ਜੋ ਮੇਰੀ ਮੂਹਰਲੀ ਜੇਬ ਵਿੱਚ ਸੀ ਉਥੇ ਡਿੱਗ ਗਿਆ। ਘੰਟਿਆਂ ਬਾਅਦ, ਮੱਛੀ ਫੜਨ ਦੇ ਲੰਬੇ ਸੈਸ਼ਨ ਤੋਂ ਬਾਅਦ, ਚੌਧਰੀ ਨੂੰ ਅਹਿਸਾਸ ਹੋਇਆ ਕਿ ਉਸਦਾ ਬਟੂਆ ਕਿਤੇ ਨਹੀਂ ਮਿਲਿਆ। ਉਸ ਨੇ ਬਟੂਆ ਲੱਭਣ ਦੀ ਕਾਫੀ ਕੋਸ਼ਿਸ਼ ਕੀਤੀ ਪਰ ਨਹੀਂ ਮਿਲਿਆ ਜਿਸ ਵਿੱਚ ਉਸ ਦੇ ਸਟੇਟਸ ਕਾਰਡ, ਸਮਾਜਿਕ ਬੀਮਾ ਕਾਰਡ, ਕੇਅਰ ਕਾਰਡ... ਸਭ ਕੁਝ ਸੀ। ਹੁਣ 33 ਸਾਲਾਂ ਬਾਅਦ ਚੌਧਰੀ ਨੂੰ ਆਪਣਾ ਉਹੀ ਬਟੂਆ ਵਾਪਸ ਮਿਲਿਆ ਹੈ। This report was written by Ishpreet Kaur as part of the Local Journalism Initiative.







ਕੈਨੇਡੀਅਨ
ਪੰਜਾਬ ਟਾਈਮਜ਼
Canadian Punjab Times

- **Brar Bhagta Bhai Ka**
  Editor
  604-751-1113

Funded by the Government of Canada | Financé par le gouvernement du Canada | Canada

ADVISORY BOARD

- **Dr. Puran Singh**
  Vancouver, Canada
- **S. Jarnail Singh**
  Surrey, Canada
- **Ishpreet Kaur**
  News Reporter
- **Gora Sandhu Khurd**
  News Reporter (Punjab)
- **Paramjit Singh**
  Graphic Designer

Ishpreet Kaur as part of the Local Journalism Initiative.

Distributed in B.C., Greater Vancouver, Fraser Valley,
Contact for Advertisement
**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**

**Canadian Punjab Times Inc.**
**(Punjabi Newspaper)**
Contact :
**604-338-7310**
Fax :
**604-572-3638**
Website :
**www.thepunjabtimes.ca**
E-mail :
**canadianpunjabtimes@gmail.com**

**Please Note:**
The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed. Publisher is not responsible in any mishappening between the customer and Advertiser.

ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।

# ਕੈਨੇਡਾ ਨਵੇਂ ਆਉਣ ਵਾਲਿਆਂ ਲਈ ਇਥੋਂ ਦੀਆਂ ਸੰਸਥਾਵਾਂ ਦੀ ਅਹਿਮੀਅਤ

ਲੇਖਕ : ਪ੍ਰਿੰਸੀਪਲ ਵਿਜੈ ਕੁਮਾਰ
ਈਮੇਲ: vijaykumarbehki@gmail.com




ਕੈਨੇਡਾ ਦੀ ਸਥਿਤੀ ਬਾਰੇ ਸੋਸ਼ਲ ਮੀਡੀਆ ਅਤੇ ਪ੍ਰਿੰਟ ਮੀਡੀਆ ਵਿੱਚ ਭਾਵੇਂ ਕਈ ਤਰ੍ਹਾਂ ਦੀਆਂ ਖ਼ਬਰਾਂ ਨਸ਼ਰ ਹੁੰਦੀਆਂ ਰਹਿੰਦੀਆਂ ਹਨ, ਪਰ ਇਸ ਮੁਲਕ 'ਚ ਪਿਛਲੇ ਕਈ ਮਹੀਨੇ ਤੋਂ ਨਿਵਾਸ ਕਰਦਿਆਂ ਮੇਰਾ ਅਨੁਭਵ ਇਹ ਕਹਿੰਦਾ ਹੈ ਕਿ ਇਸ ਮੁਲਕ ਦੀਆਂ ਬਹੁਤ ਸਾਰੀਆਂ ਖੂਬੀਆਂ ਹਰ ਇੱਕ ਇਨਸਾਨ ਨੂੰ ਇਹ ਕਹਿਣ ਲਈ ਮਜਬੂਰ ਕਰ ਦਿੰਦੀਆਂ ਹਨ ਕਿ ਕੈਨੇਡਾ, ਕੈਨੇਡਾ ਹੀ ਹੈ। ਭਾਵੇਂ ਲੋਕ ਇਸ ਮੁਲਕ ਵਿੱਚ ਪੈਦਾ ਹੋ ਰਹੀਆਂ ਕਈ ਬੁਰਾਈਆਂ ਲਈ ਇਸ ਦੀ ਬਹੁਤ ਆਲੋਚਨਾ ਕਰਦੇ ਹਨ, ਪਰ ਫੇਰ ਵੀ ਇਸ ਮੁਲਕ ਦੀਆਂ ਬਹੁਤ ਸਾਰੀਆਂ ਚੰਗਿਆਈਆਂ ਵੀ ਹਨ ਜੋ ਇਸ ਨੂੰ ਦੂਜੇ ਮੁਲਕ ਤੋਂ ਵੱਖਰਾ ਕਰਦੀਆਂ ਹਨ ਤੇ ਲੋਕਾਂ ਨੂੰ ਇੱਥੇ ਆ ਕੇ ਵਸਣ ਲਈ ਮਜਬੂਰ ਕਰਦੀਆਂ ਹਨ।

ਉਨ੍ਹਾਂ ਚੰਗਿਆਈਆਂ 'ਚੋਂ ਇੱਕ ਚੰਗਿਆਈ ਦੀ ਚਰਚਾ ਕਰਦੇ ਹਾਂ। ਜੇਕਰ ਇਹ ਮੁਲਕ ਬਾਹਰਲੇ ਦੇਸ਼ਾਂ ਦੇ ਨਾਗਰਿਕਾਂ ਨੂੰ ਇੱਥੇ ਆ ਕੇ ਵਸਣ ਦਾ ਸੱਦਾ ਦਿੰਦਾ ਹੈ ਤਾਂ ਉਹ ਇੱਥੇ ਆਉਣ ਤੋਂ ਬਾਅਦ ਉਨ੍ਹਾਂ ਦੀ ਬਾਂਹ ਵੀ ਫੜਦਾ ਹੈ। ਜਦੋਂ ਤੱਕ ਉਹ ਚੰਗੀ ਤਰ੍ਹਾਂ ਵਸ ਨਹੀਂ ਜਾਂਦੇ ਉਦੋਂ ਤੱਕ ਉਨ੍ਹਾਂ ਦੀ ਸਹਾਇਤਾ ਕਰਦਾ ਹੈ। ਇਸ ਮੁਲਕ 'ਚ ਸਰਕਾਰਾਂ ਵੱਲੋਂ ਐਕਿਵ ਵਰਗੀਆਂ ਅਨੇਕਾਂ ਸਰਕਾਰੀ ਸੰਸਥਾਵਾਂ ਕਾਇਮ ਕੀਤੀਆਂ ਗਈਆਂ ਹਨ ਜੋ ਬਿਨਾਂ ਕੋਈ ਫੀਸ ਲਿਆਂ ਯਾਨੀ ਕਿ ਮੁਫ਼ਤ ਵਿੱਚ ਵੱਖ ਵੱਖ ਸੇਵਾਵਾਂ ਰਾਹੀਂ ਵਿਦੇਸ਼ਾਂ ਤੋਂ ਆ ਕੇ ਵਸੇ ਤੇ ਵਸਣ ਵਾਲੇ ਨਾਗਰਿਕਾਂ ਦੀ ਸਮੇਂ ਸਮੇਂ 'ਤੇ ਸਹਾਇਤਾ ਕਰਦੀਆਂ ਹਨ।

ਇਹ ਸਰਕਾਰੀ ਸੰਸਥਾਵਾਂ ਤਿੰਨ ਤਰ੍ਹਾਂ ਦੇ ਨਾਗਰਿਕਾਂ ਦੀ ਵੱਖ ਵੱਖ ਸੇਵਾਵਾਂ ਰਾਹੀਂ ਸਹਾਇਤਾ ਕਰਦੀਆਂ ਹਨ। ਪਹਿਲੀ ਕਿਸਮ ਦੇ ਨਾਗਰਿਕ ਉਹ ਹੁੰਦੇ ਹਨ ਜਿਨ੍ਹਾਂ ਨੂੰ ਕੈਨੇਡਾ ਵਿੱਚ ਆਇਆਂ ਇੱਕ ਸਾਲ ਦਾ ਸਮਾਂ ਹੋਇਆ ਹੁੰਦਾ ਹੈ। ਦੂਜੀ ਕਿਸਮ ਦੇ ਨਾਗਰਿਕ ਉਹ ਹੁੰਦੇ ਹਨ ਜਿਹੜੇ ਇਸ ਮੁਲਕ ਦੇ ਪੀ.ਆਰ. ਅਤੇ ਸਿਟੀਜਨ (ਪੱਕੇ ਨਾਗਰਿਕ) ਹੋ ਜਾਂਦੇ ਹਨ। ਤੀਜੀ ਕਿਸਮ ਦੇ ਨਾਗਰਿਕ ਉਹ ਹੁੰਦੇ ਹਨ ਜੋ ਇਸ ਮੁਲਕ ਵਿੱਚ ਰਫਿਊਜ਼ੀ ਦੇ ਰੂਪ ਵਿੱਚ ਆਏ ਹੁੰਦੇ ਹਨ ਜਾਂ ਫੇਰ ਜਿਨ੍ਹਾਂ ਨੇ ਇਸ ਮੁਲਕ ਵਿੱਚ ਰਾਜਨੀਤਕ ਸ਼ਰਣ ਲਈ ਹੁੰਦੀ ਹੈ।

ਐਕਿਵ ਵਰਗੀਆਂ ਇਨ੍ਹਾਂ ਸਰਕਾਰੀ ਸੰਸਥਾਵਾਂ ਨੇ ਇਨ੍ਹਾਂ ਤਿੰਨ ਪ੍ਰਕਾਰ ਦੇ ਨਾਗਰਿਕਾਂ ਦੀ ਸਹਾਇਤਾ ਲਈ ਵੱਖ ਵੱਖ ਥਾਵਾਂ 'ਤੇ ਕੇਂਦਰ ਖੋਲ੍ਹੇ ਹੋਏ ਹਨ। ਕਮਿਸ਼ਨਰ ਨਾਂ ਦੇ ਅਧਿਕਾਰੀ ਅਧੀਨ ਚੱਲਦੀਆਂ ਇਨ੍ਹਾਂ ਸਰਕਾਰੀ ਸੰਸਥਾਵਾਂ ਦੇ ਕਰਮਚਾਰੀ ਨਾਗਰਿਕਾਂ ਨੂੰ ਸਹਾਇਤਾ ਲੈਣ ਲਈ ਚੇਤਨ ਕਰਨ ਲਈ ਵੱਖ ਵੱਖ ਥਾਵਾਂ 'ਤੇ ਕੈਂਪ, ਸੈਮੀਨਾਰ ਲਗਾਉਂਦੇ ਹਨ ਅਤੇ ਮੀਟਿੰਗਾਂ ਕਰਦੇ ਹਨ। ਆਪਣੀ ਆਪਣੀ ਸੰਸਥਾ ਦੇ ਛਪੇ ਹੋਏ ਇਸ਼ਤਿਹਾਰ ਵੰਡਦੇ ਹਨ। ਨਾਗਰਿਕ ਘਰ ਬੈਠਿਆਂ ਵੀ ਦਿੱਤੇ ਹੋਏ ਈ.ਮੇਲ ਪਤੇ ਾਾ.ਓਚਹੲਵ.ਚਓਨਓਚ, ਸ਼ਓਹਨÝਓਚਹੲਵ.ਚਓ ਉੱਤੇ ਆਨਲਾਈਨ ਅਤੇ ਮੋਬਾਈਲ ਨੰਬਰ 416-518-3472 'ਤੇ ਵੀ ਜਾਣਕਾਰੀ ਹਾਸਲ ਕਰ ਸਕਦੇ ਹਨ। ਇਨ੍ਹਾਂ ਸਰਕਾਰੀ ਸੰਸਥਾਵਾਂ ਵੱਲੋਂ ਦਿੱਤੀਆਂ ਜਾਣ ਵਾਲੀਆਂ ਜਾਣਕਾਰੀਆਂ ਅਤੇ ਸਹੂਲਤਾਂ ਦੇ ਵੇਰਵਿਆਂ ਵਿੱਚ ਕਾਫ਼ੀ ਕੁੱਝ ਸ਼ਾਮਲ ਹੈ।

ਜਿਵੇਂ ਕਿ ਦੂਜੇ ਦੇਸ਼ਾਂ ਤੋਂ ਆ ਕੇ ਵਸਣ ਵਾਲੇ ਨਵੇਂ ਲੋਕਾਂ ਨੂੰ ਸੂਚਨਾ ਕੇਂਦਰਾਂ ਰਾਹੀਂ ਸੂਚਨਾਵਾਂ ਮੁਹੱਈਆ ਕਰਵਾਉਣਾ। ਵਿਦੇਸ਼ਾਂ ਤੋਂ ਆ ਕੇ ਵਸਣ ਵਾਲੇ ਲੋਕਾਂ ਦੇ ਬੱਚਿਆਂ ਨੂੰ ਮਿਲਣ ਵਾਲੀ ਆਰਥਿਕ ਸਹਾਇਤਾ ਤੇ ਲੱਗਣ ਵਾਲੇ ਟੈਕਸ ਤੋਂ ਬਚਣ ਲਈ ਉਨ੍ਹਾਂ ਤੋਂ ਫਾਰਮ ਭਰਵਾਉਣੇ।

ਫਰਨੀਚਰ ਅਤੇ ਗੱਦਿਆਂ ਦੀ ਖ਼ਰੀਦਦਾਰੀ ਸਮੇਂ ਲੱਗਣ ਵਾਲੇ ਜੀ.ਐੱਸ.ਟੀ. ਤੇ ਐੱਚ.ਐੱਸ.ਟੀ. ਟੈਕਸ ਬਚਾਉਣ ਲਈ ਉਨ੍ਹਾਂ ਦੇ ਫਾਰਮ ਭਰਵਾਉਣੇ। ਨਾਗਰਿਕਾਂ ਦੀ ਇਮੀਗ੍ਰੇਸ਼ਨ, ਪੀ.ਆਰ. ਤੇ ਸਿਟੀਜਨਸਪਿ ਪ੍ਰਾਪਤ ਕਰਨ 'ਚ ਉਨ੍ਹਾਂ ਦੀ ਸਹਾਇਤਾ ਕਰਨੀ। ਕੇਵਲ ਪੀ.ਆਰ. ਨਾਗਰਿਕਾਂ ਲਈ ਪੁਰਾਣੀ ਪੈਨਸ਼ਨ ਅਤੇ ਕੈਨੇਡਾ ਪੈਨਸ਼ਨ ਨਵਿਆਉਣ ਸਬੰਧੀ ਜਾਣਕਾਰੀ ਮੁਹੱਈਆ ਕਰਵਾਉਣੀ। ਕਿਹੜੇ ਕਿਹੜੇ ਖੇਤਰ ਵਿੱਚ ਕਿਸ ਤਰ੍ਹਾਂ ਰੁਜ਼ਗਾਰ ਪ੍ਰਾਪਤ ਹੋ ਸਕਦਾ ਹੈ, ਦੀ ਉਨ੍ਹਾਂ ਨੂੰ ਜਾਣਕਾਰੀ ਦੇਣਾ ਅਤੇ ਰੁਜ਼ਗਾਰ ਪ੍ਰਾਪਤੀ ਵਿੱਚ ਉਨ੍ਹਾਂ ਦੀ ਸਹਾਇਤਾ ਕਰਨੀ। ਬਿਨਾਂ ਕੋਈ ਫੀਸ ਲਿਆਂ ਅੰਗਰੇਜ਼ੀ ਅਤੇ ਫਰੈਂਚ ਭਾਸ਼ਾਵਾਂ ਸਿਖਾਉਣੀਆਂ। ਵਿਦੇਸ਼ੀ ਨਾਗਰਿਕਾਂ ਪਰ ਕੈਨੇਡਾ ਵਿੱਚ ਵਸਦੇ ਨੌਕਰੀ ਪੇਸ਼ਾ ਨਾਗਰਿਕਾਂ ਦੇ ਲਾਈਫ ਸਰਟੀਫਿਕੇਟਾਂ, ਸੱਦਾ ਪੱਤਰਾਂ, ਯਾਤਰਾ ਸਹਿਮਤੀ ਫਾਰਮਾਂ ਅਤੇ ਹੋਰ ਸਰਟੀਫਿਕੇਟਾਂ ਦੀਆਂ ਅਸਲੀ ਕਾਪੀਆਂ ਤਸਦੀਕ ਕਰਨੀਆਂ।

ਵਿਦੇਸ਼ਾਂ ਤੋਂ ਆ ਕੇ ਕੈਨੇਡਾ ਵਿੱਚ ਆ ਕੇ ਵਸੇ ਨਵੇਂ ਨਾਗਰਿਕਾਂ ਦੇ ਵਸੇਵੇ, ਰੁਜ਼ਗਾਰ ਤੇ ਇਮੀਗ੍ਰੇਸ਼ਨ ਲਈ ਵਿਸ਼ੇਸ਼ ਕੈਂਪ ਲਗਾਉਣੇ। ਟੈਕਸ ਮੁਆਫ਼ ਸਿਹਤ ਕੇਂਦਰਾਂ ਦੀ ਸਹੂਲਤ ਮੁਹੱਈਆ ਕਰਵਾਉਣਾ। ਯੂਥ ਐਜੂਕੇਸ਼ਨਲ ਪ੍ਰੋਗਰਾਮ ਕਰਨੇ। ਸਿੱਖਿਆ ਪ੍ਰਾਪਤੀ ਅਤੇ ਕੋਰਸਾਂ 'ਚ ਦਾਖਲੇ ਲਈ ਉਨ੍ਹਾਂ ਨੂੰ ਪੂਰੀ ਜਾਣਕਾਰੀ ਪ੍ਰਦਾਨ ਕਰਨਾ। ਸਿਹਤ ਸਬੰਧੀ ਸਹੂਲਤਾਂ ਦੀ ਪ੍ਰਾਪਤੀ ਲਈ ਬੀਮੇ ਤੇ ਸਿਹਤ ਕੇਂਦਰਾਂ ਦੀ ਜਾਣਕਾਰੀ ਹਾਸਲ ਕਰਵਾਉਣਾ। ਨਾਗਰਿਕਤਾ ਅਤੇ ਇਮੀਗ੍ਰੇਸ਼ਨ ਦੀ ਪ੍ਰਾਪਤੀ ਦੇ ਸਾਧਨਾਂ, ਸ਼ਰਤਾਂ ਬਾਰੇ ਜਾਣਕਾਰੀ ਦੇਣਾ ਤੇ ਉਨ੍ਹਾਂ ਦੀ ਸਹਾਇਤਾ ਕਰਨਾ।

ਇਹ ਮੁਲਕ ਦੂਜੇ ਦੇਸ਼ਾਂ ਤੋਂ ਆ ਕੇ ਇੱਥੇ ਵਸਣ ਵਾਲੇ ਲੋਕਾਂ ਨੂੰ ਖੁਸ਼ਾਮਦੀਦ ਕਹਿੰਦਾ ਹੈ। ਉਨ੍ਹਾਂ ਦੇ ਵਸਣ 'ਚ ਸਹਾਇਤਾ ਕਰਨ ਲਈ ਸੌ ਤਰ੍ਹਾਂ ਦੇ ਉਪਰਾਲੇ ਕਰਦਾ ਹੈ। ਉਨ੍ਹਾਂ ਦੀ ਖੁਸ਼ਹਾਲ ਜਿੰਦਗੀ ਲਈ ਉਨ੍ਹਾਂ ਨੂੰ ਰੁਜ਼ਗਾਰ ਦਿੰਦਾ ਹੈ, ਪਰ ਦੂਜੇ ਦੇਸ਼ਾਂ ਤੋਂ ਆ ਕੇ ਇਸ ਦੇਸ਼ 'ਚ ਵਸੇ ਬਹੁਤ ਸਾਰੇ ਅਕ੍ਰਿਤਘਣ ਨਾਗਰਿਕ ਚੋਰੀਆਂ ਕਰਕੇ, ਨਸ਼ੇ ਵੇਚਣ ਦਾ ਧੰਦਾ ਕਰਕੇ, ਲੁੱਟਮਾਰ ਕਰਕੇ ਤੇ ਹੋਰ ਗੈਰ ਕਾਨੂੰਨੀ ਗਤੀਵਿਧੀਆਂ ਕਰ ਕੇ ਇਸ ਮੁਲਕ ਦੀ ਸ਼ਾਂਤੀ ਵਿਵਸਥਾ ਲਈ ਖ਼ਤਰਾ ਪੈਦਾ ਕਰਕੇ ਸਰਕਾਰਾਂ ਲਈ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਖੜ੍ਹੀਆਂ ਕਰ ਰਹੇ ਹਨ। ਉਨ੍ਹਾਂ ਦੀਆਂ ਇਨ੍ਹਾਂ ਗੈਰ ਕਾਨੂੰਨੀ ਕਾਰਵਾਈਆਂ ਨਾਲ ਉਨ੍ਹਾਂ ਦੇ ਆਪਣੇ ਮੁਲਕਾਂ ਦਾ ਨਾਂ ਬਦਨਾਮ ਹੁੰਦਾ ਹੈ। ਦੂਜੇ ਮੁਲਕ ਉਨ੍ਹਾਂ ਦੇਸ਼ਾਂ ਦੇ ਨਾਗਰਿਕਾਂ ਦੇ ਆਉਣ ਉੱਤੇ ਪਾਬੰਦੀ ਲਗਾ ਰਹੇ ਹਨ। ਕੈਨੇਡਾ ਦੀ ਬਿਗੜ ਰਹੀ ਸਥਿਤੀ ਬਾਰੇ ਸੁਣ ਕੇ ਇਸ ਮੁਲਕ ਵਿੱਚ ਆ ਕੇ ਵਸਣ ਦਾ ਵਿਚਾਰ ਰੱਖਣ ਵਾਲੇ ਲੋਕ ਇੱਥੇ ਆਉਣ ਤੋਂ ਗੁਰੇਜ਼ ਕਰ ਰਹੇ ਹਨ।

ਆਪਣੇ ਮੁਲਕਾਂ ਦੀਆਂ ਸਮੱਸਿਆਵਾਂ ਦੇ ਸਤਾਏ ਜਿਹੜੇ ਨਗਰਿਕ ਇਸ ਮੁਲਕ 'ਚ ਆ ਕੇ ਗੈਰ ਕਾਨੂੰਨੀ ਧੰਦੇ ਕਰ ਰਹੇ ਹਨ, ਉਨ੍ਹਾਂ ਨੂੰ ਆਪਣੀ ਗੈਰ ਮਨੁੱਖੀ ਸੋਚ ਉੱਤੇ ਵਿਚਾਰ ਕਰਨਾ ਚਾਹੀਦਾ ਹੈ। ਜੇਕਰ ਇਹ ਮੁਲਕ ਖੁਸ਼ਹਾਲ ਹੋਵੇਗਾ। ਇੱਥੇ ਸ਼ਾਂਤੀ ਅਤੇ ਚੰਗਾ ਮਾਹੌਲ ਹੋਵੇਗਾ ਤਾਂ ਇਹ ਮੁਲਕ ਤਰੱਕੀ ਕਰੇਗਾ। ਇੱਥੇ ਵਸਣ ਵਾਲੇ ਲੋਕਾਂ ਨੂੰ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਮਿਲਣਗੇ। ਵੱਧ ਤੋਂ ਵੱਧ ਸਹੂਲਤਾਂ ਪ੍ਰਾਪਤ ਕਰਨ ਦੇ ਮੌਕੇ ਮਿਲਣਗੇ। ਹੋਰ ਲੋਕਾਂ ਨੂੰ ਇਸ ਮੁਲਕ ਵਿੱਚ ਆ ਕੇ ਵਸਣ ਦੇ ਮੌਕੇ ਮਿਲਣਗੇ। ਜੇਕਰ ਉਨ੍ਹਾਂ ਨਾਗਰਿਕਾਂ ਨੇ ਆਪਣੇ ਆਪ ਨੂੰ ਨਾ ਸੁਧਾਰਿਆ ਤਾਂ ਉਨ੍ਹਾਂ ਦਾ ਭਵਿੱਖ ਖ਼ਤਰੇ ਵਿੱਚ ਹੋਵੇਗਾ। ਕੈਨੇਡਾ ਤੋਂ ਸਬਕ ਲੈ ਕੇ ਦੂਜੇ ਮੁਲਕਾਂ ਨੂੰ ਵੀ ਆਪਣੇ ਮੁਲਕ ਵਿੱਚ ਐਕਿਵ ਵਰਗੀਆਂ ਲੋਕ ਭਲਾਈ ਸੰਸਥਾਵਾਂ ਕਾਇਮ ਕਰਨੀਆਂ ਚਾਹੀਦੀਆਂ ਹਨ।

# ਪਰਵਾਸ ਕਿਉਂ?

ਲੇਖਕ : ਸੁਖਪਾਲ ਸਿੰਘ ਬਰਨ
ਸੰਪਰਕ: 98726-59588



ਭਾਵੇਂ ਪੰਜਾਬੀਆਂ ਨੇ ਵਿਦੇਸ਼ਾਂ ਵਿੱਚ ਜਾ ਕੇ ਹਰ ਖੇਤਰ ਵਿੱਚ ਵੱਡੀਆਂ ਤਰੱਕੀਆਂ ਕੀਤੀਆਂ ਹਨ ਅਤੇ ਆਪਣੇ ਵੱਡੇ ਕਾਰੋਬਾਰ ਖੜ੍ਹੇ ਕੀਤੇ ਹਨ, ਪਰ ਪਰਵਾਸ ਉਨ੍ਹਾਂ ਲਈ ਸੁਖਾਵਾਂ ਨਹੀਂ ਕਿਹਾ ਜਾ ਸਕਦਾ। ਆਪਣਾ ਮੁਲਕ, ਘਰ, ਪਰਿਵਾਰ ਛੱਡਣਾ ਅਤੇ ਉੱਥੇ ਜਾ ਕੇ ਘੰਟਿਆਂ ਬੱਧੀ ਸਖ਼ਤ ਮਿਹਨਤ ਕਰਨੀ ਬਹੁਤ ਕਠਿਨ ਕਾਰਜ ਹੈ। ਭਾਵੇਂ ਉਹ ਉੱਥੇ ਜਾ ਕੇ ਵੱਸ ਗਏ ਹਨ, ਪਰ ਫਿਰ ਵੀ ਆਪਣੀ ਜਨਮ ਭੋਂਇ ਨਾਲ ਉਨ੍ਹਾਂ ਦਾ ਪਿਆਰ ਘੱਟ ਨਹੀਂ ਹੋਇਆ। ਅਸੀਂ ਅਕਸਰ ਦੇਖਦੇ ਹਾਂ ਕਿ ਵਿਦੇਸ਼ਾਂ ਵਿੱਚ ਰਹਿਣ ਵਾਲੇ ਲੋਕ ਇੱਧਰ ਪੰਜਾਬ ਆ ਕੇ ਸਿੱਖਿਆ ਦੇ ਖੇਤਰ ਵਿੱਚ, ਖੇਡਾਂ ਦੇ ਖੇਤਰ ਵਿੱਚ ਤੇ ਹੋਰ ਸਾਂਝੇ ਕੰਮਾਂ ਵਿੱਚ ਵੱਡੀ ਵਿੱਤੀ ਮਦਦ ਕਰਦੇ ਹਨ।

ਅੱਜ ਖ਼ਬਰਾਂ ਆ ਰਹੀਆਂ ਹਨ ਕਿ ਅਮਰੀਕਾ, ਕੈਨੇਡਾ ਤੇ ਹੋਰ ਯੂਰਪ ਦੇ ਦੇਸ਼ਾਂ ਵਿੱਚ ਆਰਥਿਕ ਮੰਦਵਾੜਾ ਚੱਲ ਰਿਹਾ ਹੈ। ਨੌਕਰੀਆਂ ਘੱਟ ਰਹੀਆਂ ਹਨ ਅਤੇ ਮਹਿੰਗਾਈ ਵਧ ਰਹੀ ਹੈ। ਅਜਿਹੇ ਹਾਲਾਤ ਵਿੱਚ ਉੱਥੇ ਪੜ੍ਹਨ ਗਏ ਵਿਦਿਆਰਥੀਆਂ ਲਈ ਕਾਲਜ, ਯੂਨੀਵਰਸਿਟੀਆਂ ਵਿੱਚ ਜਮਾਤਾਂ ਲਗਾਉਣ ਦੇ ਨਾਲ ਨਾਲ ਕਈ ਘੰਟੇ ਸਫਿਟਾਂ ਵਿੱਚ ਕੰਮ ਕਰਕੇ ਆਪਣੇ ਖ਼ਰਚੇ ਪੂਰੇ ਕੀਤੇ ਜਾ ਰਹੇ ਹਨ। ਅਜਿਹਾ ਕਰਨ ਨਾਲ ਉਨ੍ਹਾਂ ਨੂੰ ਬਹੁਤ ਸਾਰੀਆਂ ਮਾਨਸਿਕ ਤੇ ਸਿਹਤ ਸਬੰਧੀ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਹੈ। ਇੱਕ ਪਾਸੇ ਉਨ੍ਹਾਂ ਨੂੰ ਆਪਣੇ ਪਰਿਵਾਰਾਂ ਤੋਂ ਦੂਰ ਹੋਣ ਦਾ ਦਰਦ ਹੈ ਅਤੇ ਦੂਸਰੇ ਪਾਸੇ ਸੰਘਰਸ਼ਮਈ ਜੀਵਨ। ਅੱਜ ਸਾਨੂੰ ਜ਼ਰੂਰਤ ਹੈ ਕਿ ਉਨ੍ਹਾਂ ਦੀ ਪੀੜ ਨੂੰ ਸਮਝਿਆ ਜਾਏ ਅਤੇ ਉਨ੍ਹਾਂ ਪ੍ਰਤੀ ਹਮਦਰਦੀ ਪੂਰਵਕ ਰਵੱਈਆ ਅਪਣਾਇਆ ਜਾਵੇ। ਇੱਕ ਗੱਲ ਸਾਨੂੰ ਹਮੇਸ਼ਾਂ ਯਾਦ ਰੱਖਣੀ ਚਾਹੀਦੀ ਹੈ ਕਿ ਬਾਹਰ ਜਾਣ ਵਾਲੇ ਬੱਚੇ ਕੰਮਚੋਰ ਨਹੀਂ ਹਨ, ਉਹ ਕੰਮ ਤੋਂ ਡਰਦੇ ਇੱਥੋਂ ਨਹੀਂ ਗਏ ਹਨ ਸਗੋਂ ਉੱਥੇ ਜਾ ਕੇ ਤਾਂ ਉਹ ਇੱਥੋਂ ਨਾਲੋਂ ਕਿਤੇ ਵੱਧ ਸੰਘਰਸ਼ ਕਰ ਰਹੇ ਹਨ। ਅਸੀਂ ਦੁਆ ਕਰੀਏ ਕਿ ਉਹ ਮਿਹਨਤ ਕਰਕੇ ਆਪਣੀ ਜਿੰਦਗੀ ਵਿੱਚ ਕਾਮਯਾਬ ਹੋਣ। ਅੱਜ ਨਾ ਸਿਰਫ਼ ਸਾਡੇ ਸਮਾਜ ਦਾ ਹੋਣਹਾਰ ਨੌਜਵਾਨ ਬਾਹਰ ਜਾ ਰਿਹਾ ਹੈ ਬਲਕਿ ਇਸ ਦੇ ਨਾਲ ਸਾਡੇ ਦੇਸ਼ ਦਾ ਸਰਮਾਇਆ ਵੀ ਬਾਹਰ ਜਾ ਰਿਹਾ ਹੈ।

ਸਾਡੀਆਂ ਸਰਕਾਰਾਂ ਵੀ ਇਸ ਵਰਤਾਰੇ ਦੇ ਸਾਡੇ ਸਮਾਜ 'ਤੇ ਪੈਣ ਜਾ ਰਹੇ ਭਿਆਨਕ ਅਸਰਾਂ ਨੂੰ ਸਮਝਦੇ ਹੋਏ ਇੱਥੇ ਸਾਜ਼ਗਾਰ ਮਾਹੌਲ ਪੈਦਾ ਕਰਨ, ਰੁਜ਼ਗਾਰ ਦੇ ਵੱਧ ਮੌਕੇ ਪੈਦਾ ਕਰਨ, ਸਵੈ ਰੁਜ਼ਗਾਰ ਨੂੰ ਵਧਾਇਆ ਜਾਵੇ ਤਾਂ ਕਿ ਸਾਡੇ ਨੌਜਵਾਨ ਸਾਡੇ ਆਪਣੇ ਦੇਸ਼ ਵਿੱਚ ਮਿਹਨਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ।

# ਸਲੋਵਾਕੀਆ ਦੇ ਪ੍ਰਧਾਨ ਮੰਤਰੀ ਦਾ ਗੋਲੀਆਂ ਮਾਰ ਕੇ ਕਤਲ

ਬ੍ਰਾਤੀਸਲਾਵਾ: ਯੂਰਪੀ ਦੇਸ਼ ਸਲੋਵਾਕੀਆ ਦੇ ਪ੍ਰਸਿੱਧ ਪ੍ਰਧਾਨ ਮੰਤਰੀ ਰਾਬਰਟ ਫਿਕੋ ਗੋਲੀਬਾਰੀ ਵਿੱਚ ਜ਼ਖਮੀ ਹੋ ਗਏ ਹਨ। ਉਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ ਹੈ। ਨਿਊਜ਼ ਟੈਲੀਵਿਜ਼ਨ ਸਟੇਸ਼ਨ ਦੇ ਅਨੁਸਾਰ, ਇਹ ਘਟਨਾ ਰਾਜਧਾਨੀ ਤੋਂ ਲਗਭਗ 150 ਕਿਲੋਮੀਟਰ ਉੱਤਰ-ਪੂਰਬ ਵਿੱਚ ਹੈਂਡਲੋਵਾ ਕਸਬੇ ਵਿੱਚ ਵਾਪਰੀ। ਇਸ ਵਿਚ ਕਿਹਾ ਗਿਆ ਹੈ ਕਿ ਇਕ ਸ਼ੱਕੀ ਨੂੰ ਹਿਰਾਸਤ ਵਿਚ ਲਿਆ ਗਿਆ ਹੈ।



ਰਿਪੋਰਟਾਂ ਦੇ ਅਨੁਸਾਰ ਪ੍ਰਧਾਨ ਮੰਤਰੀ ਫਿਕੋ ਨੂੰ ਗੋਲੀ ਮਾਰ ਦਿੱਤੀ ਗਈ ਜਦੋਂ ਉਹ ਹੈਂਡੇਲੋਵਾ ਕਸਬੇ ਵਿੱਚ ਇੱਕ ਸੱਭਿਆਚਾਰਕ ਕਮਿਊਨਿਟੀ ਸੈਂਟਰ ਦੇ ਸਾਹਮਣੇ ਭੀੜ ਦਾ ਸਵਾਗਤ ਕਰ ਰਿਹਾ ਸੀ, ਜਿੱਥੇ ਇੱਕ ਸਰਕਾਰੀ ਮੀਟਿੰਗ ਹੋਈ ਸੀ। ਮੌਕੇ 'ਤੇ ਮੌਜੂਦ ਪੱਤਰਕਾਰਾਂ ਮੁਤਾਬਕ ਕਈ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦਿੱਤੀ। ਸਲੋਵਾਕ ਨੇਤਾ ਨੂੰ ਹਸਪਤਾਲ ਲਿਜਾਇਆ ਗਿਆ ਹੈ ਅਤੇ ਉਸਦੇ ਕਥਿਤ ਹਮਲਾਵਰ ਨੂੰ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ ਹੈ।

ਇੱਕ ਗਵਾਹ ਨੇ ਡੇਨਿਕ ਐਨ ਵੈਬਸਾਈਟ ਨੂੰ ਦੱਸਿਆ ਕਿ ਉਸ ਨੇ ਤਿੰਨ ਜਾਂ ਚਾਰ ਸ਼ਾਟ ਸੁਣੇ ਅਤੇ ਪੀਐਮ ਫਿਕੋ ਨੂੰ ਜ਼ਮੀਨ 'ਤੇ ਡਿੱਗਦੇ ਦੇਖਿਆ। ਉਸ ਨੇ ਆਪਣੇ ਸਿਰ ਅਤੇ ਛਾਤੀ 'ਤੇ ਜ਼ਖ਼ਮ ਦੇਖੇ। ਉਸਦੀ ਸੁਰੱਖਿਆ ਟੀਮ ਨੇ ਸ਼ੁਰੂ ਵਿੱਚ ਉਸਨੂੰ ਇੱਕ ਕਾਰ ਵਿੱਚ ਬਿਠਾਇਆ, ਅਤੇ ਸਥਾਨਕ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਉਸਨੂੰ ਫਿਰ ਹੈਲੀਕਾਪਟਰ ਦੁਆਰਾ ਇੱਕ ਨੇੜਲੇ ਹਸਪਤਾਲ ਵਿੱਚ ਲਿਜਾਇਆ ਗਿਆ। ਇੱਕ ਵੀਡੀਓ ਵਿੱਚ ਦਿਖਾਇਆ ਗਿਆ ਹੈ ਕਿ ਹੈਂਡੇਲੋਵਾ ਵਿੱਚ ਸੱਭਿਆਚਾਰਕ ਕੇਂਦਰ ਦੇ ਬਾਹਰ ਸ਼ੱਕੀ ਨੂੰ ਫੜਨ ਲਈ ਕਈ ਲੋਕ ਭੱਜ ਰਹੇ ਹਨ।

# ਵਾਲਮਾਰਟ ਨੇ ਸੈਂਕੜੇ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢਿਆ

ਵਾਸ਼ਿੰਗਟਨ : ਵਾਲਮਾਰਟ ਨੇ ਛਾਂਟੀ ਦਾ ਐਲਾਨ ਕੀਤਾ ਹੈ, ਜਿਸ ਨਾਲ ਸੈਂਕੜੇ ਨੌਕਰੀਆਂ ਪ੍ਰਭਾਵਤ ਹੋਣਗੀਆਂ। ਕੰਪਨੀ ਨੇ ਕਿਹਾ ਕਿ ਇਸ ਤੋਂ ਇਲਾਵਾ ਵਾਲਮਾਰਟ ਦੇ ਡੱਲਾਸ, ਅਟਲਾਂਟਾ ਅਤੇ ਟੋਰਾਂਟੋ ਦਫਤਰਾਂ ਦੇ ਮੁਲਾਜ਼ਮ ਅਤੇ ਕਾਮੇ ਬੈਂਟਨਵਿਲੇ, ਅਰਕਾਨਸਾਸ, ਹੋਬੋਕੇਨ (ਨਿਊ ਜਰਸੀ) ਅਤੇ ਸੈਨ ਫਰਾਂਸਿਸਕੋ ਬੇ ਏਰੀਆ ਵਿਚ ਅਪਣੇ ਮੁੱਖ ਦਫਤਰਾਂ ਵਿਚ ਤਬਦੀਲ ਹੋਣਗੇ। ਐਸੋਸੀਏਟਿਡ ਪ੍ਰੈਸ ਵਲੋਂ ਪ੍ਰਾਪਤ ਵਾਲਮਾਰਟ ਸਟਾਫ ਮੈਮੋ 'ਚ ਛਾਂਟੀ ਦਾ ਕੋਈ ਕਾਰਨ ਨਹੀਂ ਦਸਿਆ ਗਿਆ ਸੀ। ਇਸ ਨੇ ਸਿਰਫ ਇਹ ਕਿਹਾ ਕਿ 'ਸਾਡੇ ਕਾਰੋਬਾਰ ਦੇ ਕੁੱਝ ਹਿੱਸਿਆਂ 'ਚ ਤਬਦੀਲੀਆਂ ਹੋਈਆਂ ਹਨ' ਜਿਸ ਦੇ ਨਤੀਜੇ ਵਜੋਂ ਛਾਂਟੀ ਹੋਈ ਹੈ। ਵਾਲਮਾਰਟ ਦੇ ਬੁਲਾਰੇ ਨੇ ਤੁਰਤ ਸਵਾਲਾਂ ਦਾ ਜਵਾਬ ਨਹੀਂ ਦਿਤਾ।




# ਤਿੰਨ ਮਹੀਨਿਆਂ ਵਿਚ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਪਹੁੰਚੇ 43 ਹਜ਼ਾਰ ਪ੍ਰਵਾਸੀ



ਵਾਸ਼ਿੰਗਟਨ : 'ਡੌਂਕੀ ਰੂਟ' ਰਾਹੀਂ ਅਮਰੀਕਾ 'ਚ ਪ੍ਰਵਾਸੀਆਂ ਦੀ ਰਿਕਾਰਡ ਐਂਟਰੀ ਹੋਈ ਹੈ। ਮਾਰਚ 2024 ਤੱਕ 43 ਹਜ਼ਾਰ 152 ਭਾਰਤੀ ਸਰਹੱਦ ਤੋਂ ਘੁਸਪੈਠ ਕਰਕੇ ਅਮਰੀਕਾ ਪਹੁੰਚ ਚੁੱਕੇ ਹਨ। ਅਮਰੀਕੀ ਰਾਸ਼ਟਰਪਤੀ ਜੋਅ ਬਿਡੇਨ ਨੇ ਗੈਰ-ਕਾਨੂੰਨੀ ਸ਼ਰਨਾਰਥੀਆਂ ਨਾਲ ਨਜਿੱਠਣ ਲਈ ਨਿਯਮਾਂ ਨੂੰ ਸਖਤ ਕਰਨ ਦਾ ਫੈਸਲਾ ਕੀਤਾ ਹੈ। ਅਮਰੀਕੀ ਗ੍ਰਹਿ ਮੰਤਰਾਲੇ ਵੱਲੋਂ ਤਿਆਰ ਕੀਤੇ ਗਏ ਨਵੇਂ ਨਿਯਮਾਂ ਮੁਤਾਬਕ ਜੇਕਰ ਕਿਸੇ ਗੈਰ-ਕਾਨੂੰਨੀ ਪ੍ਰਵਾਸੀ ਦਾ ਅਪਰਾਧਿਕ ਰਿਕਾਰਡ ਪਾਇਆ ਜਾਂਦਾ ਹੈ ਤਾਂ ਉਸ ਨੂੰ ਅਮਰੀਕਾ ਵਿੱਚ ਸ਼ਰਨ ਲਈ ਅਰਜ਼ੀ ਦੇਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਨਵੇਂ ਨਿਯਮਾਂ ਮੁਤਾਬਕ ਅਪਰਾਧਿਕ ਰਿਕਾਰਡ ਵਾਲੇ ਗੈਰ-ਕਾਨੂੰਨੀ ਸ਼ਰਨਾਰਥੀਆਂ ਨੂੰ ਉਨ੍ਹਾਂ ਦੇ ਮੂਲ ਦੇਸ਼ ਭੇਜ ਦਿੱਤਾ ਜਾਵੇਗਾ।

ਹੁਣ ਤੱਕ, ਅਮਰੀਕਾ ਆਉਣ ਵਾਲੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉਦੋਂ ਤੱਕ ਅਮਰੀਕਾ ਵਿੱਚ ਰਹਿਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ ਜਦੋਂ ਤੱਕ ਉਨ੍ਹਾਂ ਦੀਆਂ ਸ਼ਰਨ ਦੀਆਂ ਅਰਜ਼ੀਆਂ 'ਤੇ ਕਾਰਵਾਈ ਨਹੀਂ ਹੋ ਜਾਂਦੀ ਪਰ ਦੇਖਿਆ ਜਾਂਦਾ ਹੈ ਕਿ ਅਦਾਲਤੀ ਸੁਣਵਾਈ ਦੌਰਾਨ ਗੈਰ-ਕਾਨੂੰਨੀ ਪ੍ਰਵਾਸੀ ਅਮਰੀਕਾ ਵਿਚ 'ਗਾਇਬ' ਹੋ ਜਾਂਦੇ ਹਨ ਅਤੇ ਸਾਲਾਂ ਤੱਕ ਅਮਰੀਕਾ ਵਿਚ ਰਹਿੰਦੇ ਹਨ। ਕੁਝ ਮਾਮਲਿਆਂ ਵਿੱਚ, ਇਹ ਲੋਕ ਆਪਣੇ ਵੈਧ ਦਸਤਾਵੇਜ਼ ਵੀ ਤਿਆਰ ਕਰਦੇ ਹਨ। ਅਮਰੀਕਾ ਵਿੱਚ ਗੈਰ ਕਾਨੂੰਨੀ ਤਰੀਕੇ ਨਾਲ ਪ੍ਰਵਾਸੀਆਂ ਨੂੰ ਉਦੋਂ ਤੱਕ ਰਹਿਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ ਜਦੋਂ ਤੱਕ ਉਨ੍ਹਾਂ ਦੀ ਅਰਜ਼ੀਆਂ 'ਤੇ ਅਦਾਲਤ ਕੋਈ ਫੈਸਲਾ ਨਹੀਂ ਸੁਣਾਉਂਦੀ ਹੈ,ਇਸ ਦੌਰਾਨ ਪ੍ਰਵਾਸੀ ਅਮਰੀਕਾ ਵਿੱਚ ਗਾਇਬ ਹੋ ਜਾਂਦੇ ਹਨ ਅਤੇ ਫਿਰ ਅਮਰੀਕਾ ਵਿੱਚ ਰਹਿੰਦੇ ਹਨ।

ਭਾਰਤ ਤੋਂ ਅਮਰੀਕਾ ਦਾ ਜਾਣ ਦੇ ਲਈ ਸਭ ਤੋਂ ਵੱਧ ਏਜੰਟ ਗੁਜਰਾਤ ਅਤੇ ਪੰਜਾਬ ਵਿੱਚ ਹਨ, ਹਰ ਇੱਕ ਵਿਅਕਤੀ ਕੋਲੋ 80 ਲੱਖ ਰੁਪਏ ਵਸੂਲੇ ਜਾਂਦੇ ਹਨ । ਇਸ ਤੋਂ ਬਾਅਦ ਲੋਕਾਂ ਨੂੰ ਦਬਈ,ਫਰਾਂਸ,ਵੈਸਟ ਇੰਡੀਜ਼ ਜਾਂ ਫਿਰ ਹੋਰ ਕੈਰੇਬੀਅਨ ਦੇਸ਼ਾਂ ਵਿੱਚ ਲਿਜਾਇਆ ਜਾਂਦਾ ਹੈ,ਫਿਰ ਮੈਕਸੀਕੋ ਅਤੇ ਕੈਨੇਡਾ ਦੀ ਸਰਹੱਦ ਤੋਂ ਹੁੰਦੇ ਉਨ੍ਹਾਂ ਨੂੰ ਅਮਰੀਕਾ ਵਿੱਚ ਦਾਖਲ ਕਰਵਾਇਆ ਜਾਂਦਾ ਹੈ । ਇਸ ਦੌਰਾਨ ਕਈ ਵਾਰ ਮੌਤ ਵੀ ਹੋ ਜਾਂਦੀ ਹੈ ।

ਅੰਕੜਿਆਂ ਮੁਤਾਬਿਕ ਭਾਰਤ ਤੋਂ 2020 ਦੇ ਵਿਚਾਲੇ 19,883 ਲੋਕ ਅਮਰੀਕਾ ਗਏ, 2021 ਵਿੱਚ 30,662 ਲੋਕ ਡੌਂਕੀ ਰਾਹੀ ਅਮਰੀਕਾ ਪਹੁੰਚੇ, 2022 ਵਿੱਚ ਇਹ ਗਿਣਤੀ ਵਧ ਕੇ ਦੁੱਗਣੀ 63,927 ਹੋ ਗਈ,2023 ਵਿੱਚ 96,917 ਪਹੁੰਚ ਗਈ ਅਤੇ ਇਸ ਸਾਲ ਸਿਰਫ 2 ਮਹੀਨੇ ਵਿੱਚ ਹੀ 43,152 ਡੌਂਕੀ ਰਾਹੀ ਲੋਕ ਅਮਰੀਕਾ ਪੁਹੰਚੇ ਹਨ । ਇਸ ਲਿਹਾਜ ਦੇ ਨਾਲ ਇਹ ਅੰਕੜਾ ਡੇਢ ਲੱਖ ਤੱਕ ਪਹੁੰਚ ਜਾਵੇਗੀ ।

Passport Photos
Family Partrait
Graduation
Fashion | Glamour
Photo Restoration
Photography
for all occasions
ਪਾਸਪੋਰਟ ਫੋਟੋ 2 ਫੋਟੋ $5 ਦੀਆਂ
ROYAL PHOTO STUDIO
ਵਿਆਹ ਜਾਂ ਕਿਸੇ ਵੀ ਫੰਕਸ਼ਨ ਤੇ ਵੀਡੀਓ ਦੀ ਸੇਵਾ
HD Blu-Ray, Cinematography
#171-8138 128 Street, Surrey (Payal Business Centre)
8140-120 Street, Surrey ( ਇੰਡੀਆ ਕੌਂਸਲੇਟ ਦੇ ਥੱਲੇ)
Mandeep S. Dhillon 604-594-2131, 778-840-4600

Diamond
Sweets & Restaurant
3 LOCATIONS
» SURREY
#102-15933 Fraser Hwy, Surrey, BC
604-593-5566
» LANGLEY
#102-7228 192 St. Langley, BC
604-372-4949
» DELTA
#160-8047 120St. Delta, BC
604-5917277
Specialised in all kinds of Indian Sweets & Foods
We do Catering for all Occassions
Open 7 days a Week
10:00am to 10:00pm



KNOWLEDGE TEST
PREPRATION ON COMPUTER
For Class 1,2,3,4,5,6,7 & 8
in PUNJABI & ENGLISH
AIR BRAKE COURSE EVERY WEEK
Frontline
DRIVING SCHOOL
Regular Lesson Price $55(60mins)
Male/Female Trainers Available
ਘਰ ਵਰਗਾ ਮਾਹੌਲ ਭੈਣਾਂ ਲਈ ਲੇਡੀਜ਼ ਟੀਚਰ
ਅਤੇ ਵੱਖਰਾ ਕਲਾਸ ਰੂਮ
GOLDEN PACKAGE: ~~$950~~ 899
15 Lessons (60min each)
+ Road Test Car rental with
1 Warmup Lesson
Savings: $51
SILVER PACKAGE: ~~$675~~ - 625
10 Lessons (60min each)
+ Road Test Car rental with
1 Warmup Lesson
Savings: $50
ICBC CERTIFIED TRAINERS
Call Now to book:
Gurpreet/Ranbir Sidhu
778.779.5888
ICBC, ਸੀਡਰ ਪਾਰਕ ਪਲੇਸ ਅਤੇ ਸ਼ਹਿਰ ਦੇ ਤਿੰਨੋਂ ਗੁਰਦੁਆਰਾ ਸਾਹਿਬਾਨ ਤੋਂ ਰਾਈਡ ਦਾ ਖਾਸ ਪ੍ਰਬੰਧ ਹੈ।



# 7-2345 Windsor Street Abbotsford
Safety Inspected
2022 Toyota Corolla
778-779-5888

# ਚੀਨ ਦਾ ਪਾਕਿਸਤਾਨ ਨਾਲ ਤਕਰਾਰ ਜਾਰੀ, ਅਮਰੀਕਾ- ਕੈਨੇਡਾ ਵਲੋਂ ਵੀ ਘੇਰਾਬੰਦੀ

## ਕੈਨੇਡਾ ਦੀ ਸੁਰੱਖਿਆ ਖ਼ੁਫ਼ੀਆ ਏਜੰਸੀ ਵਲੋਂ ਦੋਸ਼ ਕਿ ਭਾਰਤੀ ਖੁਫ਼ੀਆ ਨੈਟਵਰਕ ਸਿਖਾਂ ਉਪਰ ਹਮਲੇ ਕਰਨ ਲਈ ਉਤਾਰੂ



ਭਾਰਤ ਦੀਆਂ ਆਮ ਚੋਣਾਂ ਵਿੱਚ, ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਲਗਾਤਾਰ ਤੀਜੀ ਵਾਰ ਸਰਕਾਰ ਬਣਾਉਣ ਦੀ ਕੋਸਸ਼ਿ ਕਰ ਰਹੀ ਹੈ, ਜਦੋਂ ਕਿ ਮੁੱਖ ਵਿਰੋਧੀ ਪਾਰਟੀ, ਇੰਡੀਅਨ ਨੈਸ਼ਨਲ ਕਾਂਗਰਸ, ਆਪਣੇ 10 ਸਾਲਾਂ ਦੇ ਸਿਆਸੀ ਜਲਾਵਤਨੀ ਨੂੰ ਖਤਮ ਕਰਨ ਦੀ ਤਿਆਰੀ ਕਰ ਰਹੀ ਹੈ। ਦੋਵੇਂ ਵੱਡੀਆਂ ਪਾਰਟੀਆਂ ਜਨਤਾ ਨੂੰ ਲੁਭਾਉਣ ਲਈ ਆਪੋ-ਆਪਣੀਆਂ ਚਾਲਾਂ ਚੱਲ ਰਹੀਆਂ ਹਨ। ਇਸ ਲੜੀ ਵਿੱਚ ਵਿਦੇਸ਼ ਨੀਤੀ ਵੀ ਇੱਕ ਮੋਰਚਾ ਹੈ ਅਤੇ ਭਾਰਤ ਦੀ ਭੂਗੋਲਿਕ ਸਥਿਤੀ ਅਤੇ ਬਦਲਦੇ ਆਲਮੀ ਢਾਂਚੇ ਵਿੱਚ ਇਸ ਦੀ ਵਧਦੀ ਭੂਮਿਕਾ ਅਤੇ ਇੱਛਾਵਾਂ ਕਾਰਨ ਚੋਣਾਂ ਵਿੱਚ ਵਿਦੇਸ਼ ਨੀਤੀ ਦੀ ਚਰਚਾ ਪਹਿਲਾਂ ਨਾਲੋਂ ਵੱਧ ਹੋਣ ਲੱਗੀ ਹੈ। ਵਰਤਮਾਨ ਵਿੱਚ, ਦੁਨੀਆ ਦੇ ਕਈ ਹਿੱਸਿਆਂ ਵਿੱਚ ਤਣਾਅ ਅਤੇ ਸੰਘਰਸ਼ ਦੀ ਸਥਿਤੀ ਕਾਰਨ ਵਿਦੇਸ਼ ਨੀਤੀ ਦੀ ਮਹੱਤਤਾ ਵਧ ਗਈ ਹੈ। ਭਾਜਪਾ ਦੇ ਨਾਲ-ਨਾਲ ਭਾਰਤੀ ਕਾਂਗਰਸ ਨੇ ਵੀ ਆਪਣੇ ਚੋਣ ਮਨੋਰਥ ਪੱਤਰ ਵਿੱਚ ਵਿਦੇਸ਼ ਨੀਤੀ ਨੂੰ ਵਿਸ਼ੇਸ਼ ਤਰਜੀਹ ਦਿੱਤੀ ਹੈ।

ਸੈਂਟਰ ਫਾਰ ਪਾਲਿਸੀ ਰਿਸਰਚ ਦੇ ਫੈਲੋ ਸਿਆਸੀ ਵਿਸ਼ਲੇਸ਼ਕ ਰਾਹੁਲ ਵਰਮਾ ਅਨੁਸਾਰ ਕੁਛ ਸਮੇਂ ਪਹਿਲਾਂ ਤਕ ਭਾਰਤ ਵਿੱਚ ਵਿਦੇਸ਼ ਨੀਤੀ ਮੁੱਖ ਤੌਰ 'ਤੇ ਭਾਰਤ-ਪਾਕਿਸਤਾਨ ਟਕਰਾਅ, ਜਾਂ ਉਸ ਸੰਦਰਭ ਵਿੱਚ ਕਸ਼ਮੀਰ 'ਤੇ ਕੇਂਦਰਿਤ ਸੀ, ਕਦੇ-ਕਦਾਈਂ ਚੀਨ ਨਾਲ ਤਣਾਅ ਜਾਰੀ ਰਹਿੰਦਾ ਸੀ। ਪਰ ਪਿਛਲੇ ਦਸ-ਪੰਦਰਾਂ ਸਾਲਾਂ ਵਿੱਚ ਵਿਦੇਸ਼ ਨੀਤੀ ਨਾਲੋਂ ਜ਼ਿਆਦਾ ਰਾਸ਼ਟਰਵਾਦ, ਹਿੰਦੂਤਵ, ਮੁੱਖ ਧਾਰਾ ਅਤੇ ਘਰੇਲੂ ਰਾਜਨੀਤੀ ਬਾਰੇ ਵਧੇਰੇ ਚਰਚਾ ਹੋਣ ਲੱਗੀ ਸੀ।''

ਵਿਦੇਸ਼ ਨੀਤੀ 'ਤੇ ਦੋਹਾਂ ਪਾਰਟੀਆਂ ਦੇ ਨਜ਼ਰੀਏ ਵਿਚ ਫਰਕ ਦੇ ਸਵਾਲ 'ਤੇ ਰਾਹੁਲ ਵਰਮਾ ਕਹਿੰਦੇ ਹਨ, "ਦੋਵਾਂ ਪਾਰਟੀਆਂ ਦੇ ਲਹਿਜੇ ਵਿਚ ਵਿਚਾਰਧਾਰਕ ਫਰਕ ਹੋ ਸਕਦਾ ਹੈ ਪਰ ਉਨ੍ਹਾਂ ਦਾ ਰਵੱਈਆ ਵੱਖਰਾ ਨਹੀਂ ਹੈ।" ਵਰਮਾ ਨੇ ਇਹ ਵੀ ਕਿਹਾ, ''ਮੈਨੀਫੈਸਟੋ ਵਿੱਚ, ਦੋਵੇਂ ਪਾਰਟੀਆਂ ਨੇ ਵੱਖੋ-ਵੱਖਰੇ ਤਰੀਕਿਆਂ ਨਾਲ ਇੱਕੋ ਜਿਹੀਆਂ ਗੱਲਾਂ ਕਹੀਆਂ ਹਨ। ਜਿਸ ਤਰ੍ਹਾਂ ਕਾਂਗਰਸ ਗੱਲਬਾਤ ਆਧਾਰਿਤ ਪਹੁੰਚ ਨਾਲ ਅੱਤਵਾਦ ਨੂੰ ਖਤਮ ਕਰਨ ਦੀ ਗੱਲ ਕਰਦੀ ਹੈ, ਉਸੇ ਤਰ੍ਹਾਂ ਭਾਜਪਾ ਹਮਲਾਵਰ ਰੁਖ ਦਿਖਾਉਂਦੀ ਹੈ। ਗੋਲੀ ਬਦਲੇ ਗੋਲੀ ਦੀ ਨੀਤੀ ਅਪਨਾਉਂਦੀ ਹੈ''

ਭਾਰਤ ਦੀ ਸਰਹੱਦ ਚੀਨ ਅਤੇ ਪਾਕਿਸਤਾਨ ਨਾਲ ਲਗਦੀ ਹੈ। ਦੋਵਾਂ ਨਾਲ ਨਵੀਂ ਦਿੱਲੀ ਦੇ ਰਿਸ਼ਤੇ ਬਹੁਤੇ ਸੁਖਾਵੇਂ ਨਹੀਂ ਸਨ। ਚੀਨ ਭਾਰਤ ਦੇ ਗੁਆਂਢੀ ਦੇਸ਼ਾਂ 'ਤੇ ਆਪਣਾ ਪ੍ਰਭਾਵ ਵਧਾ ਰਿਹਾ ਹੈ ਅਤੇ ਇਸ ਨਾਲ ਭਾਰਤ 'ਤੇ ਦਬਾਅ ਵੀ ਵਧ ਰਿਹਾ ਹੈ। ਮਾਲਦੀਵ ਨਾਲ ਭਾਰਤ ਦੇ ਤਣਾਅਪੂਰਨ ਸਬੰਧ ਇਸ ਦੀ ਇੱਕ ਉਦਾਹਰਣ ਹਨ,

ਭਾਜਪਾ ਨੇ ਭਰੋਸਾ ਦਿੱਤਾ ਹੈ ਕਿ ਉਹ ਇੱਕ ਜ਼ੰਮਿਵਾਰ ਅਤੇ ਭਰੋਸੇਮੰਦ ਗੁਆਂਢੀ ਦੀ ਭੂਮਿਕਾ ਵਿੱਚ 'ਨੇਬਰਹੁਡ ਫਸਟ' ਦੀ ਨੀਤੀ 'ਤੇ ਕਾਇਮ ਰਹੇਗੀ। ਦੂਜੇ ਪਾਸੇ ਕਾਂਗਰਸ ਨੇ ਭੂਟਾਨ, ਬੰਗਲਾਦੇਸ਼ ਅਤੇ ਸ੍ਰੀਲੰਕਾ ਨਾਲ ਸਬੰਧਾਂ ਵਿੱਚ ਨਵੀਂ ਤਾਜ਼ਗੀ ਲਿਆਉਣ ਦਾ ਵਾਅਦਾ ਕੀਤਾ ਹੈ ।ਭਾਰਤ ਵਿੱਚ ਸਰਹੱਦ ਪਾਰ ਅੱਤਵਾਦ ਵੀ ਇੱਕ ਵੱਡਾ ਮੁੱਦਾ ਹੈ। ਬੀਜੇਪੀ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਚੀਨ ਅਤੇ ਪਾਕਿਸਤਾਨ ਦੀ ਸਰਹੱਦ 'ਤੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਦਾ ਵਾਅਦਾ ਕੀਤਾ ਹੈ। ਇਸ ਸੰਦਰਭ ਵਿੱਚ ਰਣਨੀਤਕ ਵਿਸ਼ਲੇਸ਼ਕ ਅਤੇ ਨਵੀਂ ਦਿੱਲੀ ਸਥਿਤ ਆਬਜ਼ਰਵਰ ਰਿਸਰਚ ਫਾਊਂਡੇਸ਼ਨ ਦੇ ਉਪ-ਪ੍ਰਧਾਨ ਹਰਸ਼ ਵੀ. ਪੰਤ ਅਨੁਸਾਰ, ''ਚੀਨ ਅਤੇ ਪਾਕਿਸਤਾਨ ਨਾਲ ਭਾਰਤ ਦੇ ਸਬੰਧ ਕਿਵੇਂ ਦੇ ਹੋਣਗੇ ਇਸ ਬਾਰੇ ਚੋਣ ਮਨੋਰਥ ਪੱਤਰ ਵਿੱਚ ਕੋਈ ਰੂਪਰੇਖਾ ਨਹੀਂ ਹੈ। ਹਾਲਾਂਕਿ, ਮੈਨੂੰ ਲੱਗਦਾ ਹੈ ਕਿ ਭਾਜਪਾ ਦਾ ਮੈਨੀਫੈਸਟੋ ਜੋ ਕਹਿਣ ਦੀ ਕੋਸਸ਼ਿ ਕਰ ਰਿਹਾ ਹੈ, ਉਹ ਇਹ ਹੈ ਕਿ ਭਾਰਤ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਹੋ ਸਕਦੀਆਂ ਹਨ, ਪਰ ਇੱਛਾਵਾਂ ਅਤੇ ਉਨ੍ਹਾਂ ਨੂੰ ਲਾਗੂ ਕਰਨ ਦੀ ਸਮਰੱਥਾ ਯਕੀਨੀ ਤੌਰ 'ਤੇ ਇੱਕ ਵੱਡੇ ਟੀਚੇ 'ਤੇ ਕੇਂਦਰਿਤ ਹੈ।

ਪਰ ਭਾਰਤ ਦਾ ਅਮਰੀਕਾ ਤੇ ਕੈਨੇਡਾ ਨਾਲ ਖਾਲਿਸਤਾਨੀ ਲੀਡਰਾਂ ਹਰਦੀਪ ਸਿੰਘ ਨਿਝਰ ਦੇ ਕਤਲ ਤੇ ਸਿੱਖ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜਿਸ਼ ਨਾਲ ਜੋ ਤਣਾਅ ਤੇ ਵਿਵਾਦ ਚਲ ਰਿਹਾ ਹੈ ,ਉਸ ਬਾਰੇ ਕਾਂਗਰਸ ਤੇ ਭਾਜਪਾ ਦੇ ਮੈਨੀਫੈਸਟੋ ਵਿਚ ਕੋਈ ਜ਼ਿਕਰ ਨਹੀਂ ਹੈ ਜਦ ਕਿ ਇਹ ਭਾਰਤ ਲਈ ਇਹ ਵਡਾ ਗੰਭੀਰ ਮਸਲਾ ਹੈ।ਭਾਰਤ ਦਾ ਰੂਸ ਤੋਂ ਇਲਾਵਾ ਕੋਈ ਮਿੱਤਰ ਦੇਸ਼ ਨਹੀਂ।ਪਰ ਯੂਕਰੇਨ ਜੰਗ ਵਿਚ ਫਸਿਆ ਰੂਸ ਭਾਰਤ ਦੇ ਦੁਸ਼ਮਣ ਚੀਨ ਦੀ ਮਦਦ ਉਪਰ ਆਧਾਰਿਤ ਹੈ,ਇਸ ਕਰਕੇ ਰੂਸ ਭਾਰਤ ਦੀ ਖੁਲ੍ਹਕੇ ਮਦਦ ਨਹੀਂ ਕਰ ਸਕੇਗਾ।ਕੈਨੇਡਾ ਅਮਰੀਕਾ ਨੇ ਪਹਿਲਾਂ ਹੀ ਸਰਹੱਦੀ ਦਖਲ ਅੰਦਾਜ਼ੀ ਕਾਰਣ ਭਾਰਤ ਨੂੰ ਘੇਰਿਆ ਹੋਇਆ ਹੈ।

ਹੁਣੇ ਜਿਹੇ ਕੈਨੇਡਾ ਦੀ ਸੁਰੱਖਿਆ ਖ਼ੁਫ਼ੀਆ ਏਜੰਸੀ (ਸੀ. ਐੱਸ. ਆਈ. ਸੀ.) ਨੇ ਆਪਣੀ 2017 ਦੀ ਇਕ ਰਿਪੋਰਟ ਵਿਚ ਕਿਹਾ ਹੈ ਕਿ ਵੈਨਕੂਵਰ ਤੇ ਟੋਰਾਂਟੋ ਵਿਚ ਭਾਰਤੀ ਖ਼ੁਫ਼ੀਆ ਨੈੱਟਵਰਕ ਨੇ ਸਿੱਖਾਂ 'ਤੇ ਹਮਲਿਆਂ ਦੀ ਯੋਜਨਾ ਬਣਾਈ ਸੀ। ਰਿਪੋਰਟ ਵਿਚ ਸਿਫਾਰਿਸ਼ ਕੀਤੀ ਗਈ ਸੀ ਕਿ ਭਾਰਤੀ ਖ਼ੁਫ਼ੀਆ ਏਜੰਸੀ 'ਰਾਅ' ਦੇ ਪ੍ਰਭਾਵ ਤੇ ਕੈਨੇਡਾ ਦੇ ਅੰਦਰੂਨੀ ਮਾਮਲਿਆਂ ਵਿਚ ਇਸ ਦੀ ਦਖ਼ਲਅੰਦਾਜ਼ੀ ਨੂੰ ਰੋਕਣ ਲਈ ਕਦਮ ਚੁੱਕੇ ਜਾਣੇ ਚਾਹੀਦੇ ਹਨ ਪਰ ਕੈਨੇਡਾ ਸਰਕਾਰ ਨੇ ਮਾਮਲੇ ਦੀ ਸਿਆਸੀ ਨਾਜ਼ੁਕਤਾ ਕਾਰਨ ਇਸ ਸਿਫਾਰਿਸ਼ ਵੱਲ ਕੋਈ ਧਿਆਨ ਨਹੀਂ ਦਿੱਤਾ ਸੀ।

ਜਾਣਕਾਰਾਂ ਦਾ ਕਹਿਣਾ ਹੈ ਕਿ ਕੈਨੇਡਾ ਸਰਕਾਰ ਨੇ ਇਸ ਡਰ ਤੋਂ ਰਿਪੋਰਟ 'ਤੇ ਕਦਮ ਨਹੀਂ ਚੁੱਕੇ ਕਿ ਇਸ ਨਾਲ ਭਾਰਤ ਨਾਰਾਜ਼ ਹੋ ਜਾਵੇਗਾ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਭਾਰਤ ਦੌਰਾ ਮੁਸ਼ਕਿਲ ਵਿਚ ਪੈ ਸਕਦਾ ਹੈ। ਕੈਨੇਡਾ ਸਰਕਾਰ ਦੇ ਇਸ ਰਵੱਈਏ ਕਾਰਨ ਵੈਨਕੂਵਰ ਤੇ ਟੋਰਾਂਟੋ ਵਿਚ ਭਾਰਤੀ ਨੈੱਟਵਰਕ ਨੇ ਬਿਨਾਂ ਕਿਸੇ ਡਰ ਦੇ ਆਪਣਾ ਕੰਮ ਜਾਰੀ ਰੱਖਿਆ।ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕੈਨੇਡਾ ਵਿਚ 2 ਦੇਸ਼ਾਂ ਨੇ ਸਭ ਤੋਂ ਵੱਧ ਦਖ਼ਲਅੰਦਾਜ਼ੀ ਕੀਤੀ ਪਰ ਇਨ੍ਹਾਂ ਵਿਚ ਭਾਰਤ ਚੀਨ ਨਾਲੋਂ ਵੱਡਾ ਦੋਸ਼ੀ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ 2016 ਤੋਂ ਬਾਅਦ ਕੈਨੇਡਾ ਵਿਚ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਤੇ ਪ੍ਰਭਾਵ ਹਾਸਲ ਕਰਨ ਲਈ ਸਰਕਾਰੀ ਅਦਾਰਿਆਂ 'ਚ ਘੁਸਪੈਠ ਕਰਨ ਵਾਲੀਆਂ ਭਾਰਤੀ ਖ਼ੁਫ਼ੀਆ ਸਰਗਰਮੀਆਂ ਵਿਚ ਕਾਫ਼ੀ ਵਾਧਾ ਹੋਇਆ ਹੈ।

ਕੈਨੇਡਾ ਦੇ ਖ਼ੁਫ਼ੀਆ ਅਧਿਕਾਰੀਆਂ ਮੁਤਾਬਕ ਭਾਰਤੀ ਦੂਤਘਰ ਦੇ 2 ਅਧਿਕਾਰੀਆਂ ਪਰਾਗ ਜੈਨ ਤੇ ਅਮਰਜੀਤ ਸਿੰਘ ਨੇ ਇਸ ਕੰਮ ਵਿਚ ਅਹਿਮ ਭੂਮਿਕਾ ਨਿਭਾਈ। ਇਹ ਦੋਵੇਂ ਗੁਰਦੁਆਰਿਆਂ ਵਿਚ ਭਾਰਤ ਪੱਖੀ ਸਿੱਖਾਂ ਦਾ ਪ੍ਰਭਾਵ ਵਧਾਉਣ, ਖ਼ਾਲਿਸਤਾਨੀ ਵਿਰੋਧੀਆਂ ਵਿਰੁੱਧ ਮੁਹਿੰਮਾਂ ਚਲਾਉਣ, ਖ਼ਾਲਿਸਤਾਨ ਦਾ ਵਿਰੋਧ ਕਰਨ ਵਾਲੇ ਸਿੱਖਾਂ ਲਈ ਵੀਜ਼ਿਆਂ ਦਾ ਪ੍ਰਬੰਧ ਕਰਨ ਤੇ ਉਨ੍ਹਾਂ ਨੂੰ ਪੈਸੇ ਦੇਣ ਵਿਚ ਸਭ ਤੋਂ ਅੱਗੇ ਸਨ।ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤੀ ਖ਼ੁਫ਼ੀਆ ਏਜੰਸੀ ਨੇ ਸਿੱਖ ਭਾਈਚਾਰੇ ਵਿਚ 'ਆਪਣੇ ਲੋਕਾਂ' ਦੇ ਰਾਹੀਂ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਚੰਦਾ ਵੀ ਦਿਵਾਇਆ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤੀ ਡਿਪਲੋਮੈਟਾਂ ਨੇ ਪੱਤਰਕਾਰਾਂ ਤੇ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਆਪਣਾ ਏਜੰਟ ਬਣਾਇਆ ਹੋਇਆ ਸੀ।

ਦੂਸਰੇ ਪਾਸੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਦਾਅਵਾ ਕੀਤਾ ਸੀ ਕਿ ਸਿੱਖ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਨਾਕਾਮ ਸਾਜਸ਼ਿ ਲਈ ਭਾਰਤੀ ਏਜੰਸੀਆਂ 'ਤੇ ਲੱਗੇ ਦੋਸ਼ਾਂ ਨਾਲ ਭਾਰਤ ਅਤੇ ਅਮਰੀਕਾ ਦੇ ਸਬੰਧਾਂ 'ਤੇ ਕੋਈ ਅਸਰ ਨਹੀਂ ਪਿਆ ਹੈ। ਜੈਸ਼ੰਕਰ ਨੇ ਕਿਹਾ ਕਿ ਭਾਰਤ-ਅਮਰੀਕਾ ਸਬੰਧਾਂ ਦੀ ਬੁਨਿਆਦ ਬਹੁਤ ਮਜ਼ਬੂਤ ਹੈ । ਉਨ੍ਹਾਂ ਕਿਹਾ ਕਿ ਅਮਰੀਕਾ ਨੇ ਕੁਝ ਖਾਸ ਜਾਣਕਾਰੀ ਸਾਡੇ ਧਿਆਨ ਹੇਠ ਲਿਆਂਦੀ ਸੀ ,ਕਿਉਂਕਿ ਅਸੀ ਵੀ ਮੰਨਦੇ ਹਾਂ ਕਿ ਉਸ ਦਾ ਕੁਝ ਅਸਰ ਸਾਡੀ ਆਪਣੀ ਪ੍ਰਣਾਲੀ 'ਤੇ ਵੀ ਪੈਂਦਾ ਹੈ। ਅਸੀਂ ਮਾਮਲੇ ਦੀ ਜਾਂਚ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਦੇਸ਼ ਦੀ ਵਿਦੇਸ਼ ਨੀਤੀ ਵਿਚ ਹਾਂ-ਪੱਖੀ ਰਵੱਈਆ ਅਪਣਾਇਆ ਗਿਆ। ਨਿੱਝਰ ਹੱਤਿਆ ਕਾਂਡ ਦੇ ਮਾਮਲੇ 'ਤੇ ਕੈਨੇਡਾ ਨਾਲ ਵਿਗੜੇ ਸਬੰਧਾਂ ਬਾਰੇ ਜੈਸ਼ੰਕਰ ਨੇ ਕਿਹਾ ਕਿ ਖਾਲਿਸਤਾਨੀ ਵੱਖਵਾਦੀਆਂ ਨੂੰ ਸਿਆਸੀ ਪਨਾਹ ਦੇ ਕੇ ਕੈਨੇਡਾ ਸਰਕਾਰ ਇਹ ਸੁਨੇਹਾ ਦੇ ਰਹੀ ਹੈ ਕਿ ਉਸ ਦਾ ਵੋਟ ਬੈਂਕ ਉਸ ਦੇ ਕਾਨੂੰਨ ਦੇ ਸ਼ਾਸਨ ਤੋਂ ਵਧੇਰੇ ਤਾਕਤਵਰ ਹੈ।

ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਸਾਨੂੰ ਕੈਨੇਡਾ ਨੇ ਹਰਦੀਪ ਸਿੰਘ ਨਿਝਰ ਦੇ ਕਤਲ ਦੇ ਦੋਸ਼ ਵਿਚ ਤਿੰਨਾਂ ਮੁਲਜ਼ਮਾਂ ਦੀ ਗ੍ਰਿਫਤਾਰੀ ਬਾਰੇ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਹੈ।ਭਾਰਤੀ ਵਿਦੇਸ਼ ਮੰਤਰੀ ਨੇ ਕਿਹਾ ਸਾਨੂੰ ਹੁਣ ਤੱਕ ਕੈਨੇਡਾ ਵੱਲੋਂ ਨਿੱਝਰ ਮਾਮਲੇ ਵਿੱਚ ਕੋਈ ਠੋਸ ਸਬੂਤ ਨਹੀਂ ਦਿੱਤੇ ਗਏ। ਇਸ ਲਈ ਅਸੀਂ ਇਸ 'ਤੇ ਕਿਵੇਂ ਜਵਾਬ ਦੇ ਸਕਦੇ ਹਾਂ, ਸਾਨੂੰ ਸਿਰਫ਼ ਰਿਪੋਰਟ ਦੇ ਜ਼ਰੀਏ ਜਾਣਕਾਰੀ ਮਿਲੀ ਹੈ ਕਿ ਕੈਨੇਡਾ ਪੁਲਿਸ ਨੇ ਸਟੂਡੈਂਟ ਵੀਜ਼ਾ 'ਤੇ ਗਏ 3 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ।

ਭਾਰਤੀ ਵਿਦੇਸ਼ ਮੰਤਰਾਲਾ ਨੇ ਕਿਹਾ ਅਸੀਂ ਸ਼ੁਰੂ ਤੋਂ ਕਹਿ ਰਹੇ ਹਾਂ ਕਿ ਵੱਖਵਾਦੀਆਂ ਨੂੰ ਸਿਰਫ਼ ਸਿਆਸੀ ਲਾਭ ਦੇ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਸਾਡੇ ਸਫੀਰ ਨੂੰ ਆਪਣੀ ਡਿਊਟੀ ਕਰਨ 'ਤੇ ਧਮਕਾਇਆ ਗਿਆ, ਅਸੀਂ ਕੈਨੇਡਾ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਪਰ ਇਸ ਦੇ ਬਾਵਜੂਦ ਉਨ੍ਹਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ।ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਅਸੀਂ ਕਈ ਵਾਰ ਲੋੜੀਂਦੇ ਮੁਲਜ਼ਮਾਂ ਦੀ ਸਪੁਰਦਗੀ ਦੇ ਲਈ ਕੈਨੇਡਾ ਨੂੰ ਕਹਿ ਚੁੱਕੇ ਹਾਂ ਪਰ ਉਹ ਅਜਿਹੇ ਲੋਕਾਂ ਨੂੰ ਸੁਰੱਖਿਅਤ ਪਨਾਹ ਦੇ ਰਹੇ ਹਨ। ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਓਨਟਾਰੀਓ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਦਾ ਪੁਤਲਾ ਸਾੜਿਆ ਗਿਆ ਹੈ। ਹਿੰਸਾ ਕਰਨ ਵਾਲੇ ਇਸ ਨੂੰ ਸ਼ਾਨ ਨਾਲ ਪ੍ਰਚਾਰ ਰਹੇ ਹਨ।

ਪਰ ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਰਤ ਵਿਦੇਸ਼ੀ ਨੀਤੀ ਦੇ ਸੰਦਰਭ ਵਿਚ ਘਿਰਿਆ ਹੋਇਆ ਹੈ। ਅਮਰੀਕਾ ਭਾਰਤ ਨੂੰ ਚੀਨ ਦੇ ਵਿਰੁਧ ਵਰਤਣ ਲਈ ਉਸਦੀਆਂ ਅਮਰੀਕਾ ਤੇ ਕੈਨੇਡਾ ਦੀਆਂ ਹੱਦਾਂ ਵਿਚ ਦਖਲਅੰਦਾਜ਼ੀ ਨੂੰ ਅਧਾਰ ਬਣਾਕੇ ਆਪਣਾ ਮੰਤਵ ਪੂਰਾ ਕਰ ਰਿਹਾ ਹੈ।ਦੂਜੇ ਪਾਸੇ ਚੀਨ ਤੇ ਪਾਕਿਸਤਾਨ ਸਾਂਝ ਭਾਰਤ ਲਈ ਖਤਰਾ ਬਣੀ ਹੋਈ ਹੈ।


SINCE : 2007

ਕੈਨੇਡੀਅਨ ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES

ਪਾਠਕਾਂ ਦੇ ਵਿਸ਼ਵਾਸ਼ ਦਾ 18 ਵਾਂ ਸਾਲ



24 ਘੰਟੇ ਆਨਲਾਈਨ ਪੜ੍ਹੋ
www.thepunjabtimes.ca
ਲੇਖ ਅਤੇ ਚਲੰਤ ਮਸਲੇ

ਜੇਕਰ ਤੁਸੀਂ ਆਪਣੇ ਵਪਾਰ ਨੂੰ ਵਧਾਉਣਾ ਚਾਹੁੰਦੇ ਹੋ
ਤਾਂ ਅੱਜ ਹੀ ਸਾਡੇ ਨਾਲ ਜੁੜੋ

It's Time To Grow Your Business
Advertise with us...

ਕੈਨੇਡੀਅਨ ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ

: canadianpunjabtimes@gmail.com
Contact : 604-338-7310

# ਅੰਮ੍ਰਿਤਪਾਲ ਸਿੰਘ ਦੀ ਆਮਦ ਨਾਲ ਬਦਲੇ ਸਿਆਸੀ ਸਮੀਕਰਨ, ਵੱਡੀਆਂ ਪਾਰਟੀਆਂ ਆਪਣੀ ਜਿੱਤ ਲਈ ਸ਼ਸ਼ੋਪੰਜ ਵਿਚ

ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਆਜ਼ਾਦ ਤੇ ਪੰਥਕ ਉਮੀਦਵਾਰ ਵਜੋਂ ਅੰਮ੍ਰਿਤਪਾਲ ਸਿੰਘ ਦੀ ਆਮਦ ਨਾਲ ਸਿਆਸੀ ਸਮੀਕਰਨ ਬਦਲਣ ਲੱਗੇ ਹਨ। ਉਸ ਕਾਰਣ ਆਮਦ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਆਪਣੀ ਜਿੱਤ ਹਾਰ ਦਾ ਧੁੜਕੂ ਲਗਾ ਹੋਇਆ ਨੂੰ ਹੈ। ਇਸ ਲੋਕ ਸਭਾ ਹਲਕੇ ਵਿੱਚ ਹੁਣ ਤੱਕ ਅੰਮ੍ਰਿਤਪਾਲ ਸਿੰਘ ਤੋਂ ਇਲਾਵਾ ਪੰਜ ਮੁੱਖ ਸਿਆਸੀ ਪਾਰਟੀਆਂ ਦੇ ਉਮੀਦਵਾਰ ਚੋਣ ਮੈਦਾਨ ਵਿੱਚ ਹਨ ਜਿਨ੍ਹਾਂ ਵਿਚ ਕਾਂਗਰਸ ਵੱਲੋਂ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ, 'ਆਪ' ਵੱਲੋਂ ਮੌਜੂਦਾ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ, ਸ਼੍ਰੋਮਣੀ ਅਕਾਲੀ ਦਲ ਵੱਲੋਂ ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ, ਭਾਜਪਾ ਵੱਲੋਂ ਸਾਬਕਾ ਵਿਧਾਇਕ ਮਨਜੀਤ ਸਿੰਘ ਮੰਨਾ ਮੀਆਂਵਿੰਡ ਤੇ ਖੱਬੇ ਪੱਖੀ ਧਿਰਾਂ ਸੀਪੀਆਈ ਵੱਲੋਂ ਗੁਰਦਿਆਲ ਸਿੰਘ ਸ਼ਾਮਿਲ ਹਨ। ਇਸ ਕਾਰਨ ਇਸ ਲੋਕ ਸਭਾ ਹਲਕੇ ਵਿੱਚ ਵੀ ਇਸ ਵਾਰ ਬਹੁਕੋਣਾ ਮੁਕਾਬਲਾ ਹੋਵੇਗਾ। ਪਿਛੋਕੜ 'ਤੇ ਜੇਕਰ ਝਾਤ ਮਾਰੀ ਜਾਵੇ ਤਾਂ 2008 ਤੋਂ ਪਹਿਲਾਂ ਇਹ ਹਲਕਾ ਤਰਨ ਤਾਰਨ ਲੋਕ ਸਭਾ ਹਲਕੇ ਦੇ ਨਾਂ ਨਾਲ ਜਾਣਿਆ ਜਾਂਦਾ ਸੀ ਪਰ 2009 ਵਿੱਚ ਇਸ ਨੂੰ ਖਡੂਰ ਸਾਹਿਬ ਲੋਕ ਸਭਾ ਹਲਕੇ ਦੇ ਰੂਪ ਵਿੱਚ ਬਦਲ ਦਿੱਤਾ ਗਿਆ ਅਤੇ ਇਸ ਵਿੱਚ ਕਈ ਨਵੇਂ ਵਿਧਾਨ ਸਭਾ ਹਲਕੇ ਸ਼ਾਮਲ ਕੀਤੇ ਗਏ। ਇਸ ਲੋਕ ਸਭਾ ਹਲਕੇ ਹੇਠ ਆਉਂਦੇ ਨੌਂ ਵਿਧਾਨ ਸਭਾ ਹਲਕੇ ਵੱਖ ਵੱਖ ਚਾਰ ਜਲ੍ਹਿਆਂ ਤੋਂ ਹਨ ਜਿਨ੍ਹਾਂ ਵਿੱਚ ਅੰਮ੍ਰਿਤਸਰ ਜਲ੍ਹਿ ਦੇ ਦੋ ਵਿਧਾਨ ਸਭਾ ਹਲਕੇ ਜੰਡਿਆਲਾ ਅਤੇ ਬਾਬਾ ਬਕਾਲਾ, ਤਰਨ ਤਾਰਨ ਜਲ੍ਹਿ ਦੇ ਚਾਰ ਤਰਨ ਤਾਰਨ, ਖਡੂਰ ਸਾਹਿਬ, ਪੱਟੀ ਅਤੇ ਖੇਮਕਰਨ, ਕਪੂਰਥਲਾ ਜਲ੍ਹਿ ਦੇ ਕਪੂਰਥਲਾ ਤੇ ਸੁਲਤਾਨਪੁਰ ਲੋਧੀ ਅਤੇ ਫਿਰੋਜ਼ਪੁਰ ਜਲ੍ਹਿ ਦਾ ਜ਼ੀਰਾ ਹਲਕਾ ਸ਼ਾਮਲ ਹੈ। ਇਸ ਲੋਕ ਸਭਾ ਹਲਕੇ ਦੇ ਨੌਂ ਵਿਧਾਨ ਸਭਾ ਹਲਕਿਆਂ ਵਿਚੋਂ ਸੱਤ ਵਿਚ 'ਆਪ' ਵਿਧਾਇਕ ਕਾਬਜ਼ ਹਨ ਜਦਕਿ ਇੱਕ ਵਿਧਾਨ ਸਭਾ ਹਲਕੇ ਵਿਚ ਕਾਂਗਰਸ ਤੇ ਇੱਕ ਵਿਧਾਨ ਸਭਾ ਹਲਕੇ ਵਿੱਚ ਆਜ਼ਾਦ ਵਿਧਾਇਕ ਕਾਬਜ਼ ਹੈ। ਇਸ ਕਾਰਨ ਕਿਹਾ ਜਾ ਸਕਦਾ ਹੈ ਕਿ ਇਸ ਵੇਲੇ ਲੋਕ ਸਭਾ ਹਲਕੇ 'ਤੇ 'ਆਪ' ਦਾ ਦਬਦਬਾ ਹੈ।

ਸਾਲ 1952 ਤੋਂ ਲੈ ਕੇ 2019 ਤੱਕ ਇਸ ਹਲਕੇ ਵਿੱਚ ਹੋਈਆਂ ਲੋਕ ਸਭਾ ਚੋਣਾਂ ਅਤੇ ਉਪ ਚੋਣਾਂ ਦੌਰਾਨ ਸੱਤ ਵਾਰ ਕਾਂਗਰਸੀ ਉਮੀਦਵਾਰ ਅਤੇ 11 ਵਾਰ ਅਕਾਲੀ ਉਮੀਦਵਾਰ ਜਿੱਤੇ ਹਨ ਜਿਨ੍ਹਾਂ ਵਿਚ 1989 ਵਿੱਚ ਸਿਮਰਨਜੀਤ ਸਿੰਘ ਮਾਨ ਵੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਉਮੀਦਵਾਰ ਵਜੋਂ ਚੋਣ ਜਿੱਤ ਚੁੱਕੇ ਹਨ। ਇਸ ਤੋਂ ਇਲਾਵਾ 10 ਵਾਰ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਚੋਣ ਜਿੱਤੇ ਹਨ ਜਿਸ ਵਿੱਚ ਸਭ ਤੋਂ ਵਧੇਰੇ ਤੁੜ ਪਰਿਵਾਰ ਦੇ ਜੀਅ ਸ਼ਾਮਲ ਸਨ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਜਦੋਂ ਇੱਕ ਵਾਰ ਮੁੜ ਕਾਂਗਰਸ ਦੇ ਜਸਬੀਰ ਸਿੰਘ ਡਿੰਪਾ ਨੇ ਇਸ ਹਲਕੇ ਵਿੱਚ ਸੰਨ੍ਹ ਲਾਈ ਸੀ ਤਾਂ ਉਸ ਵੇਲੇ ਵੀ ਪੰਥਕ ਵੋਟ ਵੰਡੀ ਗਈ ਸੀ। ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਬੀਬੀ ਜਗੀਰ ਕੌਰ ਅਤੇ ਪੰਥਕ ਉਮੀਦਵਾਰ ਵਜੋਂ ਬੀਬੀ ਪਰਮਜੀਤ ਕੌਰ ਖਾਲੜਾ ਨੇ ਚੋਣ ਲੜੀ ਸੀ। ਜੇ ਦੋਵਾਂ ਉਮੀਦਵਾਰਾਂ ਦੀ ਵੋਟ ਫੀਸਦ ਨੂੰ ਜੋੜਿਆ ਜਾਵੇ ਤਾਂ ਉਨ੍ਹਾਂ ਨੇ 50 ਫੀਸਦ ਵੋਟ ਪ੍ਰਾਪਤ ਕੀਤੀ ਸੀ ਜਦਕਿ ਕਾਂਗਰਸ ਦੇ ਉਮੀਦਵਾਰ ਨੇ 43 ਫੀਸਦ ਵੋਟ ਪ੍ਰਾਪਤ ਕੀਤੀ ਸੀ ਪਰ ਸਿੱਖ ਵੋਟ ਵੰਡੇ ਜਾਣ ਕਾਰਨ ਕਾਂਗਰਸੀ ਉਮੀਦਵਾਰ ਨੂੰ ਲਾਹਾ ਮਿਲਿਆ ਸੀ। ਇਸ ਵਾਰ ਪੰਥਕ ਵੋਟਰਾਂ ਦਾ ਝੁਕਾਅ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਖਾਲਸਾ ਵੱਲ ਵਧ ਰਿਹਾ ਹੈ।ਪਿੰਡਾਂ ਵਿਚ ਅੰਮ੍ਰਿਤ ਪਾਲ ਸਿੰਘ ਨੂੰ ਵੋਟ ਪਾਉਣ ਲਈ ਮਤੇ ਪਾਸ ਕੀਤੇ ਜਾ ਰਹੇ ਹਨ। ਕਈ ਥਾਵਾਂ ਉਪਰ ਕਾਂਗਰਸ ,ਆਪ ਤੇ ਅਕਾਲੀ ਦਲ ਦੇ ਵਰਕਰ ਅੰਮ੍ਰਿਤ ਪਾਲ ਸਿੰਘ ਦੀ ਮੁਹਿੰਮ ਵਿਚ ਸ਼ਾਮਿਲ ਹਨ।ਅੰਮ੍ਰਿਤਪਾਲ ਸਿੰਘ ਇਸ ਵੇਲੇ ਐੱਨਐੱਸਏ ਹੇਠ ਅਸਾਮ ਦੇ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹੈ। ਉਸ ਦੇ ਆਜ਼ਾਦ ਉਮੀਦਵਾਰ ਵਜੋਂ ਚੋਣ ਮੈਦਾਨ ਵਿੱਚ ਨਿਤਰਨ ਕਾਰਨ ਪਿਛਲੀ ਵਾਰ ਚੋਣ ਲੜ ਚੁੱਕੀ ਬੀਬੀ ਪਰਮਜੀਤ ਕੌਰ ਖਾਲੜਾ ਵੀ ਉਸ ਦੇ ਹੱਕ ਵਿੱਚ ਆ ਗਈ ਹੈ।ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਤੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਵੀ ਅੰਮ੍ਰਿਤ ਪਾਲ ਸਿੰਘ ਦੀ ਹਮਾਇਤ ਕਰ ਦਿਤੀ ਹੈ।ਪਿੰਡਾਂ ਵਿਚ ਇਹ ਵੀ ਅਪੀਲਾਂ ਜਾਰੀ ਹਨ ਕਿ ਬਾਦਲ ਦਲ ਆਪਣਾ ਉਮੀਦਵਾਰ ਭਾਈ ਅੰਮਿਝਤਪਾਲ ਸਿੰਘ ਦੇ ਹੱਕ ਵਿਚ ਆਪਣਾ ਉਮੀਦਵਾਰ ਬਿਠਾ ਲਵੇ।



ਇਥੇ ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅਤੇ ਐੱਨ.ਐੱਸ.ਏ. ਦੀ ਸਖ਼ਤ ਧਾਰਾ ਅਧੀਨ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਭਾਈ ਅੰਮਿਝਤਪਾਲ ਸਿੰਘ ਵਲੋਂ ਹਲਕਾ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਵਜੋਂ ਜੇਲ੍ਹ ਸੁਪਰਡੈਂਟ ਡਿਬਰੂਗੜ੍ਹ ਵਲੋਂ ਭੇਜੇ ਤਸਦੀਕਸ਼ੁਦਾ ਨਾਮਜ਼ਦਗੀ ਪੱਤਰ ਉਨ੍ਹਾਂ ਦੇ ਚਾਚਾ ਸੁਖਚੈਨ ਸਿੰਘ ਨੇ ਤਰਨ ਤਾਰਨ ਵਿਖੇ ਸਹਾਇਕ ਰਿਟਰਨਿੰਗ ਅਫ਼ਸਰ ਸਿਮਰਨਦੀਪ ਸਿੰਘ ਨੂੰ ਜਮ੍ਹਾਂ ਕਰਵਾ ਦਿੱਤੇ ਸਨ । ਦਾਖ਼ਲ ਕੀਤੇ ਗਏ ਨਾਮਜ਼ਦਗੀ ਪੱਤਰਾਂ ਉਪਰ ਭਾਈ ਅੰਮਿਝਤਪਾਲ ਸਿੰਘ ਦੇ ਦਸਤਖ਼ਤਾਂ ਤੋਂ ਇਲਾਵਾ ਸੈਂਟਰਲ ਜੇਲ੍ਹ ਡਿਬਰੂਗੜ੍ਹ ਜੇਲ੍ਹ ਸੁਪਰਡੈਂਟ ਵਲੋਂ ਤਸਦੀਕ ਕੀਤਾ ਗਿਆ ਹੈ ਅਤੇ ਡਿਬਰੂਗੜ੍ਹ ਦੇ ਨੋਟਰੀ ਪਬਲਿਕ ਵਿਰਾਜ ਅਖ਼ਤਰ ਨੇ ਵੀ ਇਸ ਨੂੰ ਤਸਦੀਕ ਕੀਤਾ ਹੈ । ਦਾਖ਼ਲ ਨਾਮਜ਼ਦਗੀ ਪੱਤਰਾਂ ਵਿਚ ਅੰਮਿਝਤਪਾਲ ਸਿੰਘ ਦੇ ਖ਼ਿਲਾਫ਼ ਥਾਣਾ ਡਿਬਰੂਗੜ੍ਹ ਵਿਚ ਜੇਲ੍ਹ ਵਿਚ ਅਣ-ਅਧਿਕਾਰਤ ਤੌਰ 'ਤੇ ਇਲੈਕਟ੍ਰੋਨਿਕ ਵਸਤੂਆਂ ਨੂੰ ਇਸਤੇਮਾਲ ਕਰਨ ਦੇ ਦਰਜ ਕੀਤੇ ਇਕ ਕੇਸ ਤੋਂ ਇਲਾਵਾ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿਚ 11 ਹੋਰ ਦਰਜ ਕੀਤੇ ਗਏ ਕੇਸਾਂ ਨੂੰ ਦਰਸਾਇਆ ਗਿਆ ਹੈ ।ਇਹ ਸਾਰੇ ਕੇਸ ਵਿਚਾਰ ਅਧੀਨ ਹਨ ।ਭਾਈ ਅੰਮਿਝਤਪਾਲ ਸਿੰਘ ਨੂੰ ਅਜੇ ਤੱਕ ਕਿਸੇ ਵੀ ਕੇਸ ਵਿਚ ਦੇਸ਼ ਦੀ ਕਿਸੇ ਵੀ ਅਦਾਲਤ ਵਲੋਂ ਸਜ਼ਾ ਨਹੀਂ ਸੁਣਾਈ। ਉਨ੍ਹਾਂ ਕੋਲ ਕੋਈ ਵੀ ਨਗਦੀ ਨਹੀਂ ਹੈ ਅਤੇ ਸਿਰਫ਼ ਰਈਆ ਵਿਖੇ ਸਟੇਟ ਬੈਂਕ ਆਫ਼ ਇੰਡੀਆ ਬੈਂਕ ਦੀ ਬ੍ਰਾਂਚ ਵਿਚ 1 ਹਜ਼ਾਰ ਰੁਪਏ ਜਮ੍ਹਾਂ ਹਨ । ਇਸ ਤੋਂ ਇਲਾਵਾ ਉਨ੍ਹਾਂ ਦੀ ਪਤਨੀ ਕਿਰਨਦੀਪ ਕੌਰ 20 ਹਜ਼ਾਰ ਰੁਪਏ ਨਗਦੀ ਤੋਂ ਇਲਾਵਾ ਲੰਡਨ ਦੇ ਬੈਂਕ ਵਿਚ 4 ਹਜ਼ਾਰ ਜੀ.ਵੀ.ਡੀ. ਹਨ, ਜਿਸ ਦੀ ਭਾਰਤ ਵਿਚ ਕੀਮਤ 4 ਲੱਖ 17 ਹਜ਼ਾਰ 440 ਰੁਪਏ ਹੈ । ਭਾਈ ਅੰਮਿਝਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਬ੍ਰਿਝਟਸ਼ ਸਿਟੀਜ਼ਨ ਹੈ ਅਤੇ ਉਨ੍ਹਾਂ ਦੀ ਆਪਣੀ ਕੋਈ ਜਾਇਦਾਦ ਨਹੀਂ ਹੈ ਅਤੇ ਨਾ ਹੀ ਉਨ੍ਹਾਂ ਉਪਰ ਕੋਈ ਕਰਜ਼ਾ ਹੈ । ਭਾਈ ਅੰਮਿਝਤਪਾਲ ਸਿੰਘ ਦੇ ਵਲੋਂ ਲੋਕ ਸਭਾ ਹਲਕਾ ਖਡੂਰ ਸਾਹਿਬ ਵਿਚ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਤੋਂ ਬਾਅਦ ਚੋਣ ਮੈਦਾਨ ਵਿਚ ਨਿਤਰਨ 'ਤੇ ਖਡੂਰ ਸਾਹਿਬ ਦੀ ਸੀਟ ਪੰਜਾਬ ਵਿਚੋਂ ਸਭ ਤੋਂ ਵਧ ਹਾਟ ਸੀਟ' ਬਣ ਗਈ ਹੈ ।

ਅਤੀਤ ਵਿੱਚ ਅਜਿਹੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਹਨ, ਜਿਨ੍ਹਾਂ ਵਿੱਚ ਸਿਮਰਨਜੀਤ ਸਿੰਘ ਮਾਨ ਵਰਗੇ ਆਗੂ ਜੇਲ੍ਹ ਵਿੱਚ ਰਹਿੰਦਿਆਂ 1998 ਵਿੱਚ ਤਰਨਤਾਰਨ ਲੋਕ ਸਭਾ ਸੀਟ ਤੋਂ ਚੁਣੇ ਗਏ ਸਨ। ਇਸ ਤੋਂ ਇਲਾਵਾ ਮਾਨ ਦੀ ਪਾਰਟੀ ਵਿੱਚੋਂ ਹੀ ਅਤਿੰਦਰਪਾਲ ਸਿੰਘ ਨੇ ਵੀ ਜੇਲ੍ਹ ਵਿੱਚ ਹੋਣ ਦੇ ਬਾਵਜੂਦ ਪਟਿਆਲਾ ਲੋਕ ਸਭਾ ਹਲਕੇ ਤੋਂ ਚੋਣ ਜਿੱਤੀ ਸੀ। ਕਾਮਰੇਡ ਵਧਾਵਾ ਰਾਮ ਨੇ 1952 ਦੀਆਂ ਆਮ ਚੋਣਾਂ ਫਾਜਲਿਕਾ ਹਲਕੇ ਤੋਂ ਜੇਲ੍ਹ ਵਿੱਚ ਰਹਿੰਦੇ ਹੋਏ ਲੜੀ ਅਤੇ ਜਿੱਤੀ। 1954 ਦੀਆਂ ਪੰਜਾਬ ਵਿਧਾਨਸਭਾ ਚੋਣਾਂ ਦੌਰਾਨ ਜਗੀਰ ਸਿੰਘ ਨੇ ਜੇਲ੍ਹ ਵਿੱਚ ਰਹਿੰਦੇ ਹੋਏ ਮਾਨਸਾ ਤੋਂ ਚੋਣ ਜਿੱਤੀ, 1954 ਦੀਆਂ ਚੋਣਾਂ ਦੌਰਾਨ ਸੀਪੀਆਈ ਦੇ ਕਾਮਰੇਡ ਧਰਮ ਸਿੰਘ ਫੱਕਰ ਨੇ ਬੁਢਲਾਡਾ ਹਲਕੇ ਤੋਂ ਚੋਣ ਮੈਦਾਨ ਵਿੱਚ ਉਤਾਰਿਆਂ ਅਤੇ ਉਹ ਚੋਣ ਜਿੱਤ ਕੇ ਵਿਧਾਇਕ ਬਣੇ ਸਨ।

ਗੈਂਗਸਟਰ ਤੋਂ ਸਿਆਸਤਦਾਨ ਬਣੇ ਮੁਖ਼ਤਾਰ ਅੰਸਾਰੀ , ਜਿਸ ਨੇ ਮਾਊ ਵਿਧਾਨ ਸਭਾ ਸੀਟ ਯੂਪੀ ਤੋਂ ਚੋਣ ਲੜੀ ਸੀ, ਤਿੰਨ ਵਾਰ ਜੇਲ੍ਹ ਤੋਂ ਚੁਣੇ ਗਏ ਸਨ ਅਤੇ ਇੱਥੋਂ ਤੱਕ ਕਿ ਆਰਜੇਡੀ ਮੁਖੀ ਲਾਲੂ ਪ੍ਰਸਾਦ ਯਾਦਵ ਵੀ ਬਿਹਾਰ ਦੀ ਮਧੇਪੁਰਾ ਸੀਟ ਤੋਂ ਚੋਣ ਜਿੱਤ ਗਏ ਸਨ।ਸਿਆਸੀ ਮਾਹਿਰਾਂ ਦਾ ਅੰਦਾਜ਼ਾ ਹੈ ਕਿ ਹੋ ਸਕਦਾ ਹੈ ਕਿ ਹਲਕੇ ਤੋਂ ਅੰਮ੍ਰਿਤ ਪਾਲ ਸਿੰਘ ਸਿਮਰਨਜੀਤ ਸਿੰਘ ਮਾਨ ਵਾਂਗ ਇਤਿਹਾਸ ਦੁਹਰਾ ਜਾਣ।

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANARY
ਤੁਹਾਡੀ ਸਹੂਲਤ ਲਈ ਸਰੀ 'ਚ ਨਵਾਂ ਦਫ਼ਤਰ ਖੋਲ੍ਹ ਦਿੱਤਾ ਹੈ।
ਫੋਨ : 604-594-0616, ਫੈਕਸ : 604 594 0611
ਫੋਰਕ ਲਿਫਟਰ ਅਤੇ ਕਲਾਸ 4 ਡਰਾਈਵਰਾਂ ਦੀ ਤੁਰੰਤ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ।
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ
ਲੜਕੇ ਅਤੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਆ ਜਾਓ। ਕੰਮ ਲਗਾਤਾਰ ਦੋ ਸ਼ਿਫ਼ਟਾਂ ਵਿੱਚ ਚੱਲ ਰਿਹਾ ਹੈ।
ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
ਚੰਗੀ ਤਨਖਾਹ ਤੇ ਘਰ ਵਰਗਾ ਮਾਹੌਲ
ਯੋਗ ਸਟੂਡੈਂਟ ਵੀ ਸੰਪਰਕ ਸਕਦੇ ਹਨ।
ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਸੰਪਰਕ ਕਰੋ : 604-594-0616







# ਮਿਸਾਲੀ ਸੰਸਥਾ ਪਿੰਗਲਵਾੜਾ

ਲੇਖਕ : ਡਾ. ਸ਼ਿਆਮ ਸੁੰਦਰ ਦੀਪਤੀ
ਸੰਪਰਕ : 91-98158 - 08506

ਸਾਲ 1988 ਦੀ ਸ਼ੁਰੂਆਤ ਵਿੱਚ, ਆਪਣੀ ਪੜ੍ਹਾਈ ਅਤੇ ਨੌਕਰੀ ਦੀ ਸ਼ੁਰੂਆਤ ਕਰਕੇ, ਮੈਂ ਆਪਣੀ ਨਵੀਂ ਨੌਕਰੀ, ਸਿਹਤ ਸੇਵਾਵਾਂ ਤੋਂ ਅਲੱਗ ਸਿਹਤ ਸਿੱਖਿਆ ਲਈ, ਮੈਡੀਕਲ ਕਾਲਜ ਅੰਮ੍ਰਿਤਸਰ ਵਿਖੇ ਜਾ ਹਾਜ਼ਿਰ ਹੋਇਆ। ਅੰਮ੍ਰਿਤਸਰ ਜੋ ਕਿ ਦਰਬਾਰ ਸਾਹਿਬ ਅਤੇ ਜਲ੍ਹਿਆਂਵਾਲੇ ਬਾਗ ਲਈ ਦੁਨੀਆਂ ਭਰ ਵਿੱਚ ਜਾਣਿਆ ਜਾਂਦਾ ਹੈ, ਪਰ ਜਦੋਂ ਕੋਈ ਮੇਰੇ ਕੋਲ ਅੰਮ੍ਰਿਤਸਰ ਘੁੰਮਣ ਬਾਰੇ ਗੱਲ ਕਰਦਾ ਹੈ ਤਾਂ ਮੈਂ ਪਿੰਗਲਵਾੜੇ ਵਿੱਚ ਜਾ ਕੇ ਆਉਣ 'ਤੇ ਜ਼ੋਰ ਦਿੰਦਾ ਹਾਂ। ਪਿੰਗਲਵਾੜਾ, ਪਿੰਗਲਿਆਂ ਦਾ ਰੈਣ ਬਸੇਰਾ ਨਹੀਂ, ਇਹ ਕਿਸੇ ਵੀ ਮਾਹਿਰ ਦੀ ਖਾਸ ਪਛਾਣ ਵੀ ਨਹੀਂ ਬਣਦਾ, ਪਰ ਮੈਂ ਕਿਉਂ ਇਸ ਤਰ੍ਹਾਂ ਕਹਿੰਦਾ, ਇਸ ਤੋਂ ਪਹਿਲਾਂ ਕਿ ਮੈਂ ਖੁਦ ਤੁਹਾਨੂੰ ਇਹ ਦੱਸਾਂ, ਤੁਸੀਂ ਮੇਰੀ ਗੱਲ ਤੋਂ ਬਾਅਦ ਖੁਦ ਹੀ ਇਸ ਲਈ ਤਿਆਰ ਹੋਵੋਂ ਤਾਂ ਉਹ ਬਿਹਤਰ ਹੈ।

ਮੈਡੀਕਲ ਵਿੱਚ ਬੱਚਿਆਂ ਨੂੰ ਪੜ੍ਹਾਉਣ ਦਾ ਮੇਰਾ ਵਿਸ਼ਾ ਰਿਹਾ ਹੈ ਕਮਿਊਨਿਟੀ ਮੈਡੀਸਨ। ਉਸ ਵਿੱਚ ਵਿਸ਼ੇਸ਼ ਇਹ ਹੈ ਕਿ ਬਾਕੀ ਦੇ ਵਿਸ਼ਿਆਂ ਦੀ ਪੜ੍ਹਾਈ ਦੀ ਤਰਜ਼ 'ਤੇ ਅਸੀਂ ਵਿਦਿਆਰਥੀਆਂ ਨੂੰ ਮਰੀਜ਼ਾਂ ਨੂੰ ਦਿਖਾਉਣ-ਪੜ੍ਹਾਉਣ ਦੀ ਥਾਂ, ਹਸਪਤਾਲ ਵਿੱਚ ਦਾਖਲ ਮਰੀਜ਼ਾਂ ਦੇ ਵਾਰਡ ਵਿੱਚ ਨਹੀਂ, ਸਗੋਂ ਕੋਈ ਪਿੰਡ, ਆਪਣੇ ਕਾਰਜ ਖੇਤਰ ਲਈ ਚੁਣ ਕੇ ਉੱਥੋਂ ਦੇ ਘਰ-ਪਰਿਵਾਰਾਂ ਵਿੱਚ ਬੱਚਿਆਂ ਨੂੰ ਭੇਜ ਕੇ ਪੜ੍ਹਾਉਂਦੇ, ਉੱਥੇ ਜਾ ਕੇ ਬੱਚੇ ਸਾਲ ਭਰ ਵਿੱਚ ਇਹ ਜਾਂਚ ਕਰਨਾ ਸਿੱਖਦੇ ਹਨ ਕਿ ਕਿਸੇ ਵੀ ਪਰਿਵਾਰ ਵਿੱਚ ਕਿਸੇ ਵੀ ਬੰਦੇ ਨੂੰ ਬਿਮਾਰੀ ਕਿਉਂ ਤੇ ਕਿਵੇਂ ਹੁੰਦੀ ਹੈ, ਤੇ ਪਰਿਵਾਰ ਦੇ ਕੁਝ ਬੰਦੇ ਕਿਵੇਂ ਸਿਹਤਮੰਦ ਬਣੇ ਰਹਿੰਦੇ ਹਨ। ਇਸ ਤੋਂ ਇਲਾਵਾ ਸਾਡਾ ਵਿਭਾਗ ਕੁਝ ਵਿਸ਼ੇਸ਼ ਥਾਵਾਂ 'ਤੇ ਬੱਚਿਆਂ ਨੂੰ ਉਨ੍ਹਾਂ ਦੀ ਕਾਰਗੁਜ਼ਾਰੀ ਸਮਝਣ ਵਾਸਤੇ ਲੈ ਕੇ ਜਾਂਦਾ ਹੈ, ਜੋ ਕਿ ਸਿਹਤ ਅਤੇ ਬਿਮਾਰੀ ਨਾਲ ਸਿੱਧੇ-ਅਸਿੱਧੇ ਤੌਰ 'ਤੇ ਜੁੜੀਆ ਹੋਈਆਂ ਹੁੰਦੀਆਂ ਹਨ। ਜਿਵੇਂ ਅੰਧ-ਵਿਦਿਆਲਯ, ਈ.ਐੱਸ.ਆਈ ਅਤੇ ਮਿਲਟਰੀ ਹਸਪਤਾਲ, ਵਾਟਰ ਵਰਕਸ ਤੇ ਪਿੰਗਲਵਾੜਾ ਆਦਿ।

ਇਨ੍ਹਾਂ ਸੰਸਥਾਵਾਂ ਨੂੰ ਦੇਖਣ-ਸਮਝਣ ਤੋਂ ਪਹਿਲਾਂ ਬੱਚਿਆਂ ਨੂੰ ਸੰਖੇਪ ਵਿੱਚ ਉਨ੍ਹਾਂ ਥਾਵਾਂ ਦੀ ਜਾਣ-ਪਛਾਣ ਕਰਾਈ ਜਾਂਦੀ। ਜਦੋਂ ਮੈਂ ਮੈਡੀਕਲ ਕਾਲਜ ਵਿੱਚ ਹਾਜ਼ਰ ਹੋਇਆ ਤਾਂ ਮੈਂ ਜੂਨੀਅਰ ਅਧਿਆਪਕ ਹੋਣ ਕਰਕੇ ਕਲਾਸਾਂ ਘੱਟ ਹੀ ਲੈਂਦਾ, ਜਦੋਂ ਕਿ ਸਾਡੇ ਸੀਨੀਅਰ ਜਿਵੇਂ ਡਾ. ਮੈਡਮ ਲਖਨਪਾਲ, ਡਾ. ਪੱਡਾ ਅਤੇ ਹੋਰ ਅਧਿਆਪਕ ਆਦਿ ਕਲਾਸਾਂ ਲੈਂਦੇ। ਪਿੰਗਲਵਾੜੇ ਬਾਰੇ ਹੁੰਦੀ ਗੱਲਬਾਤ ਦਾ ਮੁੱਦਾ ਮੁੜਵਸੇਬੇ ਵਾਲੀ ਸੰਸਥਾ ਦੇ ਤੌਰ 'ਤੇ ਦੱਸਿਆ ਜਾਂਦਾ ਅਤੇ ਇੱਕ ਦੋ ਵਾਰੀ ਬੱਚਿਆਂ ਨੂੰ ਇਹ ਸੰਸਥਾ ਦਿਖਾਉਣ ਲਈ ਮੇਰੀ ਵੀ ਡਿਊਟੀ ਲੱਗੀ।

ਸਾਡਾ ਇੱਕ ਸੈਂਟਰ ਪਿੰਡ ਦੇ ਨਾਲ ਸ਼ਹਿਰ ਵਿੱਚ ਵੀ ਹੈ, ਜੋ ਕਿ ਅਰਬਨ ਟ੍ਰੇਨਿੰਗ ਹੈਲਥ ਸੈਂਟਰ ਦੇ ਨਾਂ ਨਾਲ ਮਸ਼ਹੂਰ ਹੈ ਤੇ ਉਹ ਮੁੱਖ ਤੌਰ 'ਤੇ ਬੱਚਿਆਂ ਦਾ ਟੀਕਾਕਰਨ ਅਤੇ ਪਰਿਵਾਰ ਭਲਾਈ ਦੇ ਕੀਤੇ ਜਾਂਦੇ ਕੰਮਾਂ 'ਤੇ ਉਸ ਨਾਲ ਲਗਦੀ ਅਬਾਦੀ, ਰਾਮਾਨੰਦ ਪਾਰਕ ਵਿਖੇ ਪ੍ਰੋਜੈਕਟ ਬਣਾ ਕੇ ਸਿਹਤ ਸੇਵਾਵਾਂ ਦਿੱਤੀਆਂ ਜਾਂਦੀਆਂ।

ਦਰਬਾਰ ਸਾਹਿਬ ਦੇ ਲਾਗੇ ਹੋਣ ਕਰਕੇ ਇਹ ਸੈਂਟਰ ਲੋਕਾਂ ਨੂੰ ਖਾਸ ਤੌਰ 'ਤੇ ਟੀਕਾਕਰਨ ਦੀਆਂ ਸੇਵਾਵਾਂ ਦਿੰਦਾ। ਦਰਬਾਰ ਸਾਹਬ ਦੇ ਚੁਗਿਰਦੇ ਵਿੱਚ ਇੱਕ ਫ਼ਕੀਰ-ਨੁਮਾ ਵਿਅਕਤੀ, ਇੱਕ ਅੱਡਾ ਬਣਾ, ਬਾਟਾ ਲੈ ਕੇ ਬੈਠਾ ਹੁੰਦਾ ਤੇ ਉਸ ਨੇ ਆਪਣੇ ਚਾਰੋਂ ਪਾਸੇ ਛਪੇ ਹੋਏ ਪੈਫਲਟ ਰੱਖੇ ਹੁੰਦੇ। ਇੱਕ ਵਾਰੀ ਝਾਤੀ ਮਾਰ ਕੇ ਦੇਖਣ 'ਤੇ ਪਤਾ ਚੱਲਿਆ ਕਿ ਉਹ ਪੈਂਫਲਟ ਮੁੱਖ ਤੌਰ 'ਤੇ ਵਾਤਾਵਰਣ ਨਾਲ ਸੰਬੰਧਿਤ ਹਨ ਤੇ ਉਸ ਫ਼ਕੀਰ ਵਰਗੇ ਕੱਪੜੇ ਪਾਏ ਵਿਅਕਤੀ ਦਾ ਨਾਉਂ ਭਗਤ ਪੂਰਨ ਸਿੰਘ ਹੈ।

ਆਪਣੇ ਅੰਮ੍ਰਿਤਸਰ ਆਉਣ ਤੋਂ ਪਹਿਲਾਂ ਇਸ ਵਿਅਕਤੀ ਵੱਲੋਂ ਸਥਾਪਿਤ ਪਿੰਗਲਵਾੜੇ ਬਾਰੇ ਜਾਣਨਾ ਤਾਂ ਬਹੁਤ ਦੂਰ ਦੀ ਗੱਲ ਹੈ, ਇੱਥੋਂ ਦੀਆਂ ਹੋਰ ਇਤਿਹਾਸਕ ਥਾਵਾਂ, ਜਿਵੇਂ ਜਲ੍ਹਿਆਂਵਾਲਾ ਬਾਗ ਬਾਰੇ ਵੀ ਸਿਰਫ਼ ਪੜ੍ਹਿਆ ਸੀ ਤੇ ਦਰਬਾਰ ਸਾਹਿਬ ਵਰਗੀ ਸਿੱਖ ਪੰਥ ਦੀ ਸਿਰਮੌਰ ਸੰਸਥਾ ਬਾਰੇ ਵੀ ਕੋਈ ਉਚੇਚਾ ਗਿਆਨ ਨਹੀਂ ਸੀ।

ਇਸੇ ਤਰ੍ਹਾਂ ਪਹਿਲੀ ਵਾਰ ਅੰਮ੍ਰਿਤਸਰ ਪਹੁੰਚ ਕੇ ਦਰਬਾਰ ਸਾਹਿਬ, ਜਲ੍ਹਿਆਂਵਾਲਾ ਬਾਗ ਅਤੇ ਹੋਰ ਇਤਿਹਾਸਕ ਥਾਵਾਂ ਬਾਰੇ ਜਾਣਿਆ ਤੇ ਵਿਭਾਗ ਵੱਲੋਂ ਸਾਂਭੀ ਗਈ ਪੋਲੀਓ ਮੁਹਿੰਮ ਕਾਰਨ ਪੂਰੇ ਸ਼ਹਿਰ ਦਾ ਹਰ ਕੋਨਾ ਜਾਣਨ ਦਾ ਸਬੱਬ ਬਣਿਆ।

ਪਿੰਗਲਵਾੜੇ ਬੱਚਿਆਂ ਦੀਆਂ ਕਲਾਸਾਂ ਲੈ ਕੇ ਜਾਣ ਦੇ ਜ਼ਰੀਏ ਵੀ ਸੰਸਥਾ ਨੂੰ ਡੂੰਘਾਈ ਨਾਲ ਜਾਣਨ ਦਾ ਕਦੇ ਮੌਕਾ ਨਹੀਂ ਮਿਲਿਆ। ਇਹ ਤਾਂ 2002 ਵਿੱਚ ਸਬੱਬ ਬਣਿਆ ਕਿ ਮੇਰੇ ਨਿਵਾਸ ਸਥਾਨ 'ਤੇ ਪਿੰਗਲਵਾੜਾ ਸੰਸਥਾ ਵੱਲੋਂ ਇੱਕ ਸੇਵਾਦਾਰ ਸੁਨੇਹਾ ਲੈ ਕੇ ਆਇਆ। ਉਸ ਸੁਨੇਹੇ ਵਿੱਚ ਲਿਖਿਆ ਸੀ ਕਿ ਮੇਰੀ ਪੁਸਤਕ 'ਬੱਚੇ ਕਦੇ ਤੰਗ ਨਹੀਂ ਕਰਦੇ' ਭਗਤ ਪੂਰਨ ਸਿੰਘ ਜੀ ਦੀ ਬਰਸੀ 'ਤੇ 5 ਅਗਸਤ ਨੂੰ ਲੋਕ ਅਰਪਨ ਹੋਵੇਗੀ। ਇਹ ਮੇਰੇ ਲਈ ਹੈਰਾਨੀ ਵਾਲੀ ਗੱਲ ਸੀ ਤੇ ਇਹ ਬਹੁਤ ਅਜੀਬ ਸਬੱਬ ਸੀ ਕਿ ਉਹ ਕਿਤਾਬ ਕਿਵੇਂ ਪਿੰਗਲਵਾੜੇ ਕੋਲ ਪਹੁੰਚੀ ਤੇ ਕਿਵੇਂ ਉਨ੍ਹਾਂ ਨੇ ਇਸ ਨੂੰ ਛਾਪਣ ਦਾ ਫੈਸਲਾ ਲਿਆ।

ਇਸ ਤੋਂ ਵੱਡੀ ਹੈਰਾਨੀ ਉਸ ਦਿਨ ਹੋਈ ਜਦੋਂ ਉਸ ਕਿਤਾਬ ਦੇ ਰਿਲੀਜ ਹੋਣ ਤੋਂ ਮਗਰੋਂ ਮੈਂ ਦੇਖਿਆ ਕਿ ਉਸ ਦੀ ਪਹਿਲੀ ਛਾਪ 10 ਹਜ਼ਾਰ ਦੀ ਗਿਣਤੀ ਵਿੱਚ ਹੋਈ ਹੈ ਤੇ ਉਹ ਬਿਲਕੁਲ ਮੁਫ਼ਤ ਵੰਡੀ ਜਾਵੇਗੀ। ਦਰਅਸਲ ਇਹ ਕਿਤਾਬ ਕੁਝ ਸਮਾਂ ਪਹਿਲਾਂ ਹੀ ਸ਼ਹਿਰ ਦੇ ਰੈੱਡ ਕਰਾਸ ਭਵਨ ਵਿੱਚ ਆਯੋਜਿਤ ਇੱਕ ਨਸ਼ਿਆਂ ਦੇ ਪ੍ਰਤੀ ਜਾਗਰੂਕਤਾ ਮੁਹਿੰਮ ਤਹਿਤ ਅਧਿਆਪਕਾਂ ਦੇ ਲਈ ਵਰਕਸ਼ਾਪ ਲਗਾਈ ਗਈ ਸੀ ਤੇ ਉਹ ਕਿਤਾਬ ਉਸ ਤਜਰਬੇ 'ਤੇ ਅਧਾਰਤ ਲਿਖੀ ਗਈ ਸੀ। ਤਕਰੀਬਨ ਅੱਠ ਸੌ ਅਧਿਆਪਕਾਂ ਨੇ ਇਹ ਕਾਰਜਸ਼ਾਲਾ ਵਿੱਚ ਹਾਜ਼ਰੀ ਲਗਾਈ ਸੀ ਤੇ ਇਹ ਕਿਤਾਬ ਉਸ ਸਮੇਂ ਦੇ ਡੀ.ਸੀ. ਸ੍ਰ. ਕਾਹਨ ਸਿੰਘ ਪੰਨੂ ਦੇ ਸਹਿਯੋਗ ਨਾਲ ਛਾਪ ਕੇ ਹਰ ਸਕੂਲ ਨੂੰ ਭੇਜੀ ਗਈ ਸੀ। ਹੋ ਸਕਦਾ ਹੈ ਉਹ ਕਿਤਾਬ ਕਿਸੇ ਅਧਿਆਪਕ ਦੇ ਜ਼ਰੀਏ ਪਿੰਗਲਵਾੜੇ ਦੇ ਮੁੱਖ ਸੇਵਾਦਾਰ ਕੋਲ ਪਹੁੰਚੀ ਹੋਵੇ ਤੇ ਉਹਨਾਂ ਨੇ ਇਸ ਨੂੰ ਛਾਪਣ ਅਤੇ ਵੰਡਣ ਦਾ ਮਨ ਬਣਾ ਲਿਆ ਹੋਵੇ।

ਇਸ ਤੋਂ ਬਾਅਦ ਇਸ ਸੰਸਥਾ ਨਾਲ ਜੁੜਨ ਦਾ ਸਬੱਬ ਬਣਿਆ ਜਿਵੇਂ-ਜਿਵੇਂ ਇਸ ਨੂੰ ਸੰਸਥਾ ਨਾਲ ਜੁੜਦਾ ਗਿਆ ਤਾਂ ਇਨ੍ਹਾਂ ਦੇ ਕੰਮਾਂ ਤੋਂ ਪ੍ਰਭਾਵਿਤ ਹੁੰਦਾ ਗਿਆ।

ਭਗਤ ਪੂਰਨ ਸਿੰਘ ਬਾਰੇ ਜਾਣਨ ਦਾ ਮੌਕਾ ਹੁਣ ਸੰਸਥਾ ਦੇ ਮੁਖੀ ਬੀਬੀ ਇੰਦਰਜੀਤ ਕੌਰ ਕੋਲੋਂ ਮਿਲਿਆ, ਜਿਨ੍ਹਾਂ ਨੂੰ ਇੱਕ ਫ਼ਕੀਰਨੁਮਾ ਵੇਸ਼-ਭੂਸ਼ਾ ਵਿੱਚ ਬੈਠੇ ਦੇਖਿਆ ਸੀ ਤਾਂ ਪਤਾ ਚੱਲਿਆ ਕਿ ਉਹ ਇਸ ਸਰੂਪ ਵਿੱਚ ਜਾਣ-ਬੁਝ ਕੇ ਰਹਿੰਦੇ ਸੀ, ਕਿਉਂਕਿ ਉਨ੍ਹਾਂ ਦਾ ਮੱਤ ਸੀ, ਮੈਂ ਗਰੀਬਾਂ, ਲਾ-ਵਾਰਸਾਂ, ਲਾਚਾਰਾਂ ਦੇ ਵਿੱਚ ਰਹਿੰਦਾ ਹਾਂ ਤੇ ਮੈਨੂੰ ਉਨ੍ਹਾਂ ਵਰਗਾ ਬਣ ਕੇ ਰਹਿਣਾ ਚਾਹੀਦਾ ਹੈ ਤਾਂ ਜੋ ਉਹ ਮੇਰੇ ਨੇੜੇ ਆਉਣ ਤੋਂ ਝਿਜਕਣ ਨਾ। ਉਂਝ ਗਰੀਬ ਲੋਕਾਂ ਵਿੱਚ ਕੰਮ ਕਰਨ ਵਾਲੇ, ਖਾਸ ਤੌਰ 'ਤੇ ਖੱਬੇ ਪੱਖੀ ਸੋਚ ਦੇ ਲੋਕ ਵੀ ਇਹੀ ਪ੍ਰਚਾਰਦੇ ਹਨ ਕਿ ਉਨ੍ਹਾਂ ਨੂੰ ਆਪਣੀ ਮਨ-ਮਰਜ਼ੀ ਮੁਤਾਬਿਕ ਗਰੀਬ ਦਿਸਣਾ ਚਾਹੀਦਾ ਹੈ ਤਾਂ ਜੋ ਗਰੀਬਾਂ ਵਿੱਚ ਕੰਮ ਕਰਦੇ ਹੋਏ ਤੁਸੀਂ ਵੱਖਰੇ ਨਾ ਲੱਗੋਂ। ਇਸ ਸੋਚ ਦੇ ਨਾਲ ਮੈਨੂੰ ਸੰਸਥਾ ਦੇ ਕੰਮਾਂ ਨੇ ਪ੍ਰਭਾਵਿਤ ਵੀ ਕੀਤਾ ਤੇ ਪ੍ਰੇਰਿਤ ਵੀ, ਭਾਵੇਂ ਮੈਨੂੰ ਖੱਬੇ ਪੱਖੀਆਂ ਅਤੇ ਤਰਕਸ਼ੀਲਾਂ ਵਿੱਚ ਕੰਮ ਕਰਦੇ ਅਤੇ ਲਿਖਦੇ ਜਾਣਨ ਵਾਲੇ ਲੋਕ, ਮੇਰਾ ਪਿੰਗਲਵਾੜੇ ਨਾਲ ਸੰਬਧ ਦੇਖ ਕੇ ਹੈਰਾਨ ਹੁੰਦੇ ਹਨ, ਕਿਉਂ ਜੋ ਉਹ ਸਾਰੇ ਧਰਮ ਨੂੰ ਵੱਖਰੇ ਨਜ਼ਰੀਏ ਤੋਂ ਦੇਖਦੇ ਹਨ।

ਭਗਤ ਪੂਰਨ ਸਿੰਘ ਦੀ ਇਸ ਜਹਾਨ ਵਿੱਚ ਵਿਦਾਇਗੀ ਤੋਂ ਬਾਅਦ ਜਦੋਂ ਇਹ ਸੰਸਥਾ ਬੀਬੀ ਡਾ. ਇੰਦਰਜੀਤ ਕੌਰ ਦੇ ਹੱਥ ਆਈ ਤਾਂ ਇਸਦੇ ਵਿਸਥਾਰ ਵਿੱਚ ਕਈ ਪਹਿਲੂਆਂ ਤੋਂ ਵਾਧਾ ਹੋਇਆ। ਬੀਬੀ ਡਾ. ਇੰਦਰਜੀਤ ਕੌਰ ਐੱਮ.ਬੀ.ਬੀ.ਐੱਸ. ਦੀ ਪੜ੍ਹਾਈ ਮਗਰੋਂ ਇਸ ਸੰਸਥਾ ਨਾਲ ਜੁੜੇ ਅਤੇ ਆਪਣੇ ਸੇਵਾ ਅਤੇ ਸਮਰਪਣ ਦੇ ਭਾਵ ਨਾਲ, ਜੋ ਕਿ ਉਨ੍ਹਾਂ ਨੇ ਭਗਤ ਪੂਰਨ ਸਿੰਘ ਤੋਂ ਹਾਸਲ ਕੀਤਾ ਸੀ, ਆਪਣਾ ਵਿਗਿਆਨਕ ਨਜ਼ਰੀਆ ਵੀ ਜੋੜਿਆ। ਆਪਣੇ ਵਿਗਿਆਨਕ ਦ੍ਰਿਸ਼ਟੀਕੋਣ ਨਾਲ ਉਹਨਾਂ ਨੇ ਪਿੰਗਲਵਾੜਾ, ਜਿਸਦਾ ਅਰਥ ਬਣਦਾ ਹੈ ਪਿੰਗਲਿਆ ਅਤੇ ਲਚਾਰਾਂ ਦੇ ਰਹਿਣ ਦੀ ਥਾਂ, ਨੂੰ ਇਸ ਵਿਚਾਰਗੀ ਦੀ ਜੜ੍ਹ ਵਿੱਚ ਪਏ ਉਹਨਾਂ ਕਾਰਨਾਂ ਨੂੰ ਜਾਣਨ-ਸਮਝਣ ਅਤੇ ਲੋਕਾਂ ਵਿੱਚ ਪ੍ਰਚਾਰਣ ਦੇ ਨਾਲ ਉਸ ਦਿਸ਼ਾ ਵਿੱਚ, ਜਿੰਨਾ ਵੀ ਸੰਭਵ ਹੈ, ਉਹ ਕੰਮ ਕਰਨ ਦੀ ਕੋਸ਼ਿਸ਼ ਕੀਤੀ।

ਵਿਚਾਰਗੀ ਤੋਂ ਪੈਦਾ ਹੋਈ ਹੀਣ-ਭਾਵਨਾ ਅਤੇ ਕਿਸੇ 'ਤੇ ਬੋਝ ਬਣਕੇ ਰਹਿਣ ਦੀ ਮਾਨਸਿਕਤਾ ਨੂੰ ਆਤਮ ਵਿਸ਼ਵਾਸ ਵਿੱਚ ਬਦਲਣ ਦੀ ਕੋਸ਼ਿਸ਼ ਕੀਤੀ ਤੇ ਇਸ ਦਿਸ਼ਾ ਵਿੱਚ ਪਹਿਲਾ ਕੰਮ ਸੀ, ਉਨ੍ਹਾਂ ਲਈ ਮਨਸੂਈ ਅੰਗਾਂ ਦੇ ਵਿਭਾਗ ਨੂੰ ਸਥਾਪਿਤ ਕਰਨਾ। ਘਸੀਟ-ਘਸੀਟ ਕੇ ਚੱਲਣ ਵਾਲਾ ਕੋਈ ਵਿਅਕਤੀ ਜਦੋਂ ਆਪਣੇ ਪੈਰਾਂ 'ਤੇ ਤੁਰਦਾ ਬੀਬੀ ਇੰਦਰਜੀਤ ਕੌਰ ਨੇ ਦੇਖਿਆ ਤਾਂ ਜੋ ਖੁਸ਼ੀ ਉਹਨਾਂ ਨੇ ਮਹਿਸੂਸ ਕੀਤੀ, ਉਹ ਉਹਨਾਂ ਤੋਂ ਬਿਆਨ ਨਹੀਂ ਹੋਈ ਤੇ ਉਹ ਭਾਵੁਕ ਹੋ ਗਏ।

ਭਗਤ ਪੂਰਨ ਸਿੰਘ ਦਾ ਇੱਕ ਹੋਰ ਵੱਡਾ ਫ਼ਿਕਰ ਸੀ - ਉਹ ਪਿੰਗਲਵਾੜੇ ਦੇ ਬੈਨਰ ਹੇਠ ਦਰਬਾਰ ਸਾਹਿਬ ਲਾਗੇ ਬੈਠ ਕੇ ਵੱਖ ਵੱਖ ਵਾਤਾਵਰਣ ਦੀ ਹੋ ਰਹੀ ਤਬਾਹੀ ਸੰਬੰਧੀ ਅਤੇ ਉਹਨਾਂ ਖਤਰਿਆਂ ਸੰਬੰਧੀ ਸੁਚੇਤ ਕਰਨ ਵਾਲੇ ਪੈਂਫਲੈਟ ਵੰਡਦੇ। ਬੀਬੀ ਇੰਦਰਜੀਤ ਕੌਰ ਦੇ ਡਾਕਟਰੀ ਤਜਰਬੇ ਅਤੇ ਵਿਗਿਆਨਕ ਨਜ਼ਰੀਏ ਨੇ ਇਹਨਾਂ ਦੇ ਤਬਾਹਕੁੰਨ ਨਤੀਜਿਆਂ ਬਾਰੇ ਇਹ ਸਿੱਟਾ ਕੱਢਿਆ ਕਿ ਖੇਤੀਬਾੜੀ ਵਿੱਚ ਛਿੜਕੀਆਂ ਜਾ ਰਹੀਆਂ ਕੀੜੇਮਾਰ ਦਵਾਈਆਂ ਦਾ ਜ਼ਹਿਰ ਅਤੇ ਵਰਤੀ ਜਾ ਰਹੀ ਖਾਦ ਜ਼ਿੰਮੇਵਾਰ ਹਨ। ਇਸਦੇ ਮੱਦੇਨਜ਼ਰ ਉਹਨਾਂ ਨੇ ਖੇਤਬਾੜੀ ਦੇ ਮਾਹਿਰਾਂ ਦੀ ਸਲਾਹ ਨਾਲ ਜੈਵਿਕ ਖੇਤੀ ਦੇ ਵਿੱਚ ਕੰਮ ਕਰਨ ਨੂੰ ਹੱਥ ਅੱਗੇ ਵਧਾਇਆ, ਜੋ ਕਿ ਤਕਰੀਬਨ ਤੀਹ ਕਿੱਲਿਆਂ ਵਿੱਚ ਫੈਲੇ ਧੀਰਕੋਟ, ਹੰਡਿਆਏ ਵਿਖੇ ਇੱਕ ਫਾਰਮ ਦੇ ਰੂਪ ਵਿੱਚ ਪੰਜਾਬ ਭਰ ਦੇ ਕਿਸਾਨਾਂ ਲਈ ਇੱਕ ਮਿਸਾਲ ਦਾ ਕੰਮ ਕਰ ਰਿਹਾ ਹੈ।

ਇਸੇ ਤਰ੍ਹਾਂ ਗੂੰਗਿਆਂ-ਬੋਲਿਆ ਲਈ ਪੜ੍ਹਾਈ-ਸਿਖਲਾਈ ਦਾ ਇੱਕ ਵਿਭਾਗ, ਉਹਨਾਂ ਬੱਚਿਆਂ ਨੂੰ 'ਸਾਈਨ ਲੈਂਗੁਏਜ' ਰਾਹੀਂ ਆਤਮ ਵਿਸ਼ਵਾਸ ਬਖਸ਼ਦਾ ਹੈ। ਭਗਤ ਜੀ ਦੀ ਪ੍ਰੇਰਨਾ ਸਦਕਾ ਜਿਨ੍ਹਾਂ ਨੇ ਭਾਵੇਂ ਦਸਵੀਂ ਪਾਸ ਹੀ ਕੀਤੀ ਸੀ, ਪਰ ਆਪਣੀ ਗਰੀਬੀ ਕਾਰਨ ਪੜ੍ਹ ਨਹੀਂ ਸੀ ਸਕੇ, ਪਰ ਲਾਹੌਰ ਦੀਆਂ ਵੱਖ-ਵੱਖ ਲਾਇਬਰੇਰੀਆਂ ਵਿੱਚ ਜਾ ਕੇ ਕਿਤਾਬਾਂ ਦਾ ਗਿਆਨ ਹਾਸਲ ਕੀਤਾ। ਇਸ ਭਾਵਨਾ ਨੂੰ ਮੱਦੇਨਜ਼ਰ ਰੱਖਦੇ ਹੋਏ ਸੰਸਥਾ ਵੱਲੋਂ ਇੱਕ ਵਿਧੀਵੱਤ ਪੜ੍ਹਾਈ ਵਾਲਾ ਬਾਰ੍ਹਵੀਂ ਤਕ ਦਾ ਸਕੂਲ ਉਸਾਰਿਆ ਗਿਆ ਅਤੇ ਪਿੰਗਲਵਾੜਾ ਦੀ ਮਾਨਾਂਵਾਲੀ ਬਰਾਂਚ ਵਿੱਚ ਰਹਿਣ ਵਾਲੇ ਲਾਵਾਰਸ ਅਤੇ ਨੇੜੇ-ਤੇੜੇ ਦੇ ਪਿੰਡਾਂ ਵਿੱਚ ਵਸਦੇ ਗਰੀਬਾਂ ਲਈ ਪੜ੍ਹਾਈ ਦਾ ਰਾਹ ਖੋਲ੍ਹਿਆ।

ਭਗਤ ਜੀ ਦੀ ਪ੍ਰੇਰਨਾ ਅਤੇ ਮੁਢਲੇ ਕੰਮਾਂ ਨੂੰ ਸਾਹਮਣੇ ਰੱਖਕੇ ਸੰਸਥਾ ਵਿੱਚ ਇੱਕ ਪ੍ਰੈੱਸ ਲਗਾਈ ਗਈ, ਜੋ ਕਿ ਭਗਤ ਜੀ ਨੇ ਆਪਣੇ ਜਿਉਂਦੇ ਜੀਅ ਲਗਾਈ ਸੀ, ਜਿਸ ਰਾਹੀਂ ਵਾਤਾਵਰਣ ਦੀ ਜਾਗਰੂਕਤਾ ਵਾਲੇ ਪੈਂਫਲਟ ਛਾਪੇ ਜਾਂਦੇ। ਭਗਤ ਜੀ ਦੀ ਵਾਤਾਵਰਣ ਪ੍ਰਤੀ ਚਿੰਤਾ ਇਸ ਗੱਲ ਤੋਂ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਉਹ ਖੁਦ ਸ਼ਹਿਰ ਦੇ ਦਫਤਰਾਂ ਵਿੱਚ ਜਾ ਕੇ ਉੱਥੋਂ ਇੱਕ ਪਾਸੇ ਛਪੇ ਤੇ ਦੂਜੇ ਪਾਸੇ ਕੋਰੇ ਪਏ ਹੁੰਦੇ ਕਾਗਜ਼ਾਂ ਨੂੰ ਇਕੱਠਾ ਕਰਕੇ ਲਿਆਉਂਦੇ ਤੇ ਫਿਰ ਉਹਨਾਂ 'ਤੇ ਉਹ ਸੁਨੇਹੇ ਛਾਪਦੇ, ਜੋ ਉਹ ਆਪ ਵੱਖ-ਵੱਖ ਕਿਤਾਬਾਂ ਅਤੇ ਅਖਬਾਰਾਂ ਤੋਂ ਛਪੇ ਲੇਖਾਂ ਤੋਂ ਇਕੱਠੇ ਕਰਦੇ। ਫ਼ਿਕਰ ਦਾ ਅਸਲੀ ਕਾਰਨ ਇਹ ਸੀ ਕਿ ਕਾਗਜ਼ ਬਚਾਉਣਾ ਹੈ, ਜੋ ਕਿ ਦਰਖਤਾਂ ਦੀ ਕਟਾਈ ਨਾਲ ਜੁੜਿਆ ਹੈ ਤੇ ਸਿੱਧੇ-ਅਸਿੱਧੇ ਵਾਤਾਵਰਣ ਨਾਲ ਵੀ।

ਇਸ ਸੰਸਥਾ ਦੀ ਬੁਨਿਆਦ ਸੇਵਾ-ਸੰਭਾਲ 'ਤੇ ਤਾਂ ਹੈ ਹੀ, ਨਾਲ ਹੀ ਬਿਨਾਂ ਕਿਸੇ ਵਿਤਕਰੇ ਤੋਂ ਸਭ ਨੂੰ ਪਰਿਵਾਰ ਵਾਂਗ ਪਿਆਰ ਨਾਲ ਆਪਣਾ ਸਮਝ ਕੇ ਸੰਭਾਲਿਆ ਜਾਂਦਾ ਹੈ। ਆਪਣੇ ਨਿਰੰਤਰ ਜੁੜਨ ਨਾਲ ਮੇਰੀ ਕੋਸ਼ਿਸ਼ ਹੈ ਕਿ ਮੈਂ ਇਸ ਸੇਵਾ ਸੰਭਾਲ ਵਿੱਚ ਆਪਣਾ ਯੋਗਦਾਨ ਪਾ ਸਕਾਂ। ਸਕੂਲੀ ਬੱਚਿਆਂ ਦੇ ਵਿਅਕਤਿਤਵ ਵਿਕਾਸ ਨੂੰ ਲੈ ਕੇ ਹੁਣ ਆਪਣੀ ਰਿਟਾਇਰਮੈਂਟ ਮਗਰੋਂ ਮੈਂ ਹਰ ਹਫ਼ਤੇ ਇੱਕ ਦਿਨ ਜਾਂਦਾ ਹਾਂ ਤੇ ਬੱਚਿਆਂ ਨਾਲ ਜੁੜ ਬੈਠਦਾ ਹਾਂ।

ਸੰਸਥਾ ਦੇ ਅਨੇਕਾਂ ਹੀ ਹੋਰ ਕੰਮ ਹਨ ਜੋ ਲੋਕਾਂ ਤਕ ਪਹੁੰਚ ਹੀ ਜਾਂਦੇ ਹਨ। ਇੱਕ ਦਿਨ ਮੈਨੂੰ ਸੰਸਥਾ ਤੋਂ ਫੋਨ ਆਇਆ ਕਿ ਜਗਤ ਗੁਰੂ ਬਾਬਾ ਨਾਨਕ ਓਪਨ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਸੰਸਥਾ ਨਾਲ ਆਪਸ ਵਿੱਚ ਰਲ ਕੇ ਕੰਮ ਕਰਨ ਦੀ ਪੇਸ਼ਕਸ਼ ਕਰ ਰਹੇ ਹਨ। ਮੈਨੂੰ ਅਕਸਰ ਅਜਿਹੀਆਂ ਮੀਟਿੰਗਾਂ ਦਾ ਹਿੱਸਾ ਬਣਾਉਣ ਦੀ ਗੱਲ ਹੁੰਦੀ ਹੈ ਤੇ ਮੈਨੂੰ ਜਾਪਦਾ ਹੈ, ਮੈਂ ਭਗਤ ਪੂਰਨ ਸਿੰਘ ਨੂੰ ਕੰਮ ਕਰਦੇ ਦੇਖਿਆ ਨਹੀਂ, ਨਾ ਹੀ ਉਨ੍ਹਾਂ ਕੋਲ ਬੈਠਣ ਦਾ ਮੌਕਾ ਮਿਲਿਆ ਹੈ, ਪਰ ਬੀਬੀ ਇੰਦਰਜੀਤ ਕੌਰ ਦਾ ਕੰਮ ਅਤੇ ਉਨ੍ਹਾਂ ਦੀ ਸਮਾਜ ਪ੍ਰਤੀ ਫਿਕਰਮੰਦੀ ਪ੍ਰਭਾਵਿਤ ਕਰਨ ਵਾਲੀ ਹੈ।

ਮਿਸਾਲ ਬਣਨ ਲਈ ਜੋ ਗੁਣ ਚਾਹੀਦੇ ਹਨ, ਉਹ ਉਸ ਸੰਸਥਾ ਦੇ ਕੰਮ ਕਰਨ ਤੋਂ ਪਤਾ ਚਲਦਾ ਹੈ। ਪਿੰਗਲਵਾੜੇ ਦੇ ਕੰਮ ਹੌਲੀ-ਹੌਲੀ ਮੇਰੇ ਕਿਰਦਾਰ ਦਾ ਹਿੱਸਾ ਬਣੇ ਹਨ। ਬੀਬੀ ਜੀ ਨੇ ਕਈ ਵਾਰੀ ਕਿਹਾ ਹੈ ਕਿ ਮੇਰੀ ਸੋਚ ਤੇ ਉਨ੍ਹਾਂ ਦੀ ਸੋਚ ਇੱਕੋ ਜਿਹੀ ਹੀ ਹੈ।

ਸੰਸਥਾ ਮਿਸਾਲੀ ਹੈ, ਇਹ ਕਿਉਂ ਕਹਿੰਦਾ ਹਾਂ, ਕਿਉਂਕਿ ਬਿਨਾਂ ਕਿਸੇ ਸਰਕਾਰੀ ਸਹਿਯੋਗ ਤੋਂ ਸਿਰਫ਼ ਤੇ ਸਿਰਫ਼ ਲੋਕ ਭਲਾਈ ਕੇ ਕੰਮਾਂ ਬਾਰੇ ਸੋਚਦੇ ਰਹਿਣਾ। ਕਈ ਸੰਸਥਾਵਾਂ ਆਪਣੇ ਉਲੀਕੇ ਕੰਮਾਂ ਨੂੰ ਮਾਡਲ ਜਾਂ ਬੇਮਿਸਾਲ ਕਹਿੰਦੀਆਂ ਹਨ। ਠੀਕ ਹੈ ਕਿ ਸਭ ਨੂੰ ਖੁਸ਼ ਨਹੀਂ ਕੀਤਾ ਜਾ ਸਕਦਾ ਪਰ ਜਿਵੇਂ ਨਿਆਂਪਾਲਿਕਾ ਤੋਂ ਉਮੀਦ ਹੁੰਦੀ ਹੈ ਕਿ ਇਨਸਾਫ ਹੋਵੇ ਤੇ ਨਾਲ ਇਨਸਾਫ ਹੁੰਦਾ ਨਜ਼ਰ ਆਵੇ, ਉਸੇ ਤਰ੍ਹਾਂ ਕੰਮ ਹੋਣ, ਪਰ ਕੰਮ ਵਿੱਚ ਨੀਅਤ ਦੀ ਸਪਸ਼ਟਤਾ ਨਜ਼ਰ ਵੀ ਆਵੇ, ਜੋ ਪਿੰਗਲਵਾੜਾ ਵਿੱਚ ਦਿਸਦੀ ਹੈ। ਇਹੀ ਵੱਡੀ ਲੋੜ ਹੈ।

ਲੇਖਕ : ਡਾ. ਸ. ਸ. ਛੀਨਾ



# ਕੀ ਸਮਾਜਵਾਦੀ ਪ੍ਰਭਾਵ ਘਟ ਰਿਹਾ ਹੈ?

ਸਾਰੇ ਹੀ ਧਾਰਮਿਕ ਆਗੂਆਂ ਵੱਲੋਂ ਸਮਾਜਿਕ ਬਰਾਬਰੀ 'ਤੇ ਖਾਸ ਜ਼ੋਰ ਦਿੱਤਾ ਜਾਂਦਾ ਰਿਹਾ ਹੈ ਅਤੇ ਸਮਾਜਿਕ ਬਰਾਬਰੀ ਸਥਾਪਿਤ ਹੀ ਤਾਂ ਹੋ ਸਕਦੀਈਹੈ ਜੇ ਆਰਥਿਕ ਬਰਾਬਰੀ ਹੈ, ਨਹੀਂ ਤਾਂ ਸਮਾਜਿਕ ਬਰਾਬਰੀ ਨੂੰ ਪਰਿਭਾਸ਼ਤ ਵੀ ਨਹੀਂ ਕੀਤਾ ਜਾ ਸਕਦਾ। 1991 ਵਿਚ ਸੋਵੀਅਤ ਯੂਨੀਅਨ ਦੇ ਢਹਿ-ਢੇਰੀ ਹੋਣ ਨਾਲ ਸਮਾਜਵਾਦ ਨੂੰ ਭਾਵੇਂ ਵੱਡੀ ਸੱਟ ਵੱਜੀ, ਇੱਥੋਂ ਤੱਕ ਕਿ ਉਹ 16 ਵੱਖ-ਵੱਖ ਦੇਸ਼ ਜਿਹੜੇ ਸੋਵੀਅਤ ਯੂਨੀਅਨ ਦਾ ਹਿੱਸਾ ਬਣੇ ਸਨ ਅਤੇ ਜਿਨ੍ਹਾਂ ਨੇ ਸਮਾਜਵਾਦ ਅਪਣਾਇਆ ਸੀ, ਉਨ੍ਹਾਂ ਵੀ ਸੋਵੀਅਤ ਯੂਨੀਅਨ ਤੋਂ ਵੱਖ ਹੋ ਕੇ ਆਪੋ-ਆਪਣੇ ਸੁਤੰਤਰ ਰਾਜ ਸਥਾਪਤ ਕਰ ਲਏ। ਇਨ੍ਹਾਂ ਵਿਚ ਯੂਕਰੇਨ, ਜਾਰਜੀਆ, ਉਜ਼ਬੇਕਿਸਤਾਨ, ਤਜ਼ਾਕਿਸਤਾਨ, ਕਜ਼ਾਖਸਤਾਨ ਆਦਿ ਆਉਂਦੇ ਹਨ ਪਰ ਉਨ੍ਹਾਂ ਸਾਰੇ ਸਮਾਜਵਾਦੀ ਤੋਂ ਬਦਲੇ ਦੇਸ਼ਾਂ ਨੇ ਸਮਾਜਵਾਦ ਦੀ ਮੁੱਢਲੀ ਗੱਲ ਸਮਾਜਿਕ ਬਰਾਬਰੀ ਨੂੰ ਤਰਜੀਹ ਦਿੱਤੀ ਅਤੇ ਲਗਾਤਾਰ ਸੁਧਾਰਾਂ ਨਾਲ ਸਮਾਜਿਕ ਸੁਰੱਖਿਆ ਵਿਚ ਵੱਧ ਤੋਂ ਵੱਧ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਨਾ ਤਾਂ ਸਮਾਜਵਾਦ ਫੇਲ੍ਹ ਹੋ ਸਕਦਾ ਅਤੇ ਨਾ ਹੀ ਸਮਾਜਵਾਦ ਖ਼ਤਮ ਹੋ ਸਕਦਾ ਹੈ ਭਾਵੇਂ ਇਸ ਦੀ ਸੂਰਤ ਵਿਚ ਤਬਦੀਲੀ ਆਉਂਦੀ ਰਹੇਗੀ।

ਮੱਧਕਾਲ ਤੋਂ ਬਾਅਦ ਜਦੋਂ ਇਤਿਹਾਸ ਦੇ ਆਧੁਨਿਕ ਭਾਗ ਦਾ ਅਧਿਐਨ ਕੀਤਾ ਜਾਂਦਾ ਹੈ ਤਾਂ ਵੱਖ-ਵੱਖ ਦੇਸ਼ਾਂ ਵਿਚ ਸਮਾਜਿਕ ਬਰਾਬਰੀ ਅਤੇ ਮਨੁੱਖੀ ਅਧਿਕਾਰਾਂ ਬਾਰੇ ਵੱਡੇ ਵੱਡੇ ਸੰਘਰਸ਼ਾਂ ਦੀਆਂ ਦਾਸਤਾਨਾਂ ਨਜ਼ਰ ਆਉਂਦੀਆਂ ਹਨ ਪਰ ਮੈਂ ਸਿਰਫ਼ ਦੋ ਤਿੰਨ ਦਾ ਹੀ ਜ਼ਿਕਰ ਕਰਾਂਗਾ। 19ਵੀਂ ਸਦੀ ਤੋਂ ਪਹਿਲਾਂ ਦੁਨੀਆ ਭਰ ਵਿਚ ਖੇਤੀਬਾੜੀ ਹੀ ਮੁੱਖ ਪੇਸ਼ਾ ਸੀ ਅਤੇ ਖੇਤੀ ਵਿਚ ਹੋਈ ਇਨਕਲਾਬੀ ਉਨਤੀ ਦੇ ਆਧਾਰ 'ਤੇ 19ਵੀਂ ਸਦੀ ਦੇ ਸ਼ੁਰੂ ਵਿਚ ਪਹਿਲਾਂ ਇੰਗਲੈਂਡ ਅਤੇ ਫਿਰ ਹੋਰ ਦੇਸ਼ਾਂ ਵਿਚ ਸਨਅਤੀ ਇਨਕਲਾਬ ਆਇਆ। ਉਸ ਵਕਤ ਖੇਤੀ ਕਰਨ ਵਾਲੇ ਕਿਸਾਨਾਂ ਦੇ ਦੋ ਸੰਘਰਸ਼ ਇਤਿਹਾਸ ਦਾ ਹਿੱਸਾ ਬਣੇ। ਪਹਿਲਾ ਸੀ 1534 ਵਿਚ ਜਰਮਨੀ ਦੇ ਕਿਸਾਨਾਂ ਦਾ ਸੰਘਰਸ਼, ਜਿਸ ਵਿਚ ਉਨ੍ਹਾਂ ਨੇ ਉਸ ਵਕਤ ਦੇ ਹਾਕਮਾਂ ਨੂੰ ਮਜਬੂਰ ਕੀਤਾ ਕਿ ਉਹ ਉਨ੍ਹਾਂ ਦੇ ਹੱਕ ਦੀ ਨੀਤੀ ਲਾਗੂ ਕਰਨ ਅਤੇ ਉਸ ਤੋਂ ਬਾਅਦ 1789 ਵਿਚ ਫਰਾਂਸ ਦੀ ਕ੍ਰਾਂਤੀ ਦਾ ਜ਼ਿਕਰ ਆਉਂਦਾ ਹੈ ਜਿਸ ਵਿਚ ਕਿਸਾਨ ਖ਼ੂਨੀ ਇਨਕਲਾਬ ਕਰਕੇ ਉਸ ਵਕਤ ਦੇ ਵੱਡੇ ਜ਼ਿਮੀਂਦਾਰਾਂ ਅਤੇ ਰਜਵਾੜਿਆਂ ਕੋਲੋਂ ਜ਼ਮੀਨਾਂ ਖੋਹ ਕੇ ਉਨ੍ਹਾਂ ਦੇ ਮਾਲਕ ਬਣੇ। ਮਾਰਕਸ ਅਤੇ ਏਂਜਲਸ ਨੇ ਸਮਾਜਵਾਦ ਦਾ ਜਿਹੜਾ ਸਿਧਾਂਤ ਦਿੱਤਾ ਸੀ ਜਿਸ ਦੀ ਮੁੱਖ ਮਦ ਸਮਾਜਿਕ ਅਤੇ ਆਰਥਿਕ ਬਰਾਬਰੀ ਸੀ, ਉਸ ਵਿਚ ਉਨ੍ਹਾਂ ਦੀ ਕਿਆਸਰਾਈ ਸੀ ਕਿ ਜਿਨ੍ਹਾਂ ਦੇਸ਼ਾਂ ਵਿਚ ਉਦਯੋਗਿਕ ਵਿਕਾਸ ਹੋ ਰਿਹਾ ਹੈ ਉਨ੍ਹਾਂ ਦੇ ਉਦਯੋਗਿਕ ਕਿਰਤੀਆਂ ਵੱਲੋਂ ਸਮਾਜਵਾਦ ਸਥਾਪਤ ਕੀਤਾ ਜਾਵੇਗਾ ਅਤੇ ਰਜਵਾੜਾ ਪ੍ਰਣਾਲੀ ਖ਼ਤਮ ਕੀਤੀ ਜਾਵੇਗੀ।

ਰੂਸ ਵਿਚ ਜਦੋਂ 1917 'ਚ ਸਮਾਜਵਾਦ ਸਥਾਪਤ ਕੀਤਾ ਗਿਆ ਤਾਂ ਉਸ ਸਮਾਜਵਾਦ ਦੀ ਅਗਵਾਈ ਉਦਯੋਗਿਕ ਕਿਰਤੀਆਂ ਨੇ ਨਹੀਂ ਸਗੋਂ ਕਿਸਾਨਾਂ ਨੇ ਕੀਤੀ, ਫਿਰ ਰੂਸ ਉਸ ਵਕਤ ਤੱਕ ਉਦਯੋਗਿਕ ਦੇਸ਼ ਬਣਿਆ ਹੀ ਨਹੀਂ ਸੀ ਅਤੇ ਉੱਥੋਂ ਦੀ ਜ਼ਿਆਦਾਤਰ ਵਸੋਂ ਖੇਤੀ 'ਤੇ ਨਿਰਭਰ ਕਰਦੀ ਸੀ। ਉਦੋਂ ਕਿਸਾਨਾਂ ਨੇ ਕਿਰਤੀਆਂ ਨਾਲ ਮਿਲ ਕੇ ਉੱਥੋਂ ਦੇ ਹੁਕਮਰਾਨ ਜਾਰ ਨੂੰ ਲਾਹ ਕੇ ਕਿਸਾਨਾਂ ਅਤੇ ਕਿਰਤੀਆਂ ਦਾ ਰਾਜ ਸਥਾਪਤ ਕਰ ਦਿੱਤਾ। 2016 ਵਿਚ ਜਾਂ 1991 ਵਿਚ ਸੋਵੀਅਤ ਯੂਨੀਅਨ ਵੱਲੋਂ ਅਧਿਕਾਰਤ ਤੌਰ 'ਤੇ ਸਮਾਜਵਾਦ ਛੱਡਣ ਦੇ ਤਕਰੀਬਨ 24 ਸਾਲ ਬਾਅਦ ਮੈਂ ਇਕ ਵਾਰ ਰੁਮਾਨੀਆ ਜਾ ਰਿਹਾ ਸਾਂ ਅਤੇ ਮੈਨੂੰ ਕੋਈ 4 ਘੰਟੇ ਮਾਸਕੋ ਦੇ ਹਵਾਈ ਅੱਡੇ 'ਤੇ ਬੁਖਾਰੈਸਟ ਵਾਲੇ ਜਹਾਜ਼ ਦੀ ਉਡੀਕ ਕਰਨੀ ਪਈ। ਉਥੇ ਮੈਂ ਹਰ ਕਰਮਚਾਰੀ ਦੀ ਬਾਂਹ 'ਤੇ ਲੱਗੇ ਦਾਤਰੀ ਅਤੇ ਹਥੌੜੇ ਦੇ ਬਣੇ ਨਿਸ਼ਾਨ ਤੋਂ ਬਹੁਤ ਹੈਰਾਨ ਹੋਇਆ। ਮੈਂ ਇਕ ਕਰਮਚਾਰੀ ਨੂੰ ਪੁੱਛਿਆ ਕਿ 1991 ਵਿਚ ਸੋਵੀਅਤ ਯੂਨੀਅਨ ਵੱਲੋਂ ਸਮਾਜਵਾਦ ਨੂੰ ਨਕਾਰਨ ਤੋਂ ਬਾਅਦ ਵੀ "ਦਾਤਰੀ ਅਤੇ ਹਥੌੜੇ" ਦੇ ਨਿਸ਼ਾਨ ਨੂੰ ਕਿਉਂ ਅਪਣਾਇਆ ਜਾ ਰਿਹਾ ਹੈ ਤਾਂ ਉਸ ਨੇ ਬਹੁਤ ਢੁਕਵਾਂ ਜਵਾਬ ਦਿੱਤਾ ਕਿ ਉਸ ਸਮੇਂ ਆਈਆਂ ਆਰਥਿਕ ਮੁਸ਼ਕਲਾਂ ਦਾ ਮੁੱਖ ਕਾਰਨ ਪ੍ਰਬੰਧਕੀ ਅਯੋਗਤਾ ਸੀ ਪਰ ਉਸ ਤੋਂ ਬਾਅਦ 'ਸਮਾਜਿਕ ਬਰਾਬਰੀ' ਦੇ ਸਿਧਾਂਤ ਨੂੰ ਪੂਰੀ ਤਰ੍ਹਾਂ ਅਪਨਾਇਆ ਗਿਆ ਹੈ ਅਤੇ ਸਮਾਜਿਕ ਬਰਾਬਰੀ ਵੀ ਬਣਾ ਕੇ ਰੱਖੀ ਹੋਈ ਹੈ। ਸਮਾਜਵਾਦ ਨੂੰ ਕਦੇ ਵੀ ਅਸਲੀਅਤ ਵਿਚ ਨਹੀਂ ਨਕਾਰਿਆ ਭਾਵੇਂ ਆਰਥਿਕ ਪ੍ਰਬੰਧ ਵਿਚ ਕੁਝ ਖੁੱਲ੍ਹਾਂ ਜ਼ਰੂਰ ਦਿੱਤੀਆਂ ਗਈਆਂ ਹਨ। ਉਨ੍ਹਾਂ ਆਰਥਿਕ ਖੁੱਲ੍ਹਾਂ ਬਾਰੇ ਮੈਨੂੰ ਕੁਝ ਸਮੇਂ ਬਾਅਦ ਹੀ ਗਿਆਨ ਹੋ ਗਿਆ। ਉਹ ਇਸ ਤਰ੍ਹਾਂ ਹੋਇਆ ਕਿ ਮੈਂ ਅਤੇ ਮੇਰੇ ਨਾਲ ਦੇ ਦੋ ਹੋਰ ਸਾਥੀਆਂ ਨੇ ਸਮਾਂ ਬਿਤਾਉਣ ਲਈ ਚਾਹ ਦਾ ਆਰਡਰ ਦਿੱਤਾ ਪਰ ਉਸ ਲੜਕੀ ਨੇ ਸਾਨੂੰ ਪੁੱਛਿਆ: ਕੀ ਆਪ ਦੇ ਕੋਲ ਅਮਰੀਕਨ ਡਾਲਰ ਜਾਂ ਰੂਬਲ (ਰੂਸ ਦੀ ਕਰੰਸੀ) ਹੈ, ਭਾਵੇਂ ਸਾਡੇ ਕੋਲ ਡਾਲਰ ਤਾਂ ਸਨ ਪਰ ਅਸੀਂ ਇਸ ਗੱਲੋਂ ਬਹੁਤ ਹੈਰਾਨ ਹੋਏ ਕਿ ਅਮਰੀਕਾ ਜਿਸ ਨਾਲ ਰੂਸ ਦੀ ਲਗਾਤਾਰ ਕੋਈ 70 ਸਾਲ ਸਰਦ ਜੰਗ ਜਾਰੀ ਰਹੀ, ਉੱਥੇ ਹੁਣ ਰੂਬਲ ਤੋਂ ਇਲਾਵਾ ਜੇ ਕਿਸੇ ਕਰੰਸੀ ਨੂੰ ਪ੍ਰਵਾਨ ਕੀਤਾ ਜਾਂਦਾ ਹੈ ਤਾਂ ਉਹ ਅਮਰੀਕਾ ਦਾ ਡਾਲਰ ਹੀ ਹੈ। ਇਸ ਗੱਲ ਨੇ ਸਾਡੇ ਮਨ ਵਿਚ ਕਈ ਹੋਰ ਸੁਆਲ ਪੈਦਾ ਕੀਤੇ ਪਰ ਅਸੀਂ ਗੱਲਬਾਤ ਨਾਲ ਬਿਲਕੁਲ ਸੰਤੁਸ਼ਟ ਹੋ ਗਏ ਕਿ ਵਪਾਰਕ ਅਤੇ ਆਰਥਿਕ ਲੋੜਾਂ ਅਨੁਸਾਰ ਲੋਕਹਿੱਤ ਲਈ ਜੇ ਕੋਈ ਤਬਦੀਲੀਆਂ ਕੀਤੀਆਂ ਗਈਆਂ ਹਨ ਤਾਂ ਇਸ ਦਾ ਇਹ ਅਰਥ ਨਹੀਂ ਕੱਢਿਆ ਜਾ ਸਕਦਾ ਕਿ ਹੁਣ ਉੱਥੇ ਉਹ ਅਗਾਂਹਵਧੂ ਨੀਤੀਆਂ ਦਾ ਖ਼ਾਤਮਾ ਹੋ ਗਿਆ ਹੈ।

ਜਦੋਂ 1917 'ਚ ਰੂਸ ਵਿਚ ਇਨਕਲਾਬ ਹੋਇਆ ਸੀ ਤਾਂ ਉਸ ਵਕਤ ਰੂਸ ਬਹੁਤ ਵਿਸ਼ਾਲ ਦੇਸ਼ ਅਤੇ ਕੁਦਰਤੀ ਤੇ ਆਰਥਿਕ ਸਾਧਨਾਂ ਨਾਲ ਭਰਪੂਰ ਹੋਣ ਦੇ ਬਾਵਜੂਦ ਆਪਣੀਆਂ ਖੁਰਾਕ ਲੋੜਾਂ ਵੀ ਪੂਰੀਆਂ ਕਰਨ ਯੋਗ ਨਹੀਂ ਸੀ। ਉੱਥੋਂ ਦਾ ਹੁਕਮਰਾਨ ਜਾਰ ਅਤੇ ਪ੍ਰਾਂਤਾਂ ਦੇ ਪ੍ਰਬੰਧਕਾਂ ਨੂੰ ਆਮ ਵਿਅਕਤੀਆਂ ਦੀਆਂ ਮੁਸ਼ਕਲਾਂ ਦਾ ਕੋਈ ਗਿਆਨ ਨਹੀਂ ਸੀ ਪਰ ਇਨਕਲਾਬ ਤੋਂ ਬਾਅਦ ਕੁਝ ਹੀ ਸਾਲਾਂ ਵਿਚ ਰੂਸ ਦੁਨੀਆ ਦੀ ਨਾ ਸਿਰਫ਼ ਵੱਡੀ ਆਰਥਿਕ ਸ਼ਕਤੀ ਬਣਿਆ ਸਗੋਂ ਸਭ ਤੋਂ ਮਹੱਤਵਪੂਰਨ ਫੌਜੀ ਤਾਕਤ ਵੀ ਬਣ ਗਿਆ ਸੀ। ਸਿਰਫ਼ 40 ਸਾਲਾਂ ਵਿਚ 1957 ਤੱਕ ਉਸ ਦੇਸ਼ ਦੇ ਵਿਗਿਆਨਕ ਅਤੇ ਉਦਯੋਗਿਕ ਖੇਤਰ ਵਿਚ ਓਨੀਆਂ ਪ੍ਰਾਪਤੀਆਂ ਕੀਤੀਆਂ ਸਨ ਕਿ ਪੁਲਾੜ ਵਿਚ ਹੋਰ ਗ੍ਰਹਿਆਂ ਦੀ ਖੋਜ ਕਰਨ ਲਈ ਸਭ ਤੋਂ ਪਹਿਲਾ ਵਿਅਕਤੀ ਯੂਰੀ ਗਾਗਰਿਨ ਸੋਵੀਅਤ ਯੂਨੀਅਨ ਨੇ ਹੀ ਭੇਜਿਆ ਸੀ। ਦੂਸਰੀ ਵੱਡੀ ਜੰਗ ਵਿਚ ਸੋਵੀਅਤ ਯੂਨੀਅਨ ਨਹੀਂ ਸੀ ਪੈਣਾ ਚਾਹੁੰਦਾ ਅਤੇ ਜੰਗ ਦੇ ਹੱਕ ਵਿਚ ਵੀ ਨਹੀਂ ਸੀ ਪਰ ਜਦੋਂ ਜਰਮਨੀ ਵੱਲੋਂ ਉਸ 'ਤੇ ਹਮਲਾ ਕਰਕੇ ਉਸ ਨੂੰ ਜੰਗ ਵਿਚ ਕੁੱਦਣ ਲਈ ਮਜਬੂਰ ਕਰ ਦਿੱਤਾ ਸੀ ਤਾਂ ਨਾਜ਼ੀ ਅਤੇ ਫਾਸ਼ੀ ਸ਼ਕਤੀਆਂ ਦੀ ਹਾਰ ਦਾ ਵੱਡਾ ਕਾਰਨ ਵੀ ਰੂਸ ਹੀ ਸੀ। ਭਾਵੇਂ ਇਸ ਜੰਗ ਵਿਚ ਰੂਸੀਆਂ ਨੂੰ ਬਹੁਤ ਵੱਡਾ ਜਾਨੀ ਅਤੇ ਮਾਲੀ ਨੁਕਸਾਨ ਵੀ ਉਠਾਉਣਾ ਪਿਆ ਸੀ।

ਸੋਵੀਅਤ ਯੂਨੀਅਨ ਦੀ ਪ੍ਰਣਾਲੀ ਦੀ ਸਫ਼ਲਤਾ ਦੀਆਂ ਕਈ ਗੱਲਾਂ ਹਨ ਪਰ ਕੁਝ ਦੱਸਣੀਆਂ ਜ਼ਰੂਰੀ ਹਨ ਜਿਨ੍ਹਾਂ ਦਾ ਅਜੇ ਵੀ ਦੁਨੀਆ ਭਰ ਵਿਚ ਮਹੱਤਵ ਹੈ। 1927 ਵਿਚ ਦੁਨੀਆ ਭਰ ਵਿਚ ਮੰਦੀ ਫੈਲੀ ਸੀ ਜਿਸ ਵਿਚ ਵਸਤੂਆਂ ਦੀਆਂ ਕੀਮਤਾਂ ਘਟ ਰਹੀਆਂ ਸਨ ਪਰ ਘੱਟ ਹੋਣ ਦੇ ਬਾਵਜੂਦ ਵੀ ਵਿਕ ਨਹੀਂ ਸਨ ਰਹੀਆਂ ਇਸ ਲਈ ਹੋਰ ਬਣਾਉਣ ਦੀ ਲੋੜ ਨਹੀਂ ਸੀ। ਕਾਰਖਾਨੇ ਅਤੇ ਉਤਪਾਦਕ ਅਦਾਰੇ ਬੰਦ ਹੋ ਰਹੇ ਸਨ ਅਤੇ ਦੁਨੀਆ ਭਰ ਵਿਚ ਬੇਰੁਜ਼ਗਾਰੀ ਫੈਲ ਰਹੀ ਸੀ ਪਰ ਰੂਸ ਹੀ ਇਕੱਲਾ ਦੇਸ਼ ਸੀ ਜਿੱਥੇ ਨਾ ਕੀਮਤਾਂ ਘਟੀਆਂ ਅਤੇ ਨਾ ਬੇਰੁਜ਼ਗਾਰੀ ਹੋਈ। 1939 ਵਿਚ ਜਦੋਂ ਦੂਸਰੀ ਸੰਸਾਰ ਜੰਗ ਸ਼ੁਰੂ ਹੋਈ ਤਾਂ ਇਕ ਦਮ ਸਾਰੀ ਹੀ ਦੁਨੀਆ ਵਿਚ ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਵਧ ਰਹੀਆਂ ਸਨ ਅਤੇ ਆਮ ਆਦਮੀ ਦੁਖੀ ਸੀ ਪਰ ਸੋਵੀਅਤ ਯੂਨੀਅਨ ਇਕੱਲਾ ਹੀ ਦੇਸ਼ ਸੀ ਜਿੱਥੇ ਕੀਮਤਾਂ ਸਥਿਰ ਸਨ। ਜੰਗ ਦੇ ਖ਼ਾਤਮੇ ਤੋਂ ਬਾਅਦ ਬਹੁਤ ਸਾਰੇ ਦੇਸ਼ ਜਿਵੇਂ ਪੋਲੈਂਡ, ਰੁਮਾਨੀਆ, ਆਸਟਰੀਆ, ਯੂਗੋਸਲਾਵੀਆ, ਚੈਕੋਸਲੋਵਾਕੀਆ ਆਿਦ ਸੋਵੀਅਤ ਯੂਨੀਅਨ ਦੀ ਹੋਈ ਉਨਤੀ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਸਮਾਜਵਾਦ ਅਪਣਾਇਆ ਸੀ ਅਤੇ 1949 ਵਿਚ ਚੀਨ ਨੇ ਇਕਦਮ ਸਮਾਜਵਾਦ ਅਪਣਾ ਕੇ ਪਿਛਲੀ ਪ੍ਰਣਾਲੀ ਨੂੰ ਬਿਲਕੁਲ ਖ਼ਤਮ ਕਰ ਦਿੱਤਾ। ਉਸ ਵਕਤ ਚੀਨ ਦੁਨੀਆ ਵਿਚ ਵਸੋਂ ਦੇ ਹਿਸਾਬ ਸਭ ਤੋਂ ਵੱਡਾ ਦੇਸ਼ ਸੀ। 1975 ਤੱਕ ਕੋਈ 69 ਫ਼ੀਸਦੀ ਵਸੋਂ ਨੇ ਦੁਨੀਆ ਵਿਚ ਸਮਾਜਵਾਦ ਅਪਣਾ ਲਿਆ ਸੀ।

ਜਿਨ੍ਹਾਂ ਦੇਸ਼ਾਂ ਨੇ ਸਮਾਜਵਾਦ ਨਹੀਂ ਸੀ ਅਪਣਾਇਆ ਉਨ੍ਹਾਂ ਨੂੰ ਵੀ ਸਮਾਜਵਾਦ ਨੇ ਪ੍ਰਭਾਵਿਤ ਕੀਤਾ। 1947 ਤੋਂ ਪਹਿਲਾਂ ਇਕੱਲਾ ਭਾਰਤ ਹੀ ਨਹੀਂ ਸਗੋਂ ਕਈ ਹੋਰ ਦੇਸ਼ ਇੰਗਲੈਂਡ, ਫਰਾਂਸ, ਹਾਲੈਂਡ ਦੇ ਅਧੀਨ ਸਨ ਅਤੇ ਉਨ੍ਹਾਂ ਦੇਸ਼ਾਂ ਵਿਚ ਆਪਣੀ ਸੁਤੰਤਰਤਾ ਲਈ ਸੰਘਰਸ਼ ਚੱਲ ਰਹੇ ਸਨ। ਉਨ੍ਹਾਂ ਸਾਰੇ ਦੇਸ਼ਾਂ ਨੂੰ ਸੋਵੀਅਤ ਯੂਨੀਅਨ ਦੇ ਸਮਾਜਵਾਦ ਨੇ ਪ੍ਰਭਾਵਿਤ ਕਰਕੇ ਉਨ੍ਹਾਂ ਦੇਸ਼ਾਂ ਦੀ ਸੁਤੰਤਰਤਾ ਨੂੰ ਅਸਲੀ ਸ਼ਕਲ ਦਿੱਤੀ ਅਤੇ ਇਕ ਤੋਂ ਬਾਅਦ ਇਕ ਦੇਸ਼ ਸੁਤੰਤਰ ਹੁੰਦਾ ਗਿਆ। ਦੁਨੀਆ ਭਰ ਦੇ ਦੇਸ਼ਾਂ ਵਿਚ ਨਾ ਸਿਰਫ਼ ਉਦਯੋਗਿਕ ਕਿਰਤੀਆਂ ਦੀਆਂ ਸਗੋਂ ਹੋਰ ਸੇਵਾਵਾਂ ਦੇਣ ਵਾਲਿਆਂ ਦੀਆਂ ਯੂਨੀਅਨਾਂ ਸਥਾਪਤ ਹੋਈਆਂ ਜਿਨ੍ਹਾਂ ਨੇ ਕੰਮ ਦਾ ਸਮਾਂ, ਸਮਾਜਿਕ ਸੁਰੱਖਿਆ, ਇਲਾਜ ਦੀ ਵਿਵਸਥਾ ਅਤੇ ਹੋਰ ਮਨੁੱਖੀ ਅਧਿਕਾਰਾਂ ਲਈ ਵੱਡੇ ਸੰਘਰਸ਼ ਕੀਤੇ ਜਿਨ੍ਹਾਂ ਨੂੰ ਸੋਵੀਅਤ ਯੂਨੀਅਨ ਦੇ ਸਮਾਜਵਾਦ ਨੇ ਉਤਸ਼ਾਹਿਤ ਕੀਤਾ।

1917 ਤੋਂ ਬਾਅਦ ਸਾਮਰਾਜਵਾਦੀ ਸ਼ਕਤੀਆਂ ਅਤੇ ਉਦਯੋਗਿਕ ਦੇਸ਼ਾਂ ਵਿਚ ਇਸ ਗੱਲ ਦੀ ਚੇਤਨਾ ਪੈਦਾ ਹੋ ਗਈ ਸੀ ਕਿ ਵੱਧ ਤੋਂ ਵੱਧ ਦੇਸ਼ ਸਮਾਜਵਾਦ ਅਪਣਾ ਰਹੇ ਹਨ ਅਤੇ ਉਨ੍ਹਾਂ ਦੇਸ਼ਾਂ ਨੇ ਸਮਾਜਵਾਦ ਦੇ ਵਾਧੇ ਨੂੰ ਰੋਕਣ ਲਈ ਉਪਾਅ ਕਰਨੇ ਸ਼ੁਰੂ ਕਰ ਦਿੱਤੇ ਸਨ। ਉਨ੍ਹਾਂ ਦੇਸ਼ਾਂ ਨੇ ਕਿਰਤੀਆਂ ਦੇ ਕੰਮ ਦੇ ਸਮੇਂ, ਉਨ੍ਹਾਂ ਨੂੰ ਕੰਮ ਕਰਨ ਵਾਲੀ ਜਗ੍ਹਾ ਤੇ ਸਹੂਲਤਾਂ, ਪੈਨਸ਼ਨ, ਪ੍ਰਾਵੀਡੈਂਟ ਫੰਡ, ਹਾਦਸੇ ਦੀ ਹਾਲਤ ਵਿਚ ਮੁਆਵਜ਼ਾ ਆਦਿ ਸਹੂਲਤਾਂ ਇਕ ਤੋਂ ਬਾਅਦ ਇਕ ਦੇਸ਼ ਵਿਚ ਸ਼ੁਰੂ ਹੋ ਗਈਆਂ। ਇੱਥੋਂ ਤੱਕ ਕਿ ਸਰਕਾਰ ਨੇ ਇਹ ਮਹਿਸੂਸ ਕਰ ਲਿਆ ਕਿ ਬੇਰੁਜ਼ਗਾਰੀ ਦਾ ਭੱਤਾ ਵੀ ਲਾਗੂ ਕਰਨਾ ਪੈਣਾ ਹੈ ਅਤੇ ਸਮਾਜਿਕ ਬਰਾਬਰੀ ਬਣਾਉਣ ਲਈ ਆਰਥਿਕ ਬਰਾਬਰੀ ਦੀ ਵਿਵਸਥਾ ਕਰਨੀ ਪਵੇਗੀ ਭਾਵੇਂ ਉਸ ਨੂੰ ਟੈਕਸ ਪ੍ਰਣਾਲੀ ਰਾਹੀਂ ਹੀ ਕੀਤਾ ਜਾਵੇ। ਇਹੋ ਵਜ੍ਹਾ ਹੈ ਕਿ ਅੱਜ ਕੱਲ੍ਹ ਦੁਨੀਆ ਦੇ ਹਰ ਵਿਕਸਤ ਦੇਸ਼ ਵਿਚ ਭਾਵੇਂ ਧਨ ਦੀ ਨਾ-ਬਰਾਬਰੀ ਤਾਂ ਹੈ ਪਰ ਆਮਦਨ ਦੀ ਨਾ-ਬਰਾਬਰੀ ਨਹੀਂ ਜਿਸ ਦੇ ਇਹ ਸਬੂਤ ਹਨ ਕਿ ਅਮੀਰ ਤੋਂ ਅਮੀਰ ਵਿਅਕਤੀ ਕੋਲ ਵੀ ਡਰਾਈਵਰ ਨਹੀਂ ਅਤੇ ਇਨ੍ਹਾਂ ਵਿਕਸਤ ਦੇਸ਼ਾਂ ਵਿਚ ਇਕ ਵੀ ਬਾਲ ਕਿਰਤੀ ਨਹੀਂ।

ਸਮਾਜਵਾਦ ਦਾ ਪ੍ਰਭਾਵ ਲਗਾਤਾਰ ਬਣਿਆ ਹੋਇਆ ਹੈ ਅਤੇ ਬਣਿਆ ਰਹੇਗਾ। 1991 ਵਿਚ ਸੋਵੀਅਤ ਯੂਨੀਅਨ ਵੱਲੋਂ ਪਹਿਲੇ ਰਸਤੇ ਨੂੰ ਛੱਡ ਕੇ ਨਵਾਂ ਰਸਤਾ ਅਪਣਾ ਲੈਣਾ ਓਨੀ ਹੀ ਮਹੱਤਵਪੂਰਨ ਇਤਿਹਾਸਕ ਘਟਨਾ ਸੀ ਜਿੰਨੀ 1917 ਵਿਚ ਸਮਾਜਵਾਦ ਅਪਣਾਉਣਾ ਸੀ ਪਰ 1917 ਤੋਂ ਲੈ ਕੇ ਲਗਾਤਾਰ ਦੁਨੀਆ ਭਰ ਵਿਚ ਸਮਾਜਿਕ ਬਰਾਬਰੀ ਜਿਹੜੀ ਆਰਥਿਕ ਬਰਾਬਰੀ 'ਤੇ ਆਧਾਰਤ ਹੈ, ਉਸ ਸਬੰਧੀ ਸੁਧਾਰ ਲਗਾਤਰ ਚੱਲਦੇ ਰਹਿਣਗੇ ਅਤੇ ਇਸ ਸਮਾਜਿਕ ਬਰਾਬਰੀ ਤੇ ਮਨੁੱਖੀ ਅਧਿਕਾਰਾਂ ਦੀ ਵਰਤੋਂ ਹਰ ਇਕ ਲਈ ਬਰਾਬਰ ਹੋਣੀ ਜਿਹੜੀ ਸਮਾਜਿਕ ਸੁਰੱਖਿਆ 'ਤੇ ਨਿਰਭਰ ਕਰਦੀ ਹੈ ਉਸ ਵਿਚ ਵਾਧਾ ਹੁੰਦਾ ਰਹੇਗਾ।

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)



NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ। ਮੁਫ਼ਤ ਸਲਾਹ
"Over 20 years experience as Denturist"
- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।



BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

# ਬੇਰਹਿਮ ਸਿਹਤ ਬਾਜ਼ਾਰ

ਲੇਖਕ : ਡਾ. ਅਰੁਣ ਮਿੱਤਰਾ
ਸੰਪਰਕ: 94170-00360



ਸੁਪਰੀਮ ਕੋਰਟ ਨੇ ਪਿਛਲੇ ਮਹੀਨੇ ਆਪਣੇ ਹੁਕਮ ਵਿੱਚ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈਐੱਮਏ) ਨੂੰ ਬਹੁਤ ਜ਼ਿਆਦਾ ਕੀਮਤ ਵਾਲੀਆਂ ਦਵਾਈਆਂ ਅਤੇ ਇਲਾਜ ਦੀ ਸਿਫ਼ਾਰਸ਼ ਕਰਨ ਦੇ ਕਥਿਤ ਅਨੈਤਿਕ ਵਿਹਾਰ ਲਈ ਜ਼ਿੰਮੇਵਾਰ ਠਹਿਰਾਇਆ ਹੈ। ਜਸਟਿਸ ਹਿਮਾ ਕੋਹਲੀ ਅਤੇ ਜਸਟਿਸ ਅਹਿਸਾਨੁਦੀਨ ਅਮਾਨਉੱਲ੍ਹਾ ਦੇ ਬੈਂਚ ਨੇ ਕਿਹਾ ਕਿ ਆਈਐੱਮਏ ਨੂੰ ਵੀ ਆਪਣੇ ਘਰ ਨੂੰ ਕ੍ਰਮਬੱਧ ਕਰਨ ਦੀ ਲੋੜ ਹੈ ਕਿਉਂਕਿ ਕਈ ਸ਼ਿਕਾਇਤਾਂ ਹਨ। ਅਦਾਲਤ ਨੇ ਐੱਫਐੱਮਸੀਜੀਜ਼ (ਤੇਜ਼ੀ ਨਾਲ ਚੱਲਣ ਵਾਲੀਆਂ ਖਪਤਕਾਰਾਂ ਦੀਆਂ ਵਸਤੂਆਂ) ਦੇ ਕਈ ਗੁਮਰਾਹਕੁਨ ਇਸ਼ਤਿਹਾਰਾਂ ਬਾਰੇ ਚਿੰਤਾ ਪ੍ਰਗਟਾਈ ਜੋ ਸ਼ਿਸ਼ੂਆਂ, ਸਕੂਲ ਜਾਣ ਵਾਲੇ ਬੱਚਿਆਂ ਅਤੇ ਬਜ਼ੁਰਗਾਂ ਦੀ ਸਿਹਤ ਨੂੰ ਪ੍ਰਭਾਵਿਤ ਕਰਦੇ ਹਨ। ਅਦਾਲਤ ਨੇ ਭਾਰਤ ਸਰਕਾਰ ਅਤੇ ਰਾਜਾਂ ਦੀਆਂ ਲਾਇਸੈਂਸਿੰਗ ਅਥਾਰਟੀਆਂ ਨੂੰ ਵੀ ਆਪਣੇ ਆਪ ਨੂੰ ਸਰਗਰਮ ਕਰਨ ਲਈ ਕਿਹਾ ਹੈ। ਅਦਾਲਤ ਨੇ ਖਪਤਕਾਰ ਮਾਮਲਿਆਂ ਦੇ ਮੰਤਰਾਲੇ, ਸੂਚਨਾ ਤੇ ਪ੍ਰਸਾਰਨ ਮੰਤਰਾਲੇ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਨੂੰ ਵੀ ਇਸ ਮਾਮਲੇ ਵਿਚ ਧਿਰ ਬਣਾਉਣ ਦਾ ਨਿਰਦੇਸ਼ ਦਿੱਤਾ ਹੈ। ਸੁਪਰੀਮ ਕੋਰਟ ਨੇ ਤਿੰਨਾਂ ਮੰਤਰਾਲਿਆਂ ਨੂੰ ਇਸ ਮਾਮਲੇ ਵਿਚ ਉਠਾਏ ਗਏ ਵੱਖ-ਵੱਖ ਮੁੱਦਿਆਂ 'ਤੇ ਆਪੋ-ਆਪਣਾ ਸਟੈਂਡ ਸਪੱਸ਼ਟ ਕਰਨ ਵਾਲੇ ਹਲਫ਼ਨਾਮੇ ਦਾਇਰ ਕਰਨ ਲਈ ਕਿਹਾ ਹੈ।

ਸੁਪਰੀਮ ਕੋਰਟ ਦਾ ਇਹ ਫੈਸਲਾ ਪਤੰਜਲੀ ਦੇ ਦਵਾਈ ਦੇ ਫਰਜ਼ੀ ਇਸ਼ਤਿਹਾਰਾਂ ਦੇ ਮਾਮਲੇ ਬਾਰੇ ਆਇਆ ਹੈ। ਕੇਰਲਾ ਦੇ ਕੰਨੂਰ ਨਗਰ ਦੇ ਡਾਕਟਰ ਬਾਬੂ ਕੇ ਵੀ ਜਿਨ੍ਹਾਂ ਨੇ ਆਰਟੀਆਈ ਦੁਆਰਾ ਵੱਖ-ਵੱਖ ਸਬੰਧਿਤ ਮਾਮਲਿਆਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਸੀ, ਵਲੋਂ ਇਸ ਮੁੱਦੇ ਨੂੰ ਲਗਾਤਾਰ ਘੋਖਣ ਤੋਂ ਬਾਅਦ ਇਹ ਸਾਰਾ ਮਾਮਲਾ ਸਾਹਮਣੇ ਆਇਆ ਸੀ। ਆਈਐੱਮਏ ਨੇ ਬਾਅਦ ਵਿੱਚ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਕਿ ਰਾਮਦੇਵ ਅਤੇ ਬਾਲਕ੍ਰਿਸ਼ਨ ਆਚਾਰੀਆ ਆਪਣੇ ਉਤਪਾਦਾਂ ਬਾਰੇ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ, ਕੋਵਿਡ-19 ਮਹਾਮਾਰੀ ਦੌਰਾਨ ਵੀ ਇਲਾਜ ਦੇ ਆਧੁਨਿਕ ਵਿਗਿਆਨਕ ਤਰੀਕਿਆਂ ਦਾ ਮਜ਼ਾਕ ਉਡਾਉਂਦੇ ਰਹੇ ਹਨ। ਰਾਮਦੇਵ ਨੇ ਬਿਨਾਂ ਕਿਸੇ ਠੋਸ ਸਬੂਤ ਦੇ ਆਪਣੇ ਦੁਆਰਾ ਉਤਪਾਦਤ ਕੋਰੋਨਿਲ ਨੂੰ ਬਿਮਾਰੀ ਦੇ ਇਲਾਜ ਵਜੋਂ ਪੇਸ਼ ਕੀਤਾ। ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਇਸ ਨੂੰ ਤਤਕਾਲੀ ਸਿਹਤ ਮੰਤਰੀ ਡਾ. ਹਰਸ਼ਵਰਧਨ ਦੁਆਰਾ ਉਤਸ਼ਾਹਿਤ ਕੀਤਾ ਗਿਆ ਜੋ ਆਧੁਨਿਕ ਦਵਾਈਆਂ ਵਿੱਚ ਸਿਖਲਾਈ ਪ੍ਰਾਪਤ ਈਐੱਨਟੀ ਸਰਜਨ ਹਨ।

ਕਈ ਸਿਹਤ ਸੰਗਠਨਾਂ ਨੇ ਭਾਜਪਾ ਸਰਕਾਰ ਦੇ ਕੁਝ ਉੱਚ ਆਗੂਆਂ ਦੁਆਰਾ ਇਲਾਜ ਦੇ ਗੈਰ-ਪ੍ਰਮਾਣਿਤ ਇੱਥੋਂ ਤੱਕ ਕਿ ਮਿਥਿਹਾਸਕ ਢੰਗਾਂ ਨੂੰ ਉਤਸ਼ਾਹਤ ਕਰਨ ਬਾਰੇ ਵੀ ਚਿੰਤਾ ਜ਼ਾਹਰ ਕੀਤੀ ਸੀ।

ਦੁਨੀਆ ਵਿੱਚ ਸਾਰੇ ਨਾਗਰਿਕਾਂ ਦੀ ਸਿਹਤ ਨੂੰ ਯਕੀਨੀ ਬਣਾਉਣ ਲਈ 1978 ਵਿੱਚ ਸਿਹਤ ਬਾਰੇ ਅਲਮਾ ਅਟਾ ਨਾਮਕ ਐਲਾਨਨਾਮੇ ਵਿੱਚ ਦੁਨੀਆ ਦੇ ਦੇਸ਼ਾਂ ਨੇ ਸਹਿਮਤੀ ਪ੍ਰਗਟਾਈ ਸੀ ਪਰ ਅਲਮਾ ਅਟਾ ਐਲਾਨਨਾਮੇ ਅਤੇ ਨਾਗਰਿਕਾਂ ਨੂੰ ਸਿਹਤ ਸੰਭਾਲ ਦੀ ਜ਼ਿੰਮੇਵਾਰੀ ਰਾਜ ਦੀ ਮਾਲਕੀ ਦੇ ਅਨੁਸਾਰ ਤਾਂ ਕੀ ਕਰਨਾ ਸੀ, ਇਸ ਦੇ ਉਲਟ ਸਿਹਤ ਸੰਭਾਲ ਉੱਤੇ ਮਾਰਕੀਟ ਦੀਆਂ ਤਾਕਤਾਂ ਦੀ ਜਕੜ ਵਧ ਗਈ। ਨਤੀਜੇ ਵਜੋਂ ਸਿਹਤ ਖੇਤਰ ਵਿੱਚ ਕਾਰਪੋਰੇਟਾਂ ਦਾ ਪ੍ਰਵੇਸ਼ ਹੋਇਆ ਜਿਸ ਨਾਲ ਸਿਹਤ ਪ੍ਰਤੀ ਤਬਦੀਲੀ ਪ੍ਰਤੱਖ ਹੋ ਗਈ। ਕਾਰਪੋਰੇਟ ਖੇਤਰ ਲਈ ਸਿਹਤ ਲੋਕਾਂ ਦੀ ਸੇਵਾ ਦੀ ਬਜਾਇ ਵਪਾਰ ਹੈ। ਇਹ ਕੋਵਿਡ-19 ਮਹਾਮਾਰੀ ਦੌਰਾਨ ਪ੍ਰਤੀਬਿੰਬਤ ਹੋਇਆ ਸੀ। ਲੱਖਾਂ ਲੋਕਾਂ ਨੇ ਦੁੱਖ ਝੱਲੇ ਅਤੇ ਆਪਣੀਆਂ ਜਾਨਾਂ ਵੀ ਗੁਆ ਦਿੱਤੀਆਂ ਪਰ ਸਿਹਤ ਦੇ ਖੇਤਰ ਵਿੱਚ ਮੰਡੀ ਦੀਆਂ ਤਾਕਤਾਂ ਭਾਰੀ ਮੁਨਾਫ਼ਾ ਕਮਾਉਂਦੀਆਂ ਰਹੀਆਂ। ਸਾਡੇ ਕੋਲ ਸੰਸਾਰ ਪੱਧਰ 'ਤੇ ਅਤੇ ਸਾਡੇ ਦੇਸ਼ ਵਿੱਚ ਵੈਕਸੀਨ ਬਣਾਉਣ ਵਾਲੇ ਉਦਯੋਗਾਂ ਦੀ ਸਪੱਸ਼ਟ ਉਦਾਹਰਨ ਹੈ।

ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ (ਪੀਜੀਆਈਐੱਮਈਆਰ) ਚੰਡੀਗੜ੍ਹ ਦੇ ਫਾਰਮਾਕੋਲੋਜੀ ਵਿਭਾਗ ਦੇ ਪ੍ਰੋਫੈਸਰ ਡਾ. ਸਮੀਰ ਮਲਹੋਤਰਾ ਅਨੁਸਾਰ, ਕੋਵਿਡ-19 ਦੇ ਡਰ ਨੇ ਕਈ ਸਰਕਾਰਾਂ ਨੂੰ ਵੈਕਸੀਨ ਵਿਕਸਤ ਕਰਨ ਵਾਲੀਆਂ ਕੰਪਨੀਆਂ ਨਾਲ ਸਮਝੌਤੇ ਕਰਨ ਲਈ ਮਜਬੂਰ ਕੀਤਾ। ਇਨ੍ਹਾਂ ਵਿੱਚੋਂ ਬਹੁਤ ਸਾਰੇ ਇਕਰਾਰਨਾਮਿਆਂ ਵਿੱਚ ਰਾਜ਼ਦਾਰੀ ਦੀਆਂ ਧਾਰਾਵਾਂ ਸਨ ਜਿਨ੍ਹਾਂ ਅਨੁਸਾਰ ਕੰਪਨੀ ਨੂੰ 'ਟੀਕੇ ਦੀ ਵਰਤੋਂ ਤੋਂ ਪੈਦਾ ਹੋਣ ਵਾਲੇ ਗੰਭੀਰ ਮਾੜੇ ਪ੍ਰਭਾਵਾਂ ਲਈ ਕਿਸੇ ਵੀ ਸਿਵਲ ਦੇਣਦਾਰੀ ਤੋਂ ਅਣਮਿੱਥੇ ਸਮੇਂ ਲਈ ਛੋਟ' ਦਿੱਤੀ ਗਈ ਸੀ; ਭਾਵ ਇਹ ਕਿ ਕਿਸੇ ਵੀ ਨੁਕਸਾਨ ਲਈ ਇਹ ਕੰਪਨੀਆਂ ਕਦੇ ਵੀ ਜ਼ਿੰਮੇਵਾਰ ਨਹੀਂ ਹੋਣਗੀਆਂ। ਸਿਰਫ਼ ਇਹੀ ਨਹੀਂ, ਇਹ ਤੱਥ ਹੈਰਾਨ ਕਰਨ ਵਾਲਾ ਹੈ ਕਿ ਇਨ੍ਹਾਂ ਦੇਸ਼ਾਂ ਨੂੰ 'ਮੁਆਵਜ਼ੇ ਦੀ ਗਰੰਟੀ ਲਈ ਸੰਪਤੀ ਗਿਰਵੀ ਰੱਖਣੀ ਪਈ'। ਅਜਿਹੀਆਂ ਸੰਪਤੀਆਂ ਵਿੱਚ ਦੂਤਾਵਾਸ ਦੀਆਂ ਇਮਾਰਤਾਂ, ਸੱਭਿਆਚਾਰਕ ਸੰਪਤੀਆਂ ਆਦਿ ਸ਼ਾਮਲ ਸਨ।

ਭਾਰਤ ਦੀ ਹਾਲਤ ਵੀ ਕੋਈ ਬਿਹਤਰ ਨਹੀਂ ਰਹੀ। ਅਪਰਨਾ ਗੋਪਾਲਨ ਅਨੁਸਾਰ 'ਪ੍ਰਾਈਵੇਟ ਹਸਪਤਾਲਾਂ ਨੂੰ ਵੇਚੀ ਗਈ ਹਰ ਖੁਰਾਕ ਲਈ ਸੀਰਮ ਨਾਮਕ ਕੰਪਨੀ ਨੇ 2000% ਤੱਕ ਅਤੇ ਭਾਰਤ ਬਾਇਓਟੈਕ ਨੇ 4000% ਤੱਕ ਦਾ ਮੁਨਾਫ਼ਾ ਕਮਾਇਆ ਜਿਸ ਨੂੰ 'ਸੁਪਰ ਲਾਭ' ਮੰਨਿਆ ਜਾ ਸਕਦਾ ਹੈ। ਭਾਰਤ ਵਿੱਚ ਮਹਾਮਾਰੀ ਦੇ ਪਹਿਲੇ ਸਾਲ ਵਿੱਚ 38 ਨਵੇਂ ਅਰਬਪਤੀ ਬਣ ਗਏ ਸਨ; ਦੇਸ਼ ਦੇ 140 ਅਰਬਪਤੀਆਂ ਦੀ ਸੰਯੁਕਤ ਦੌਲਤ ਵਿੱਚ 90.4% ਦਾ ਵਾਧਾ ਹੋਇਆ ਹੈ।

1997 ਵਿੱਚ ਨੈਸ਼ਨਲ ਫਾਰਮਾਸਿਊਟੀਕਲ ਪ੍ਰਾਈਸਿੰਗ ਅਥਾਰਟੀ (ਐੱਨਪੀਪੀਏ) ਦਾ ਗਠਨ ਦਵਾਈਆਂ ਦੀਆਂ ਕੀਮਤਾਂ ਕੰਟਰੋਲ ਕਰਨ, ਦਵਾਈਆਂ ਦੀ ਕੀਮਤ ਤੈਅ ਕਰਨ ਅਤੇ ਇਨ੍ਹਾਂ ਦੀ ਉਪਲਬਧਤਾ ਤੇ ਪਹੁੰਚ ਯਕੀਨੀ ਬਣਾਉਣ ਦੇ ਉਦੇਸ਼ ਨਾਲ ਸੁਤੰਤਰ ਰੈਗੂਲੇਟਰ ਵਜੋਂ ਕੀਤਾ ਗਿਆ ਸੀ। ਅਲਾਇੰਸ ਆਫ ਡਾਕਟਰਜ਼ ਫਾਰ ਐਥੀਕਲ ਹੈਲਥਕੇਅਰ (ਏਡੀਈਐੱਚ) ਅਤੇ ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈਡੀਪੀਡੀ) ਨੇ ਜਨਵਰੀ 2017 ਵਿੱਚ ਐੱਨਪੀਪੀਏ ਨਾਲ ਦਵਾਈਆਂ ਦੀ ਕੀਮਤ ਦਾ ਮਾਮਲਾ ਉਠਾਇਆ ਸੀ। ਐੱਨਪੀਪੀਏ ਦੇ ਤਤਕਾਲੀ ਚੇਅਰਮੈਨ ਭੂਪੇਂਦਰ ਸਿੰਘ ਨੇ ਸਾਰੀ ਗੱਲ ਨੂੰ ਸਮਝਦਿਆਂ ਕੀਮਤਾਂ ਘਟਾਉਣ ਲਈ ਆਦੇਸ਼ ਪਾਸ ਕੀਤਾ ਤੇ ਛੇਤੀ ਹੀ ਦਿਲ ਵਿੱਚ ਪੈਣ ਵਾਲੇ ਸਟੈਂਟਾਂ ਦੀਆਂ ਕੀਮਤਾਂ ਘਟਾ ਦਿੱਤੀਆਂ। ਕੋਰੋਨਰੀ ਸਟੈਂਟਸ ਦੀਆਂ ਕੀਮਤਾਂ ਘਟਣ ਦਾ ਚਾਰੇ ਪਾਸੇ ਸਵਾਗਤ ਹੋਇਆ ਪਰ ਇਸ ਤੋਂ ਪਹਿਲਾਂ ਕਿ ਉਹ ਹੋਰ ਉਤਪਾਦਾਂ ਅਤੇ ਮੈਡੀਕਲ ਉਪਕਰਨਾਂ ਬਾਰੇ ਕੋਈ ਫ਼ੈਸਲਾ ਕਰਦੇ, ਉਨ੍ਹਾਂ ਨੂੰ ਕਿਸੇ ਹੋਰ ਵਿਭਾਗ ਵਿੱਚ ਤਬਦੀਲ ਕਰ ਦਿੱਤਾ ਗਿਆ। ਪਹਿਲਾਂ ਤਾਂ ਮਰੀਜ਼ਾਂ ਨੂੰ ਕੁਝ ਰਾਹਤ ਮਿਲੀ ਪਰ ਪ੍ਰਾਈਵੇਟ ਸੈਕਟਰ ਨੇ ਚਲਾਕੀ ਨਾਲ ਹਸਪਤਾਲ ਦੇ ਖਰਚੇ ਵਧਾ ਦਿੱਤੇ। ਅੰਤ ਵਿੱਚ ਜੋ ਲਾਭ ਮਰੀਜ਼ਾਂ ਨੂੰ ਮਿਲਣਾ ਚਾਹੀਦਾ ਸੀ, ਉਹ ਨਹੀਂ ਹੋਇਆ। ਜਦੋਂ ਹਸਪਤਾਲਾਂ ਦੀ ਜਾਂਚ ਕਰਨ ਲਈ ਪਹੁੰਚ ਕੀਤੀ ਗਈ ਤਾਂ ਐੱਨਪੀਪੀਏ ਨੇ ਇਸ ਮਾਮਲੇ ਵਿੱਚ ਇਹ ਆਖ ਕੇ ਦਖ਼ਲ ਦੇਣ ਤੋਂ ਅਸਮਰੱਥਾ ਜ਼ਾਹਿਰ ਕੀਤੀ ਕਿ ਇਹ ਮੁੱਦਾ ਉਸ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦਾ ਹੈ।

ਇਸ ਤੋਂ ਸਾਫ਼ ਸਿੱਧ ਹੁੰਦਾ ਹੈ ਕਿ ਸਿਹਤ ਵਿੱਚ ਪ੍ਰਾਈਵੇਟ ਖੇਤਰ ਦੇ ਦਬਦਬੇ ਦੀ ਮੌਜੂਦਾ ਪ੍ਰਣਾਲੀ ਤਹਿਤ ਉਨ੍ਹਾਂ ਦੀਆਂ ਚਾਲਾਂ ਰੋਕਣੀਆਂ ਸੰਭਵ ਨਹੀਂ ਹੋਵੇਗਾ। ਯੂਨੀਫਾਰਮ ਕੋਡ ਆਫ ਫਾਰਮਾਸਿਊਟੀਕਲ ਮਾਰਕੀਟਿੰਗ ਪ੍ਰੈਕਟਿਸਿਜ਼ (ਯੂਸੀਪੀਐੱਮਪੀ) ਦੀ ਖੁੱਲ੍ਹੇਆਮ ਉਲੰਘਣਾ ਕੀਤੀ ਜਾ ਰਹੀ ਹੈ। ਸਰਕਾਰ ਨੇ ਫਾਰਮਾਸਿਊਟੀਕਲ ਉਤਪਾਦਾਂ ਦੀਆਂ ਕੀਮਤਾਂ ਸੀਮਤ ਕਰਨ ਲਈ ਆਪਣੀ ਹੀ ਕਮੇਟੀ ਦੀਆਂ ਸਿਫ਼ਾਰਸ਼ਾਂ ਨੂੰ ਨਜ਼ਰਅੰਦਾਜ਼ ਕੀਤਾ ਹੈ। ਦਵਾਈਆਂ ਦੀਆਂ ਕੀਮਤਾਂ ਵਿੱਚ ਉੱਚ ਵਪਾਰਕ ਮਾਰਜਿਨ ਬਾਰੇ ਕਮੇਟੀ ਸਤੰਬਰ 2015 ਵਿੱਚ ਬਣਾਈ ਗਈ ਸੀ, ਇਸ ਨੇ ਦਸੰਬਰ ਵਿੱਚ ਆਪਣੀ ਰਿਪੋਰਟ ਸੌਂਪ ਦਿੱਤੀ ਸੀ ਪਰ ਇਸ ਨੂੰ ਅਮਲੀ ਰੂਪ ਦੇਣ ਦੀ ਬਜਾਇ ਕੂੜੇ ਦੇ ਡਿੱਬੇ ਵਿੱਚ ਸੁੱਟ ਦਿੱਤਾ ਗਿਆ ਜਾਪਦਾ ਹੈ।

ਇਨ੍ਹਾਂ ਪ੍ਰਾਈਵੇਟ ਕੰਪਨੀਆਂ ਅਤੇ ਸਰਕਾਰ ਵਿਚਕਾਰ ਗਠਜੋੜ ਦਾ ਪਰਦਾਫਾਸ਼ ਹੋ ਗਿਆ ਹੈ ਕਿਉਂਕਿ ਉਨ੍ਹਾਂ ਫਾਰਮਾ ਕੰਪਨੀਆਂ ਜਿਨ੍ਹਾਂ ਨੂੰ ਗੈਰ-ਮਿਆਰੀ ਦਵਾਈਆਂ ਦੀ ਸਪਲਾਈ ਕਰਨ ਲਈ ਬਲੈਕਲਿਸਟ ਕੀਤਾ ਗਿਆ ਸੀ ਪਰ ਕੇਂਦਰ ਵਿੱਚ ਸੱਤਾਧਾਰੀ ਪ੍ਰਬੰਧ ਲਈ ਚੋਣ ਬਾਂਡ ਖਰੀਦਣ ਤੋਂ ਬਾਅਦ ਕਲੀਅਰ ਕਰ ਦਿੱਤਾ ਗਿਆ ਸੀ। ਅਜਿਹੇ ਹਾਲਾਤ ਵਿੱਚ ਮੈਡੀਕਲ ਸੰਸਥਾਵਾਂ ਅਤੇ ਡਾਕਟਰ ਮੌਜੂਦਾ ਬੇਰਹਿਮ ਮੰਡੀ ਪ੍ਰਣਾਲੀ ਦਾ ਸ਼ਿਕਾਰ ਹੋ ਜਾਂਦੇ ਹਨ ਜਿਸ ਵਿੱਚ ਹਮਦਰਦੀ ਦੀ ਕੋਈ ਜਗ੍ਹਾ ਨਹੀਂ ਹੁੰਦੀ। ਸੁਪਰੀਮ ਕੋਰਟ ਨੂੰ ਇਸ ਬਾਰੇ ਗੌਰ ਕਰਨਾ ਚਾਹੀਦਾ ਹੈ। ਜੇ ਅਸੀਂ ਸਾਰਿਆਂ ਲਈ ਸਿਹਤ ਯਕੀਨੀ ਬਣਾਉਣੀ ਹੈ ਤਾਂ ਜਨਤਕ ਖੇਤਰ ਦੀ ਪੁਨਰ ਸੁਰਜੀਤੀ ਹੀ ਇੱਕੋ-ਇੱਕ ਹੱਲ ਹੈ।

# ਮੱਧ ਪੂਰਬ ਦੇ ਹਾਲਾਤ ਅਤੇ ਵਿਸ਼ਵ ਸਿਆਸਤ

ਲੇਖਕ : ਮਨਦੀਪ, ਸੰਪਰਕ: +1-438-924-2052

ਅਮਰੀਕਾ ਵੱਲੋਂ ਇਜ਼ਰਾਈਲ ਨਾਲ ਮਿਲ ਕੇ ਫ਼ਲਸਤੀਨ ਦੀ ਨਸਲਕੁਸ਼ੀ ਜਾਰੀ ਹੈ। ਪੱਛਮੀ ਤਾਕਤਾਂ ਦੇ ਸਾਂਝੇ ਸਹਿਯੋਗ ਨਾਲ ਚਲਾਈ ਜਾ ਰਹੀ ਇਸ ਕਵਾਇਦ ਵਿੱਚ ਇਜ਼ਰਾਈਲ ਨੇ ਪਿਛਲੇ 6 ਮਹੀਨਿਆਂ ਵਿੱਚ 36000 ਤੋਂ ਵੱਧ ਬੇਕਸੂਰ ਲੋਕ ਮਾਰ ਦਿੱਤੇ ਹਨ। ਗਾਜ਼ਾ ਪੱਟੀ ਨੂੰ ਮਲਬੇ ਦੇ ਢੇਰ ਵਿੱਚ ਅਤੇ ਰਾਫਾਹ ਦੇ 'ਸੁਰੱਖਿਅਤ ਲਾਂਘੇ' ਨੂੰ ਸੰਸਾਰ ਦੇ ਵੱਡੇ 'ਕੈਦਖਾਨੇ' ਵਿੱਚ ਬਦਲ ਦਿੱਤਾ ਹੈ ਦਿੱਤਾ ਹੈ ਜਿੱਥੇ 10 ਲੱਖ ਤੋਂ ਵੱਧ ਲੋਕ ਭੋਜਨ, ਪਾਣੀ ਤੇ ਇਲਾਜ ਦੀ ਥੁੜ੍ਹ ਦਾ ਸਾਹਮਣਾ ਕਰ ਰਹੇ ਹਨ। 'ਸੰਸਾਰ ਸ਼ਾਂਤੀ' ਅਤੇ 'ਮਾਨਵਤਾਵਾਦ' ਦਾ ਦਮ ਭਰਨ ਵਾਲੀਆਂ ਸਾਰੀਆਂ ਸਾਮਰਾਜੀ ਜੰਗਬਾਜ਼ ਤਾਕਤਾਂ ਇਜ਼ਰਾਈਲ ਦੀ ਪਿੱਠ 'ਤੇ ਹਨ। ਅਮਰੀਕਾ ਅੰਦਰ ਫ਼ਲਸਤੀਨ ਦੇ ਪੱਖ ਵਿੱਚ ਜ਼ੋਰਦਾਰ ਆਵਾਜ਼ ਉਠਾਈ ਜਾ ਰਹੀ ਹੈ ਅਤੇ ਸੰਸਾਰ ਭਰ ਵਿੱਚ ਫ਼ਲਸਤੀਨੀਆਂ ਦੀ ਨਸਲਕੁਸ਼ੀ ਵਿਰੁੱਧ ਰੋਸ ਪ੍ਰਦਰਸ਼ਨਾਂ ਦੇ ਬਾਵਜੂਦ ਜੰਗਬੰਦੀ ਦੀ ਬਜਾਇ ਇਹ ਟਕਰਾਅ ਮੱਧ ਪੂਰਬ ਵੱਲ ਵਧ ਰਿਹਾ ਹੈ। ਇਹ ਟਕਰਾਅ ਇਜ਼ਰਾਈਲ ਦੇ ਗੁਆਂਢ ਇਰਾਨ, ਲਿਬਨਾਨ, ਯਮਨ, ਸੀਰੀਆ ਅਤੇ ਫ਼ਲਸਤੀਨ ਦੇ ਕਰੀਬੀ ਦੇਸ਼ਾਂ ਦੁਆਲੇ ਪੈਦਾ ਹੋ ਰਿਹਾ ਹੈ। ਅਮਰੀਕਾ ਨੇ ਆਪਣੇ ਸਾਮਰਾਜੀ ਵਪਾਰਕ ਤੇ ਸਿਆਸੀ ਹਿੱਤਾਂ ਲਈ ਯੂਕਰੇਨ ਅਤੇ ਇਜ਼ਰਾਈਲ ਨੂੰ ਜੰਗ ਦੀ ਭੱਠੀ ਵਿੱਚ ਝੋਕਿਆ। ਯੂਕਰੇਨ ਅਤੇ ਇਜ਼ਰਾਈਲ ਨੂੰ ਹਥਿਆਰ, ਫ਼ੌਜੀ ਤੇ 'ਹਰ ਪ੍ਰਕਾਰ' ਦੀ ਸਹਾਇਤਾ ਦਿੱਤੀ ਜਾ ਰਹੀ ਹੈ। ਯੂਕਰੇਨ ਜੰਗ ਕਾਰਨ ਦੁਨੀਆ ਭਰ ਵਿੱਚ ਮਹਿੰਗਾਈ ਤੇ ਟੈਕਸ ਬੋਝ ਦੇ ਸੰਕਟ ਨਾਲ ਸਾਰੇ ਸੰਸਾਰ ਅੰਦਰ ਆਰਥਿਕ-ਸਿਆਸੀ ਸੰਕਟ ਪੈਦਾ ਹੋ ਰਿਹਾ ਹੈ ਜਿਸ ਕਰ ਕੇ ਅਮਰੀਕਾ ਸਮੇਤ ਪੱਛਮੀ ਸਾਮਰਾਜੀ ਤਾਕਤਾਂ ਲਈ ਨਿੱਤ ਨਵੀਆਂ ਮੁਸ਼ਕਿਲਾਂ ਖੜ੍ਹੀਆਂ ਹੋ ਰਹੀਆਂ ਹਨ।

ਜੰਗ ਵਿੱਚ ਹਿੱਸੇਦਾਰ ਤਾਕਤਾਂ ਦੇ ਸਿਆਸੀ ਨੇਤਾਵਾਂ ਦੇ ਰਾਜਨੀਤਕ ਕਰੀਅਰ ਦਾਅ 'ਤੇ ਹਨ। ਜਾਪਾਨ 'ਤੇ ਦੂਜੀ ਸੰਸਾਰ ਜੰਗ ਸਮੇਂ ਫੌਜੀ ਹਥਿਆਰ ਬਣਾਉਣ ਉਤੇ ਲੱਗੀ ਰੋਕ ਹਟਾਈ ਜਾ ਰਹੀ ਹੈ ਅਤੇ ਅਮਰੀਕਾ ਵਿੱਚ ਚੋਣਾਂ ਨਜ਼ਦੀਕ ਹੋਣ ਕਰ ਕੇ ਬਾਇਡਨ ਪ੍ਰਸ਼ਾਸਨ ਬੁਰੀ ਤਰ੍ਹਾਂ ਘਿਰ ਗਿਆ ਹੈ। ਇਸ ਨੇ ਯੂਕਰੇਨ ਤੇ ਇਜ਼ਰਾਈਲ ਨੂੰ ਵੱਖ-ਵੱਖ ਤਰ੍ਹਾਂ ਦੀ ਸਹਾਇਤਾ ਸਪਲਾਈ ਵਿੱਚ ਕਮੀ ਲਿਆਂਦੀ ਹੈ ਪਰ ਇਸ ਨੂੰ ਪੂਰੀ ਤਰ੍ਹਾਂ ਬੰਦ ਨਹੀਂ ਕੀਤਾ; ਹੁਣ ਇਹ ਜੰਗ ਹਾਰ ਰਹੇ ਯੂਕਰੇਨ ਨੂੰ ਅਰਬਾਂ ਡਾਲਰਾਂ ਦੀ ਸਹਾਇਤਾ ਅਤੇ ਹਥਿਆਰ ਸਪਲਾਈ ਕਰ ਰਿਹਾ ਹੈ; ਹੋਰ ਵਿਸ਼ੇਸ਼ ਪੈਕੇਜਾਂ ਦੀ ਜ਼ਰੂਰਤ ਕਾਰਨ ਯੂਕਰੇਨ ਤੇ ਇਜ਼ਰਾਇਲੀ ਹਾਕਮ ਇੱਕ ਪਾਸੇ ਅਮਰੀਕਾ ਤੇ ਪੱਛਮੀ ਤਾਕਤਾਂ ਨਾਲ ਬਗਲਗੀਰ ਹਨ, ਦੂਜੇ ਪਾਸੇ ਉਹ ਇਨ੍ਹਾਂ ਤਾਕਤਾਂ ਵੱਲੋਂ ਹਥਿਆਰਾਂ ਤੇ ਵਿਸ਼ੇਸ਼ ਫੰਡਾਂ ਦੀ ਘਾਟ ਕਰ ਕੇ ਨਾਰਾਜ਼ਗੀ ਵੀ ਜ਼ਾਹਿਰ ਕਰਦੇ ਰਹਿੰਦੇ ਹਨ। ਇਜ਼ਰਾਈਲ ਨੇ ਪਹਿਲੀ ਅਪਰੈਲ ਨੂੰ ਦਮਸ਼ਕ (ਸੀਰੀਆ) ਸਥਿਤ ਇਰਾਨ ਦੇ ਸ਼ਰਾਫਤਖਾਨੇ ਉੱਤੇ ਹਮਲਾ ਕਰ ਕੇ ਇਰਾਨੀ ਸਰਕਾਰ ਨੂੰ ਜਵਾਬੀ ਹਮਲਾ ਕਰਨ ਲਈ ਮਜਬੂਰ ਕੀਤਾ। ਇਸ ਹਮਲੇ ਨੇ ਅਮਰੀਕਾ ਨੂੰ ਅਸਿੱਧੇ ਤੌਰ 'ਤੇ ਜੰਗ ਵਿੱਚ ਖਿੱਚ ਲਿਆ। ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਇਰਾਨ ਨਾਲ ਯੁੱਧ ਭੜਕਾਉਣ ਦੀ ਕੋਸ਼ਿਸ਼ ਕਰ ਕੇ ਖਿੱਤੇ ਵਿੱਚ ਤਣਾਅ ਪੈਦਾ ਕਰ ਦਿੱਤਾ। ਇਹ ਜੰਗੀ ਘਟਨਾਵਾਂ ਮੱਧ ਪੂਰਬ ਦੇ ਨਾਲ-ਨਾਲ ਪੱਛਮ ਅਤੇ ਕੁੱਲ ਆਲਮ ਉੱਤੇ ਮਾੜਾ ਪ੍ਰਭਾਵ ਪਾਉਣ ਵਾਲੀਆਂ ਹਨ। ਇਨ੍ਹਾਂ ਘਟਨਾਵਾਂ ਬਾਅਦ ਸੰਸਾਰ ਭਰ ਵਿੱਚ ਜੰਗੀ ਤਣਾਅ ਦੇ ਨਾਲ-ਨਾਲ ਗਲੋਬਲ ਸ਼ੇਅਰ ਮਾਰਕਿਟ ਵਿੱਚ ਹਲਚਲ ਪੈਦਾ ਹੋਈ। ਸੋਨੇ ਤੇ ਤੇਲ ਕੀਮਤਾਂ ਵਿੱਚ ਵਾਧਾ ਅਤੇ ਅਰਬ ਖਿੱਤੇ ਦੀ ਭੂ-ਸਿਆਸੀ ਹਾਲਤ ਵਿੱਚ ਵੱਡੀਆਂ ਚੁਣੌਤੀਆਂ ਖੜ੍ਹੀਆਂ ਹੋ ਗਈਆਂ।

ਇਰਾਨ ਤੇਲ ਉਤਪਾਦਕ ਦੇਸ਼ ਹੈ। ਜੇ ਇਹ ਤਣਾਅ ਹੋਰ ਵਧਦਾ ਹੈ ਤਾਂ ਮੱਧ ਪੂਰਬ ਦੇ ਤੇਲ ਉਤਪਾਦਕ ਦੇਸ਼ ਇਸ ਜੰਗ ਜਾਂ ਟਕਰਾਅ ਤੋਂ ਅਛੂਤੇ ਨਹੀਂ ਰਹਿਣਗੇ। ਮੱਧ ਪੂਰਬ ਵਿੱਚ ਜੰਗ ਜਾਂ ਜੰਗੀ ਝਗੜਿਆਂ ਦਾ ਸਪੱਸ਼ਟ ਨਤੀਜਾ ਹੋਵੇਗਾ ਕਿ ਖੇਤਰ ਵਿੱਚ ਕੌਮਾਂਤਰੀ ਵਪਾਰਕ ਲਾਂਘਿਆਂ ਵਿੱਚ ਔਕੜਾਂ ਆਉਣਗੀਆਂ। ਮੱਧ ਪੂਰਬੀ ਤੇਲ ਦੀ ਸਪਲਾਈ ਪ੍ਰਭਾਵਿਤ ਹੋਣ ਨਾਲ ਕੌਮਾਂਤਰੀ ਮੰਡੀ ਵਿੱਚ ਤੇਲ ਕੀਮਤਾਂ ਵਿੱਚ ਵਾਧਾ ਹੋਵੇਗਾ ਜਿਸ ਨਾਲ ਢੋਆ-ਢੁਆਈ ਤੇ ਸਭ ਜ਼ਰੂਰੀ ਵਸਤਾਂ ਦੇ ਭਾਅ ਵਧ ਜਾਣਗੇ। ਮਹਿੰਗਾਈ ਵਧਣ ਨਾਲ ਕੇਂਦਰੀ ਬੈਂਕਾਂ ਦੀਆਂ ਵਿਆਜ ਦਰਾਂ ਵਿੱਚ ਵਾਧਾ ਹੋਵੇਗਾ ਜਿਸ ਨਾਲ ਲੋਕਾਂ ਦੀ ਖਰੀਦ ਸ਼ਕਤੀ ਪ੍ਰਭਾਵਿਤ ਹੋਵੇਗੀ। ਇਰਾਨ-ਇਜ਼ਰਾਈਲ ਟਕਰਾਅ ਕਾਰਨ ਅਮਰੀਕਾ ਨੇ ਇਰਾਨ ਦੀਆਂ ਸਟੀਲ, ਕਾਰ, ਮੈਨੂਫੈਕਚਰਿੰਗ ਆਦਿ ਕੰਪਨੀਆਂ ਉੱਤੇ ਆਰਥਿਕ ਰੋਕਾਂ ਲਾ ਦਿੱਤੀਆਂ ਹਨ। ਇਰਾਨ ਨੇ ਪਾਕਿਸਤਾਨ, ਸ੍ਰੀਲੰਕਾ ਤੇ ਬਾਕੀ ਮੁਸਲਿਮ ਦੇਸ਼ਾਂ ਨਾਲ ਵਪਾਰਕ ਸਬੰਧਾਂ ਵਿੱਚ ਤੇਜ਼ੀ ਲਿਆਉਣੀ ਸ਼ੁਰੂ ਕਰ ਦਿੱਤੀ ਹੈ ਜਿਸ ਨਾਲ ਵੱਖ-ਵੱਖ ਦੇਸ਼ਾਂ ਵਿਚਕਾਰ ਭੂ-ਸਿਆਸੀ, ਵਪਾਰਕ ਤੇ ਕੂਟਨੀਤਕ ਸਬੰਧਾਂ ਦੀਆਂ ਸਮੱਸਿਆਵਾਂ ਖੜ੍ਹੀਆਂ ਹੋ ਸਕਦੀਆਂ ਹਨ। ਇਉਂ ਸੰਸਾਰ ਵਿੱਚ ਵੱਖ-ਵੱਖ ਤਾਕਤਾਂ ਵਿਚਕਾਰ ਧਰੁਵੀਕਰਨ ਲਗਾਤਾਰ ਤੇਜ਼ ਅਤੇ ਤਿੱਖਾ ਹੋ ਰਿਹਾ ਹੈ।

ਇਰਾਨ ਅਤੇ ਇਜ਼ਰਾਈਲ ਮੱਧ ਪੂਰਬ ਵਿੱਚ ਪ੍ਰਭਾਵੀ ਖੇਤਰੀ ਸ਼ਕਤੀਆਂ ਹਨ ਜਿਨ੍ਹਾਂ ਵਿੱਚੋਂ ਇਜ਼ਰਾਈਲ ਜਿੱਥੇ ਅਮਰੀਕਾ ਦੇ ਮੱਧ ਪੂਰਬ ਵਿੱਚ ਫੌਜੀ ਤੇ ਰਣਨੀਤਕ ਅੱਡੇ ਸਮਾਨ ਹੈ, ਉੱਥੇ ਇਰਾਨ ਅਮਰੀਕਾ ਤੇ ਇਜ਼ਰਾਈਲ ਦਾ ਪੁਰਾਣਾ ਦੁਸ਼ਮਣ ਹੈ। ਇਰਾਨ ਇਜ਼ਰਾਈਲ ਵਿਚਕਾਰ ਧਾਰਮਿਕ ਤੇ ਵਿਚਾਰਧਾਰਕ ਮੱਤਭੇਦ ਰਹੇ ਹਨ। ਇਰਾਨ ਇਸਲਾਮੀ ਗਣਰਾਜ ਹੈ ਜੋ ਯੇਰੂਸ਼ਲਮ ਵਿੱਚ ਮੁਸਲਮਾਨਾਂ ਦਾ ਮੱਕਾ ਆਖੀ ਜਾਂਦੀ ਅਲ ਅਕਸਾ ਮਸਜਿਦ 'ਤੇ ਕੰਟਰੋਲ ਸਥਾਪਿਤ ਕਰ ਕੇ ਅਰਬ ਮੁਲਕਾਂ ਦੀ ਅਗਵਾਈ ਕਰਨਾ ਚਾਹੁੰਦਾ ਹੈ; ਇਜ਼ਰਾਈਲ ਨਸਲਵਾਦੀ ਯਹੂਦੀ ਸਟੇਟ ਹੈ ਜਿਸ ਦੇ ਆਪਣੇ ਖੇਤਰੀ ਤੇ ਨਸਲੀ ਮਨਸੂਬੇ ਹਨ। ਦੋਵਾਂ ਦਰਮਿਆਨ ਧਾਰਮਿਕ ਤੇ ਇਤਿਹਾਸਕ ਦੁਸ਼ਮਣੀ ਕਾਰਨ ਮੌਜੂਦਾ ਹਮਲਿਆਂ ਦੇ ਪਸਾਰ ਗੁੰਝਲਦਾਰ ਹਨ।

ਇਜ਼ਰਾਈਲ ਇਰਾਨ ਅਤੇ ਹਿਜ਼ਬੁੱਲਾ ਤੇ ਹਮਾਸ ਵਰਗੇ ਗਰੁੱਪਾਂ ਨੂੰ ਆਪਣੀ ਖੇਤਰੀ ਤੇ ਵਪਾਰਕ ਸੁਰੱਖਿਆ ਲਈ ਖ਼ਤਰੇ ਵਜੋਂ ਦੇਖਦਾ ਹੈ। ਇਜ਼ਰਾਈਲ ਇਰਾਨ ਦੇ ਪਰਮਾਣੂ ਪ੍ਰੋਗਰਾਮ ਦਾ ਵੀ ਲਗਾਤਾਰ ਵਿਰੋਧ ਕਰ ਰਿਹਾ ਹੈ। ਉੱਧਰ ਇਰਾਨ ਇਜ਼ਰਾਈਲ ਦੀ ਫੌਜੀ ਤਾਕਤ ਅਤੇ ਉਸ ਦੇ ਅਮਰੀਕਾ ਤੇ ਪੱਛਮੀ ਤਾਕਤਾਂ ਨਾਲ ਗਠਜੋੜ ਨੂੰ ਆਪਣੀ ਸੁਰੱਖਿਆ ਲਈ ਖ਼ਤਰਾ ਮੰਨਦਾ ਹੈ। ਕਿਸੇ ਸਮੇਂ ਅਮਰੀਕਾ ਦਾ ਪਿੱਠੂ ਰਿਹਾ ਇਰਾਨ 1979 ਦੇ 'ਇਸਲਾਮੀ ਇਨਕਲਾਬ' ਤੋਂ ਬਾਅਦ ਉਸ ਦਾ ਵੱਡਾ ਦੁਸ਼ਮਣ ਬਣ ਕੇ ਸਾਹਮਣੇ ਆਇਆ ਹੈ।

ਪਹਿਲੀ ਅਪਰੈਲ ਦੇ ਹਮਲਿਆਂ ਬਾਅਦ ਅਮਰੀਕਾ ਨੇ 18 ਬਿਲੀਅਨ ਡਾਲਰ ਤੋਂ ਵੱਧ ਦੇ ਸੌਦਿਆਂ ਵਿੱਚ ਇਜ਼ਰਾਈਲ ਨੂੰ 50 ਐੱਫ-15 ਲੜਾਕੂ ਜਹਾਜ਼ਾਂ ਦੀ ਵਿਕਰੀ ਨੂੰ ਮਨਜ਼ੂਰੀ ਦੇਣ ਲਈ ਕਾਂਗਰਸ 'ਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ। ਉੱਧਰ, ਆਸਟਰੇਲੀਆ ਦੀਆਂ ਕੰਪਨੀਆਂ ਦੁਆਰਾ 13 ਮਿਲੀਅਨ ਡਾਲਰ ਦੇ ਹਥਿਆਰ ਅਤੇ ਗੋਲਾ ਬਾਰੂਦ ਇਜ਼ਰਾਈਲ ਨੂੰ ਬਰਾਮਦ ਕੀਤੇ ਹਨ। ਇਸੇ ਤਰ੍ਹਾਂ ਇੰਗਲੈਂਡ, ਜਰਮਨੀ, ਕੈਨੇਡਾ ਤੇ ਹੋਰ ਪੱਛਮੀ ਤਾਕਤਾਂ ਇਜ਼ਰਾਈਲ ਨੂੰ ਵਿੱਤੀ ਤੇ ਹਥਿਆਰਾਂ ਦੀ ਸਹਾਇਤਾ ਦੇ ਰਹੀਆਂ ਹਨ। ਬੀਤੇ ਦਿਨੀਂ ਬਾਇਡਨ ਪ੍ਰਸ਼ਾਸਨ ਨੇ 'ਸੰਸਾਰ ਸ਼ਾਂਤੀ' ਦੇ ਬਹਾਨੇ ਯੂਕਰੇਨ, ਇਜ਼ਰਾਈਲ ਅਤੇ ਤਾਇਵਾਨ ਨੂੰ 95 ਬਿਲੀਅਨ ਡਾਲਰ ਦੇ ਵਿਦੇਸ਼ੀ ਸਹਾਇਤਾ ਪੈਕੇਜ ਦੇਣ ਲਈ ਕਾਨੂੰਨ ਬਣਾਉਣ ਦੀ ਪੇਸ਼ਕਸ਼ ਕੀਤੀ। ਇਸ ਨੇ ਇਸ ਕਾਨੂੰਨ ਰਾਹੀਂ 'ਸੰਸਾਰ ਨੂੰ ਸੁਰੱਖਿਅਤ ਬਣਾਉਣ' ਦਾ ਦਾਅਵਾ ਕੀਤਾ। ਵ੍ਹਾਈਟ ਹਾਊਸ 'ਚ ਬਾਇਡਨ ਨੇ ਕਿਹਾ ਕਿ ਅਮਰੀਕਾ ਕੁਝ ਘੰਟਿਆਂ ਦੇ ਅੰਦਰ ਯੂਕਰੇਨ ਨੂੰ ਹਥਿਆਰ ਅਤੇ ਸਾਜ਼ੋ-ਸਾਮਾਨ ਭੇਜਣਾ ਸ਼ੁਰੂ ਕਰ ਦੇਵੇਗਾ। ਇਸ ਕਾਨੂੰਨ ਵਿੱਚ ਯੂਕਰੇਨ ਨੂੰ 60.8 ਬਿਲੀਅਨ ਡਾਲਰ, ਇਜ਼ਰਾਈਲ ਲਈ 26.3 ਬਿਲੀਅਨ ਡਾਲਰ ਅਤੇ ਇੰਡੋ-ਪੈਸੇਫਿਕ ਖੇਤਰ ਲਈ 8.1 ਬਿਲੀਅਨ ਡਾਲਰ ਦੀ 'ਸ਼ਾਂਤੀ ਸਹਾਇਤਾ' ਸ਼ਾਮਲ ਹੈ। ਇਸ ਸਮੇਂ ਸੁਰੱਖਿਆ ਬਿੱਲ ਵਿੱਚ ਸ਼ੋਸ਼ਲ ਮੀਡੀਆ ਪਲੈਟਫਾਰਮ ਟਿਕ-ਟੌਕ 'ਤੇ ਦੇਸ਼-ਵਿਆਪੀ ਪਾਬੰਦੀ ਵੀ ਲਗਾਈ ਜਾ ਰਹੀ ਹੈ। ਜਦੋਂ ਬਾਇਡਨ ਇਹ ਸਭ ਬੋਲ ਰਿਹਾ ਸੀ, ਉਦੋਂ ਦੇਸ਼ ਦੀਆਂ ਦਰਜਨਾਂ ਵੱਕਾਰੀ ਯੂਨੀਵਰਸਿਟੀਆਂ ਦੇ ਵਿਦਿਆਰਥੀ ਯੁੱਧ ਵਿਰੁੱਧ ਪ੍ਰਦਰਸ਼ਨ ਕਰ ਰਹੇ ਸਨ।

ਸਾਮਰਾਜੀ ਅਮਰੀਕਾ ਤੇ ਨਸਲਵਾਦੀ ਇਜ਼ਰਾਈਲ ਦੇ ਨਾਲ-ਨਾਲ ਇਸਲਾਮੀ ਇਰਾਨੀ ਹੁਕਮਰਾਨ ਵੀ ਲੋਕਾਂ ਦੇ ਖੈਰ-ਖੁਆਹ ਨਹੀਂ। ਉਹ ਆਪਣੀ ਧਾਰਮਿਕ ਸੱਤਾ ਅਤੇ ਪਿਤਰਕੀ ਵਿਚਾਰਧਾਰਾ ਵਾਲਾ ਸ਼ਾਸਨ ਕਾਇਮ ਰੱਖਣ ਅਤੇ ਮੱਧ ਪੂਰਬ 'ਚ ਇਸ ਦੇ ਵਿਸਥਾਰ ਲਈ ਯਤਨਸ਼ੀਲ ਹਨ। ਇਰਾਨ ਦਹਾਕਿਆਂ ਤੋਂ ਸਾਊਦੀ ਅਰਬ, ਤੁਰਕੀ ਤੇ ਇਜ਼ਰਾਈਲ ਨਾਲ ਇਸਲਾਮੀ ਸਟੇਟ ਸਥਾਪਿਤ ਕਰਨ ਲਈ ਟਕਰਾਅ ਵਿੱਚ ਹੈ। ਜਾਪਾਨ ਨੂੰ ਦੂਜੀ ਸੰਸਾਰ ਜੰਗ ਸਮੇਂ ਹੀਰੋਸ਼ੀਮਾ ਅਤੇ ਨਾਗਾਸਾਕੀ ਵਿਚ ਅਮਰੀਕਾ ਦੇ ਪਰਮਾਣੂ ਬੰਬਾਂ ਕਾਰਨ ਵੱਡਾ ਨੁਕਸਾਨ ਉਠਾਉਣਾ ਪਿਆ ਸੀ ਅਤੇ ਉਸ ਉਪਰ ਹਥਿਆਰ ਬਣਾਉਣ 'ਤੇ ਪਾਬੰਦੀ ਲੱਗੀ ਹੋਈ ਸੀ ਪਰ ਹੁਣ ਉਸ ਨੇ ਵੀ ਜੰਗੀ ਤਿਆਰੀਆਂ ਵਿੱਢਣ ਲਈ ਕਾਨੂੰਨ ਪਾਸ ਕਰਨ ਦੇ ਮਨਸੂਬੇ ਬਣਾ ਲਏ ਹਨ। ਇਉਂ ਸੰਸਾਰ ਅੰਦਰ ਜੰਗੀ ਤਿਆਰੀਆਂ ਹੋ ਰਹੀਆਂ ਹਨ ਤੇ ਸੰਸਾਰ ਸ਼ਾਂਤੀ ਲਈ ਵੱਡੇ ਖ਼ਤਰੇ ਬਣ ਰਹੇ ਹਨ। ਇਸ ਲਈ ਸੰਸਾਰ ਸ਼ਾਂਤੀ ਲਈ ਜੰਗਬਾਜ਼ ਸਾਮਰਾਜੀ ਤਾਕਤਾਂ ਅਤੇ ਉਨ੍ਹਾਂ ਦੇ ਹੱਥ-ਠੋਕੇ ਵੱਖ-ਵੱਖ ਮੁਲਕਾਂ ਦੇ ਹਾਕਮਾਂ ਤੇ ਉਨ੍ਹਾਂ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਵਿਰੋਧ ਜ਼ਰੂਰੀ ਹੈ।

# ਨੁਮਾਇੰਦਗੀ ਦੇ ਹੱਕ ਖੁੱਸਣ ਦਾ ਖ਼ਤਰਾ

ਲੇਖਕ : ਸੁੱਚਾ ਸਿੰਘ ਗਿੱਲ
ਸੰਪਰਕ: 98550-82857




ਜਮਹੂਰੀਅਤ ਵਿੱਚ ਸਿਧਾਂਤਕ ਤੌਰ 'ਤੇ ਹਰ ਨਾਗਰਿਕ ਨੂੰ ਵੋਟ ਪਾਉਣ ਅਤੇ ਚੋਣਾਂ ਲੜ ਕੇ ਦੇਸ਼ ਦੇ ਅਦਾਰਿਆਂ ਵਿੱਚ ਨੁਮਾਇੰਦਗੀ ਕਰਨ ਦਾ ਹੱਕ ਹੁੰਦਾ ਹੈ। ਦੇਸ਼ ਵਿੱਚ 26 ਜਨਵਰੀ 1950 ਨੂੰ ਸੰਵਿਧਾਨ ਲਾਗੂ ਹੋਣ ਪਿੱਛੋਂ ਇਹ ਹੱਕ ਹਰ ਨਾਗਰਿਕ ਨੂੰ ਲਿੰਗ, ਧਰਮ, ਨਸਲ, ਰੰਗ, ਇਲਾਕਾਈ ਭੇਦਭਾਵ ਤੋਂ ਬਗੈਰ ਪ੍ਰਾਪਤ ਹੋ ਗਿਆ ਸੀ। ਇਹ ਹੱਕ ਹਾਸਲ ਕਰਨ ਲਈ ਲੰਮੇ ਸਮੇਂ ਤੱਕ ਆਜ਼ਾਦੀ ਦੀ ਲਹਿਰ ਚਲਾਈ ਗਈ ਸੀ। ਇਸ ਲਹਿਰ ਦੌਰਾਨ ਲੱਖਾਂ ਲੋਕਾਂ ਨੇ ਬਰਤਾਨਵੀ ਰਾਜ ਦੀ ਪੁਲੀਸ ਤੋਂ ਡਾਂਗਾਂ ਖਾਧੀਆਂ, ਜੇਲ੍ਹਾਂ ਕੱਟੀਆਂ, ਤਸੀਹੇ ਝੱਲੇ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਫਾਂਸੀ ਦੇ ਰੱਸੇ ਗਲਾਂ ਵਿੱਚ ਪਵਾ ਕੇ ਸ਼ਹੀਦੀਆਂ ਪਾਈਆਂ। ਇਸ ਲਹਿਰ ਨਾਲ 1920ਵਿਆਂ, 30ਵਿਆਂ ਅਤੇ 40ਵਿਆਂ ਵਿੱਚ ਖ਼ੂਬ ਬਹਿਸਾਂ ਚੱਲੀਆਂ ਅਤੇ ਜਾਗਰੂਕਤਾ ਪੈਦਾ ਹੋਈ ਕਿ ਆਜ਼ਾਦੀ ਤੋਂ ਬਾਅਦ ਧਰਮ ਨਿਰਪੱਖ ਅਤੇ ਜਮਹੂਰੀ ਗਣਤੰਤਰ ਕਾਇਮ ਕੀਤਾ ਜਾਵੇਗਾ। ਇਸ ਜਾਗਰੂਕਤਾ ਕਾਰਨ ਸੰਵਿਧਾਨ ਘੜਨੀ ਅਸੈਂਬਲੀ ਬਣੀ ਅਤੇ ਇਸ ਨੂੰ ਤਿਆਰ ਕਰਨ ਵਾਸਤੇ ਡਾ. ਭੀਮ ਰਾਓ ਅੰਬੇਡਕਰ ਨੇ ਅਹਿਮ ਭੂਮਿਕਾ ਨਿਭਾਈ। ਆਜ਼ਾਦੀ ਆਉਣ 'ਤੇ ਦੇਸ਼ ਦੀ ਵੰਡ ਹੋ ਗਈ ਅਤੇ ਪਾਕਿਸਤਾਨ ਧਰਮ ਦੇ ਆਧਾਰ 'ਤੇ ਵੱਖਰਾ ਦੇਸ਼ ਬਣ ਗਿਆ ਪਰ ਭਾਰਤ ਵਿੱਚ ਧਰਮ ਨਿਰਪੱਖ ਤੇ ਜਮਹੂਰੀ ਗਣਤੰਤਰ ਕਾਇਮ ਹੋ ਗਿਆ। ਇੱਥੇ ਸੰਵਿਧਾਨ ਤਹਿਤ ਚੋਣਾਂ ਹੁੰਦੀਆਂ ਰਹੀਆਂ ਹਨ, ਸੱਤਾ ਤਬਦੀਲੀ ਸ਼ਾਂਤੀ ਪੂਰਵਕ ਨੇਪਰੇ ਚਾੜ੍ਹਦੀ ਰਹੀ ਹੈ। ਸਮਾਂ ਪੈਣ 'ਤੇ ਗਣਤੰਤਰ ਵਿੱਚ ਵਿਗਾੜ ਆਉਣੇ ਸ਼ੁਰੂ ਹੋ ਗਏ। ਹੁਣ ਵਾਲੀਆਂ ਚੋਣਾਂ ਵਿੱਚ ਸੰਵਿਧਾਨ ਮੁਤਾਬਕ ਧਰਮ ਨਿਰਪੱਖ ਗਣਤੰਤਰ ਕਾਇਮ ਰੱਖਣ ਵਿੱਚ ਖ਼ਤਰਾ ਪੈਦਾ ਹੁੰਦਾ ਨਜ਼ਰ ਆ ਰਿਹਾ ਹੈ। ਹਾਕਮ ਪਾਰਟੀ ਲੋਕਾਂ ਦੇ ਵੋਟ ਪਾਉਣ ਅਤੇ ਚੁਣੇ ਜਾਣ ਤੋਂ ਬਾਅਦ ਨੁਮਾਇੰਦਗੀ ਕਰਨ ਦੇ ਹੱਕ ਖੋਹਣ ਦੇ ਯਤਨ ਕਰ ਰਹੀ ਹੈ।

ਸੰਵਿਧਾਨ ਸਭ ਨੂੰ ਵੋਟ ਰਾਹੀਂ ਨੁਮਾਇੰਦੇ ਚੁਣਨ ਦਾ ਹੱਕ ਦਿੰਦਾ ਹੈ। ਵੋਟਰ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰਾਂ ਨੂੰ ਆਪਣੀ ਸਮਝ ਅਨੁਸਾਰ ਵੋਟ ਪਾ ਸਕਦੇ ਹਨ ਜਾਂ ਸਾਰੇ ਉਮੀਦਵਾਰਾਂ ਨੂੰ ਰੱਦ ਕਰਨ ਵਾਲਾ ਬਟਨ ਦਬਾ ਕੇ ਆਪਣੀ ਰਾਇ ਜ਼ਾਹਿਰ ਕਰ ਸਕਦੇ ਹਨ। ਪਾਰਟੀਆਂ ਵੱਲ ਲੋਕਾਂ ਅੰਦਰ ਵਧ ਰਹੀ ਬੇਰੁਖ਼ੀ ਕਾਰਨ ਤਾਕਤਵਰ ਪਾਰਟੀਆਂ ਵੱਲੋਂ ਲੋਕਾਂ ਦਾ ਵੋਟ ਪਾਉਣ ਦਾ ਹੱਕ ਖੋਹਣ ਦੇ ਯਤਨ ਸਾਹਮਣੇ ਆਉਣ ਲੱਗ ਪਏ ਹਨ। ਇਸ ਦੀ ਪਹਿਲੀ ਮਿਸਾਲ ਗੁਜਰਾਤ ਦੇ ਸੂਰਤ ਲੋਕ ਸਭਾ ਹਲਕੇ ਦੀ ਹੈ। ਇਸ ਹਲਕੇ ਵਿੱਚ ਹਾਕਮ ਪਾਰਟੀ ਦੇ ਉਮੀਦਵਾਰ ਨੂੰ ਬਿਨਾਂ ਮੁਕਾਬਲਾ ਚੁਣੇ ਜਾਣ ਦਾ ਐਲਾਨ ਕਰ ਦਿੱਤਾ ਗਿਆ ਹੈ। ਉਕਤ ਉਮੀਦਵਾਰ ਤੋਂ ਬਗ਼ੈਰ ਜਾਂ ਤਾਂ ਵਿਰੋਧੀ ਪਾਰਟੀਆਂ ਅਤੇ ਆਜ਼ਾਦ ਉਮੀਦਵਾਰਾਂ ਨੇ ਆਪਣੇ ਨਾਮ ਵਾਪਸ ਲੈ ਗਏ ਜਾਂ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਦੇ ਕਾਗਜ਼ ਰੱਦ ਕਰ ਦਿੱਤੇ ਗਏ। ਇਸ ਕਾਰਜ ਵਿੱਚ ਸੱਤਾਧਾਰੀ ਪਾਰਟੀ ਵੱਲੋਂ ਸਰਕਾਰੀ ਮੁਲਾਜ਼ਮਾਂ ਤੇ ਏਜੰਸੀਆਂ ਦਾ ਦਬਾਅ ਵਰਤਣ ਅਤੇ ਵਿਰੋਧੀ ਉਮੀਦਵਾਰਾਂ ਨੂੰ ਲਾਲਚ ਦੇਣ ਦੇ ਦੋਸ਼ ਸੁਣਨ ਵਿੱਚ ਆ ਰਹੇ ਹਨ।

ਦੂਜੀ ਮਿਸਾਲ ਮੱਧ ਪ੍ਰਦੇਸ਼ ਦੇ ਇੰਦੌਰ ਹਲਕੇ ਵਿੱਚ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਉੱਥੇ ਮੁੱਖ ਵਿਰੋਧੀ ਕਾਂਗਰਸ ਪਾਰਟੀ ਦੇ ਉਮੀਦਵਾਰ ਨੇ ਕਾਗਜ਼ ਵਾਪਸ ਲੈਣ ਦਾ ਫੈਸਲਾ ਕੀਤਾ ਹੈ। ਸੋਸ਼ਲਿਸਟ ਯੂਨਿਟੀ ਸੈਂਟਰ ਆਫ ਇੰਡੀਆ ਦੇ ਉਮੀਦਵਾਰ ਨੂੰ ਛੱਡ ਕੇ ਬਾਕੀ ਸਾਰੇ ਉਮੀਦਵਾਰਾਂ ਨੇ ਨਾਮ ਵਾਪਸ ਲੈਣ ਲਏ ਹਨ। ਇੱਥੇ ਵੀ ਹਾਕਮ ਪਾਰਟੀ ਨੇ ਸੂਰਤ ਮਾਡਲ ਦੁਹਰਾਉਣ ਦੀ ਕੋਸ਼ਿਸ਼ ਕੀਤੀ। ਇਸ ਤੋਂ ਪਹਿਲਾਂ ਚੰਡੀਗੜ੍ਹ ਵਿੱਚ ਨਗਰ ਨਿਗਮ ਦੀਆਂ ਚੋਣਾਂ ਵਿੱਚ ਮੁੱਖ ਚੋਣ ਅਧਿਕਾਰੀ ਨੇ ਹਾਕਮ ਪਾਰਟੀ ਦੇ ਮੇਅਰ ਦੇ ਉਮੀਦਵਾਰ ਨੂੰ ਘੱਟ ਮੈਂਬਰਾਂ ਦੀ ਹਮਾਇਤ ਦੇ ਬਾਵਜੂਦ ਜੇਤੂ ਕਰਾਰ ਦੇ ਦਿੱਤਾ ਸੀ। ਇਸ ਨਤੀਜੇ ਨੂੰ ਸੁਪਰੀਮ ਕੋਰਟ ਨੇ ਰੱਦ ਕਰ ਕੇ ਵੋਟਾਂ ਦੀ ਦੁਬਾਰਾ ਗਿਣਤੀ ਕਰਵਾਈ। ਸਿੱਟੇ ਵਜੋਂ ਬਹੁਗਿਣਤੀ ਹਮਾਇਤ ਵਾਲਾ ਆਮ ਆਦਮੀ ਪਾਰਟੀ ਉਮੀਦਵਾਰ ਮੇਅਰ ਬਣ ਗਿਆ। ਅਜਿਹੀਆਂ ਘਟਨਾਵਾਂ ਖ਼ਤਰੇ ਦੀ ਘੰਟੀ ਹਨ।

ਸੰਵਿਧਾਨ ਹਰ ਬਾਲਗ ਨਾਗਰਿਕ ਨੂੰ ਚੋਣ ਲੜ ਕੇ ਲੋਕਾਂ ਦੀ ਨੁਮਾਇੰਦਗੀ ਕਰਨ ਦਾ ਹੱਕ ਦਿੰਦਾ ਹੈ। ਇਹ ਹੱਕ ਚੋਣ ਪ੍ਰਕਿਰਿਆ ਨੇ ਵਿਹਾਰਕ ਤੌਰ 'ਤੇ ਦੇਸ਼ ਦੇ ਬਹੁਗਿਣਤੀ ਨਾਗਰਿਕਾਂ ਤੋਂ ਖੋਹ ਲਿਆ ਹੈ। ਹੁਣ ਚੋਣ ਲੜਨਾ ਸਾਧਾਰਨ ਲੋਕਾਂ ਦੀ ਪਹੁੰਚ ਤੋਂ ਬਾਹਰ ਹੈ। ਇਹ ਕਾਰਜ ਕਾਫੀ ਮਹਿੰਗਾ ਹੈ। ਇਸ ਵਾਸਤੇ ਉਮੀਦਵਾਰੀ ਪੱਤਰ ਦਾਖਲ ਕਰਨ ਲਈ ਵੱਡੀ ਰਕਮ ਸਕਿਉਰਿਟੀ ਵਜੋਂ ਜਮ੍ਹਾਂ ਕਰਵਾਉਣੀ ਪੈਂਦੀ ਹੈ। ਲੋਕ ਸਭਾ ਚੋਣ ਵਾਸਤੇ 25000 ਰੁਪਏ ਅਤੇ ਵਿਧਾਨ ਸਭਾ ਚੋਣਾਂ ਲਈ 10000 ਰੁਪਏ ਸਕਿਉਰਿਟੀ ਚੋਣ ਕਮਿਸ਼ਨ ਨੇ ਤੈਅ ਕੀਤੀ ਹੋਈ ਹੈ। ਪ੍ਰਚਾਰ ਵਾਸਤੇ ਇਸ਼ਤਿਹਾਰ ਦੇਣਾ, ਵੋਟਰਾਂ ਤੱਕ ਪਹੁੰਚ ਕਰਨ ਲਈ ਮੀਟਿੰਗਾਂ ਤੇ ਇਕੱਠਾਂ ਆਦਿ ਉਪਰ ਖਰਚੇ ਕਾਫੀ ਵਧ ਗਏ ਹਨ। ਹੁਣ ਤਾਂ ਪੰਚਾਇਤ ਚੋਣਾਂ 'ਤੇ ਹੀ ਲੱਖਾਂ ਰੁਪਏ ਖਰਚ ਹੋ ਜਾਂਦੇ ਹਨ। ਭਾਰਤ ਸਰਕਾਰ ਦੇ ਪੀਰੀਆਡਕ ਲੇਬਰ ਫੋਰਸ ਸਰਵੇਖਣ-2022 ਅਨੁਸਾਰ, ਦੇਸ਼ ਦੇ 82% ਕੰਮਕਾਜੀ ਲੋਕਾਂ ਦੀ ਮਹੀਨੇ ਦੀ ਕਮਾਈ 9000 ਰੁਪਏ ਤੋਂ ਘੱਟ ਹੈ। ਇਉਂ ਚੋਣ ਖਰਚੇ ਗਰੀਬ ਅਤੇ ਮੱਧ ਵਰਗ ਦੀ ਪਹੁੰਚ ਤੋਂ ਬਾਹਰ ਹਨ। ਇਉਂ ਚੋਣਾਂ ਲੜਨਾ ਇਨ੍ਹਾਂ ਵਰਗਾਂ ਦੇ ਵੱਸ ਦੀ ਗੱਲ ਨਹੀਂ, ਇਹ ਧਨਾਢ ਤੇ ਪੂੰਜੀਪਤੀਆਂ ਦੀ ਖੇਡ ਰਹਿ ਗਈ ਹੈ। ਹੇਠਲੇ ਵਰਗਾਂ ਦੇ ਜਿੰਨੇ ਮਰਜ਼ੀ ਚੇਤਨ, ਸਿਆਣੇ ਤੇ ਬੁਧੀਮਾਨ ਨਾਗਰਿਕ ਹੋਣ, ਉਹ ਇਸ ਖੇਡ ਵਿੱਚ ਸ਼ਾਮਲ ਨਹੀਂ ਹੋ ਸਕਦੇ। ਇਉਂ ਉਨ੍ਹਾਂ ਤੋਂ ਲੋਕਾਂ ਦੀ ਨੁਮਾਇੰਦਗੀ ਕਰਨ ਦਾ ਹੱਕ ਚੋਣ ਪ੍ਰਕਿਰਿਆ ਨੇ ਖੋਹ ਲਿਆ। ਇਨ੍ਹਾਂ ਵਰਗਾਂ 'ਚੋਂ ਉਹੀ ਚੋਣ ਲੜ ਸਕਦੇ ਹਨ ਜਿਹੜੇ ਵੱਡੀਆਂ ਪਾਰਟੀਆਂ ਵੱਲੋਂ ਉਮੀਦਵਾਰ ਐਲਾਨੇ ਜਾਣ, ਚੋਣ ਖਰਚ ਪਾਰਟੀ ਜਾਂ ਕੋਈ ਪੂੰਜੀਪਤੀ ਮਦਦ ਕਰੇ। ਇਨ੍ਹਾਂ ਹਾਲਾਤ 'ਚ ਸਾਧਾਰਨ ਘਰਾਂ ਦੇ ਯੋਗ ਉਮੀਦਵਾਰਾਂ ਨੂੰ ਆਜ਼ਾਦ ਤੌਰ 'ਤੇ ਵਿਚਰਨਾ ਸੰਭਵ ਨਹੀਂ ਰਹਿੰਦਾ। ਜਿੰਨੀ ਦੇਰ ਸਰਕਾਰ ਚੋਣਾਂ 'ਤੇ ਹੋਣ ਵਾਲੇ ਖਰਚੇ ਦਾ ਪ੍ਰਬੰਧ ਯੂਰੋਪੀਅਨ ਦੇਸ਼ਾਂ ਵਾਂਗ ਨਹੀਂ ਕਰਦੀ, ਗਰੀਬ ਅਤੇ ਮੱਧ ਵਰਗੀ ਲੋਕ ਚੋਣ ਲੜਨ ਦੀ ਹਿੰਮਤ ਨਹੀਂ ਕਰ ਸਕਦੇ।

ਕੁਝ ਵਿਧਾਇਕ ਅਤੇ ਪਾਰਲੀਮੈਂਟ ਮੈਂਬਰ ਜਿਸ ਪਾਰਟੀ ਦੀ ਟਿਕਟ 'ਤੇ ਚੋਣ ਲੜ ਕੇ ਜਿੱਤਦੇ ਹਨ, ਉਸ ਨੂੰ ਛੱਡ ਕੇ ਵਿਰੋਧੀ ਪਾਰਟੀ/ਪਾਰਟੀਆਂ ਵਿੱਚ ਸ਼ਾਮਲ ਹੋ ਜਾਂਦੇ ਹਨ। ਇਸ ਅਮਲ ਵਿੱਚ ਪਿਛਲੇ ਇੱਕ ਦਹਾਕੇ ਤੋਂ ਤੇਜ਼ੀ ਆਈ ਹੈ। ਚੁਣੇ ਨੁਮਾਇੰਦਿਆਂ ਦਾ ਆਮ ਤੌਰ 'ਤੇ ਕੇਂਦਰ ਵਿੱਚ ਸੱਤਾ 'ਤੇ ਕਾਬਜ਼ ਪਾਰਟੀ ਵਿੱਚ ਸ਼ਾਮਲ ਹੋਣ ਦਾ ਰੁਝਾਨ ਵੱਧ ਦੇਖਣ ਨੂੰ ਮਿਲਦਾ ਹੈ। ਬਹੁਤੀ ਵਾਰੀ ਵਿਧਾਨ ਸਭਾ ਦੇ ਮੈਂਬਰਾਂ ਦਾ ਇੱਕ ਹਿੱਸਾ ਸੂਬੇ ਦੀ ਹਾਕਮ ਪਾਰਟੀ ਛੱਡ ਕੇ ਉਸ ਪਾਰਟੀ ਦੇ ਬਹੁਮਤ ਨੂੰ ਘੱਟ ਗਿਣਤੀ ਵਿੱਚ ਬਦਲ ਦਿੰਦਾ ਹੈ ਅਤੇ ਵਿਰੋਧੀ ਪਾਰਟੀ ਵਿੱਚ ਸ਼ਾਮਲ ਹੋ ਜਾਂਦਾ ਹੈ। ਫਿਰ ਸੂਬੇ ਦਾ ਗਵਰਨਰ ਵਿਰੋਧੀ ਪਾਰਟੀ ਦੇ ਨੇਤਾ ਨੂੰ ਮੁੱਖ ਮੰਤਰੀ ਦੀ ਸਹੁੰ ਚੁੱਕਾ ਦਿੰਦਾ ਹੈ। ਇਹ ਵਰਤਾਰਾ ਗੋਆ ਅਤੇ ਕਰਨਾਟਕ ਤੋਂ ਸ਼ੁਰੂ ਹੋ ਕੇ ਮੱਧ ਪ੍ਰਦੇਸ਼, ਬਿਹਾਰ ਤੇ ਮਹਾਰਾਸ਼ਟਰ ਤੱਕ ਪਹੁੰਚ ਗਿਆ। ਇਸ ਅਮਲ ਨਾਲ ਕਾਂਗਰਸ ਦੀਆਂ ਜਾਂ ਕਾਂਗਰਸ ਦੀਆਂ ਖੇਤਰੀ ਪਾਰਟੀਆਂ ਨਾਲ ਗਠਜੋੜ ਵਾਲੀਆਂ ਸਰਕਾਰਾਂ ਤੋੜੀਆਂ ਗਈਆਂ। ਕੁਝ ਸਮਾਂ ਪਹਿਲਾਂ ਹਿਮਾਚਲ ਪ੍ਰਦੇਸ਼ ਵਿੱਚ ਵੀ ਅਜਿਹੀ ਅਸਫਲ ਕੋਸ਼ਿਸ਼ ਕੀਤੀ ਗਈ। ਇਸ ਵਰਤਾਰੇ ਨਾਲ ਚੁਣੇ ਨੁਮਾਇੰਦੇ ਆਪਣੇ ਵੋਟਰਾਂ ਨਾਲ ਵਿਸ਼ਵਾਸਘਾਤ ਕਰਦੇ ਹਨ। ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਤੋੜਨ ਵਾਸਤੇ ਅਹੁਦਿਆਂ ਅਤੇ ਮੋਟੀਆਂ ਰਕਮਾਂ ਦਾ ਲਾਲਚ ਦਿੱਤਾ ਜਾਂਦਾ ਹੈ। ਕਈ ਵਾਰ ਸੁਰੱਖਿਆ ਏਜੰਸੀਆਂ ਵਲੋਂ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਫਸਾਉਣ ਦੀ ਧਮਕੀ ਜਾਂ ਆਮਦਨ ਕਰ ਤੇ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵਲੋਂ ਮਨੀ ਲਾਂਡਰਿੰਗ ਦੇ ਕੇਸ ਦੀ ਤਲਵਾਰ ਲਟਕਾਉਣ ਬਾਰੇ ਮੀਡੀਆ ਰਿਪੋਰਟਾਂ ਪੜ੍ਹਨ ਨੂੰ ਮਿਲਦੀਆਂ ਹਨ। ਕੇਂਦਰ ਵਿੱਚ ਹਾਕਮ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਦਲ ਬਦਲੀ ਵਾਲੇ ਨੁਮਾਇੰਦੇ ਸੁਰੱਖਿਅਤ ਹੋ ਜਾਂਦੇ ਹਨ। ਇਹ ਇੱਕ ਪਾਸੇ ਇਖਲਾਕੀ ਗਿਰਾਵਟ ਦੀ ਨਿਸ਼ਾਨੀ ਹੈ; ਦੂਜੇ ਪਾਸੇ ਲੋਕਾਂ ਨਾਲ ਵਿਸ਼ਵਾਸਘਾਤ ਹੈ।

ਇਸ ਤੋਂ ਵੱਡਾ ਧੋਖਾ ਇਹ ਹੈ ਕਿ ਵੋਟਾਂ ਮਜ਼ਦੂਰਾਂ, ਕਿਸਾਨਾਂ ਅਤੇ ਮੱਧ ਵਰਗ ਦੇ ਨਾਮ 'ਤੇ ਮੰਗੀਆਂ ਜਾਂਦੀਆਂ ਹਨ ਪਰ ਜਿੱਤ ਤੋਂ ਬਾਅਦ ਸਰਕਾਰਾਂ ਕੰਮ ਕਾਰਪੋਰੇਟ ਘਰਾਣਿਆਂ ਵਾਸਤੇ ਕਰਦੀਆਂ ਹਨ। ਇਸੇ ਕਰ ਕੇ ਕਾਰਪੋਰੇਟ ਮੀਡੀਆ ਦਿਨ ਰਾਤ ਐਸੀਆਂ ਪਾਰਟੀਆਂ ਅਤੇ ਲੀਡਰਾਂ ਦਾ ਗੁਣਗਾਨ ਕਰਦਾ ਹੈ। ਕੇਂਦਰ ਵਿੱਚ ਹਾਕਮ ਪਾਰਟੀ ਨੇ ਗਣਤੰਤਰ ਦੀਆਂ ਥੰਮ੍ਹ ਏਜੰਸੀਆਂ ਜਿਵੇਂ ਚੋਣ ਕਮਿਸ਼ਨ, ਖ਼ੁਦਮੁਖ਼ਤਾਰ ਨਿਆਂਪਾਲਿਕਾ ਨੂੰ ਕਾਫੀ ਹੱਦ ਤੱਕ ਡਰਾ ਲਿਆ ਹੈ; ਮੀਡੀਆ ਦੀ ਖ਼ੁਦਮੁਖ਼ਤਾਰੀ ਖ਼ਤਮ ਕਰ ਦਿੱਤੀ ਹੈ। ਸਵੀਡਨ ਦੀ ਵੀ-ਡੈਮ (ਵਰਾਇਟੀਜ਼ ਆਫ ਡੈਮੋਕਰੇਸੀ) ਇੰਸਟੀਚਿਊਟ ਨੇ 2018 ਵਿੱਚ ਭਾਰਤ ਨੂੰ ਚੁਣੀ ਹੋਈ ਤਾਨਾਸ਼ਾਹੀ ਐਲਾਨ ਦਿੱਤਾ ਸੀ ਅਤੇ 2024 ਵਿੱਚ ਸਭ ਤੋਂ ਬਦਤਰ ਤਾਨਾਸ਼ਾਹੀ ਵਿੱਚ ਤਬਦੀਲ ਹੋਣ ਦਾ ਦਾਅਵਾ ਕੀਤਾ ਸੀ।

ਲੋਕਾਂ ਤੋਂ ਵੋਟਾਂ ਪਾਉਣ ਅਤੇ ਚੋਣਾਂ ਲੜ ਕੇ ਨੁਮਾਇੰਦਗੀ ਕਰਨ ਦਾ ਹੱਕ ਖੋਹਣ ਦੇ ਯਤਨ ਸਾਹਮਣੇ ਆ ਰਹੇ ਹਨ। ਗਣਤੰਤਰ ਨੂੰ ਤਾਨਾਸ਼ਾਹੀ ਵਲ ਧੱਕਿਆ ਜਾ ਰਿਹਾ ਹੈ। ਸੰਵਿਧਾਨ ਦਾ ਖਾਸਾ ਧਰਮ ਨਿਰਪੱਖ ਅਤੇ ਜਮਹੂਰੀ ਗਣਤੰਤਰ ਤੋਂ ਬਦਲ ਕੇ ਹਿੰਦੂ ਤਾਨਾਸ਼ਾਹ ਰਾਸ਼ਟਰਵਾਦ ਵੱਲ ਲਿਜਾਣ ਦੇ ਜ਼ਾਹਿਰਾ ਯਤਨ ਕੀਤੇ ਜਾ ਰਹੇ ਹਨ। ਇਸੇ ਕਰ ਕੇ ਮੌਜੂਦਾ ਚੋਣਾਂ ਦੀ ਅਹਿਮੀਅਤ ਹੋਰ ਵਧ ਜਾਂਦੀ ਹੈ। ਇਹ ਹੁਣ ਵੋਟਰਾਂ ਦੀ ਸੂਝ ਅਤੇ ਸਿਆਣਪ 'ਤੇ ਨਿਰਭਰ ਕਰੇਗਾ ਕਿ ਉਹ ਇਸ ਮਾੜੇ ਰੁਝਾਨ ਨੂੰ ਰੋਕਣ ਲਈ ਕੀ ਪੈਂਤੜਾ ਮੱਲਦੇ ਹਨ। ਇਹ ਇਸ ਗੱਲ 'ਤੇ ਵੀ ਨਿਰਭਰ ਕਰੇਗਾ ਕਿ ਵਿਰੋਧੀ ਮੁਹਾਜ਼ ਆਪਣਾ ਏਕਾ ਬਰਕਰਾਰ ਰੱਖ ਕੇ ਲੋਕਾਂ ਵਿੱਚ ਆਪਣਾ ਜਮਹੂਰੀ ਏਜੰਡਾ ਪ੍ਰਚਾਰਨ ਵਿੱਚ ਕਿਥੋਂ ਤੱਕ ਸਫਲ ਹੁੰਦਾ ਹੈ।

DHESI MEAT SHOP
SERVING THE COMMUNITY FOR OVER 16 YEARS.

FOR BEST & FRESH MEAT, VISIT US!
Tandoori Chicken, Lemon Chicken, Goat, Lamb & Pork Tandoori Fish, Shish-Kabab also Supply Fresh Cut Meat.
NOW SERVING IN 3 LOCATIONS
King George Blvd (Bear Creek) 106-13588-88 Avenue Surrey, BC V3W 3K8, 604-501-2277
Fleetwood Location : 104-15933 Fraser Hwy, Surrey, BC V4N 0Y3, 604-593-5222
Sullivan Heights : #102 - 14330 - 64 Ave Surrey, BC, 604-503-2880

SIDHU BROTHERS
ACCOUNTING SERVICE LTD.
- PAYROLL - PERSONAL INCOME TAX - CORPORATE INCOME TAX - GST/HST/WCB
We Also Provide Service to get Transport Authority (NSC#, DOT#, MC#, Single State Registration)
WE SPECIALIZED IN
ACCOUNTING FOR TRANSPORT COMPANIES

Jarnail Singh Sidhu
Cell : 604-808-1148
jsidhu61@gmail.com
TEL : 604-502-9988 FAX : 604-501-9900
Address : 12633-67B Ave. Surrey, BC V3W 1G2

# ਐਮਨੈਸਟੀ ਇੰਟਰਨੈਸ਼ਨਲ ਕਦੇ ਖਾਲੜਾ ਤੇ ਜਸਟਿਸ ਬੈਂਸ ਵਰਗੇ ਮਨੁੱਖੀ ਹੱਕਾਂ ਦੇ ਕਾਰਕੁਨਾਂ ਦੀ ਅਵਾਜ਼ ਬਣੀ ਸੀ

ਲੇਖਕ : ਦਲਜੀਤ ਅਮੀ

ਪਿਛਲੇ ਦਿਨੀ ਮਨੁੱਖੀ ਹਕੂਕ ਦੀ ਪਹਿਰੇਦਾਰੀ ਕਰਨ ਵਾਲੀ ਜਥੇਬੰਦੀ ਐਮਨੈਸਟੀ ਇੰਟਰਨੈਸ਼ਨਲ ਨੇ ਇੰਡੀਆ ਵਿੱਚੋਂ ਆਪਣਾ ਕੰਮ ਬੰਦ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਫ਼ੈਸਲੇ ਨਾਲ ਇੰਡੀਆ ਅੰਦਰ ਮਨੁੱਖੀ ਹਕੂਕ ਦੀ ਹਾਲਤ ਅਤੇ ਸਰਕਾਰ ਦੀ ਮਨੁੱਖੀ ਹਕੂਕ ਦੀ ਅਲੰਬਰਦਾਰੀ ਕਰਨ ਵਾਲੇ ਅਦਾਰਿਆਂ ਅਤੇ ਕਾਰਕੁੰਨਾਂ ਬਾਬਤ ਪਹੁੰਚ ਚਰਚਾ ਵਿੱਚ ਆ ਗਈ ਹੈ।

ਐਮਨੈਸਟੀ ਇੰਟਰਨੈਸ਼ਨਲ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਸਰਕਾਰ ਮਨੁੱਖੀ ਹਕੂਕ ਜਥੇਬੰਦੀਆਂ ਨੂੰ ਨਿਸ਼ਾਨਾ ਬਣਾ ਰਹੀ ਹੈ ਅਤੇ ਉਨ੍ਹਾਂ ਦੇ ਬੈਂਕ ਦੇ ਖਾਤੇ ਬੰਦ ਕਰ ਦਿੱਤੇ ਗਏ ਹਨ, ਜਿਸ ਕਾਰਨ ਉਨ੍ਹਾਂ ਨੂੰ ਆਪਣੇ ਅਮਲੇ ਨੂੰ ਨੌਕਰੀਆਂ ਤੋਂ ਜੁਆਬ ਦੇਣਾ ਪਿਆ ਹੈ।

ਇਸ ਦੇ ਨਾਲ ਹੀ ਐਮਨੈਸਟੀ ਇੰਟਰਨੈਸ਼ਨਲ ਨੂੰ ਆਪਣੀ ਖੋਜ ਅਤੇ ਰਾਇ-ਬੰਦੀ ਮੁਹਿੰਮਾਂ ਦਾ ਕੰਮ ਰੋਕਣਾ ਪਿਆ ਹੈ। ਐਮਨੈਸਟੀ ਇੰਡੀਆ ਦੇ ਸੀਨੀਅਰ ਨਿਰਦੇਸ਼ਕ ਰਜਤ ਖੋਸਲਾ ਨੇ ਦੱਸਿਆ, "ਸਰਕਾਰ ਵਿਓਂਤਬੰਦ ਢੰਗ ਨਾਲ ਐਮੀਨੈਸਟੀ ਇੰਟਰਨੈਸ਼ਨਲ ਇੰਡੀਆ ਉੱਤੇ ਹਮਲੇ ਕਰ ਰਹੀ ਹੈ, ਦਬਾਅ ਪਾ ਰਹੀ ਹੈ ਅਤੇ ਪਰੇਸ਼ਾਨ ਕਰ ਰਹੀ ਹੈ।"

"ਇਸ ਸਭ ਕੁਝ ਸਾਡੇ ਮਨੁੱਖੀ ਹਕੂਕ ਦੇ ਕੰਮ ਕਾਰਨ ਹੋ ਰਿਹਾ ਹੈ ਅਤੇ ਸਰਕਾਰ ਸਾਡੇ ਕੰਮ ਰਾਹੀਂ ਸਾਹਮਣੇ ਆਉਂਦੇ ਸੁਆਲਾਂ ਦਾ ਜੁਆਬ ਨਹੀਂ ਦੇਣਾ ਚਾਹੁੰਦੀ। ਸਾਡਾ ਇਹ ਕੰਮ ਚਾਹੇ ਦਿੱਲੀ ਦੇ ਦੰਗਿਆਂ ਦੀ ਜਾਂਚ ਬਾਬਤ ਹੋਵੇ ਜਾਂ ਜੰਮੂ ਅਤੇ ਕਸ਼ਮੀਰ ਵਿੱਚ ਜ਼ੁਬਾਨ-ਬੰਦੀ ਬਾਰੇ ਹੋਵੇ।" ਪਿਛਲੇ ਮਹੀਨੇ ਜਾਰੀ ਕੀਤੀ ਰਪਟ ਵਿੱਚ ਐਮਨੈਸਟੀ ਇੰਟਰਨੈਸ਼ਨਲ ਇੰਡੀਆ ਨੇ ਫਰਵਰੀ ਮਹੀਨੇ ਦਿੱਲੀ ਵਿੱਚ ਹੋਏ ਫ਼ਿਰਕੂ ਫਸਾਦ ਵਿੱਚ ਦਿੱਲੀ ਪੁਲਿਸ ਉੱਤੇ ਮਨੁੱਖੀ ਹਕੂਕ ਦੇ ਘਾਣ ਦਾ ਇਲਜ਼ਾਮ ਲਗਾਇਆ ਸੀ।

ਦਿੱਲੀ ਪੁਲਿਸ ਨੇ ਮੀਡੀਆ ਵਿੱਚ ਇਸ ਰਪਟ ਨੂੰ 'ਇੱਕ-ਪਾਸੜ, ਪੱਖਪਾਤੀ ਅਤੇ ਬਦਖ਼ੋਹੀਨੁਮਾ' ਕਰਾਰ ਦਿੱਤਾ ਸੀ। ਇਸ ਤੋਂ ਪਹਿਲਾਂ ਐਮਨੈਸਟੀ ਇੰਟਰਨੈਸ਼ਨਲ ਇੰਡੀਆ ਨੇ ਜੰਮੂ-ਕਸ਼ਮੀਰ ਦੇ ਸਾਰੇ ਹਿਰਾਸਤੀਆਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ ਸੀ ਜਿਨ੍ਹਾਂ ਵਿੱਚ ਸਿਆਸੀ ਆਗੂ, ਕਾਰਕੁੰਨ ਅਤੇ ਪੱਤਰਕਾਰ ਸ਼ਾਮਿਲ ਸਨ।

ਪਿਛਲੇ ਸਾਲ ਅਮਰੀਕਾ ਦੇ ਵਿਦੇਸ਼ੀ ਮਾਮਲਿਆਂ ਦੀ ਕਮੇਟੀ ਸਾਹਮਣੇ ਦੱਖਣੀ ਏਸ਼ੀਆਂ ਦੇ ਮਨੁੱਖੀ ਹਕੂਕ ਦੀ ਹਾਲਤ ਬਾਬਤ ਆਪਣੀ ਖੋਜ ਪੇਸ਼ ਕੀਤੀ ਸੀ ਕਿ ਕਸ਼ਮੀਰ ਵਿੱਚ ਮਨਮਾਨੀ ਨਾਲ ਗ੍ਰਿਫ਼ਤਾਰੀਆਂ ਕੀਤੀਆਂ ਜਾ ਰਹੀਆਂ ਹਨ, ਤਾਕਤ ਦੀ ਬੇਓੜਕ ਵਰਤੋਂ ਕੀਤੀ ਜਾ ਰਹੀ ਹੈ ਅਤੇ ਤਸ਼ੱਦਦ ਵਰਤਾਇਆ ਜਾ ਰਿਹਾ ਹੈ।

ਇਸ ਤੋਂ ਇਲਾਵਾ ਐਮਨੈਸਟੀ ਇੰਟਰਨੈਸ਼ਨਲ ਨੇ ਇੰਡੀਆ ਵਿੱਚ ਇਖ਼ਤਲਾਫ਼ ਰਾਇ ਦੀ ਜ਼ੁਬਾਨ-ਬੰਦੀ ਕਾਰਨ ਸਰਕਾਰ ਦੀ ਨਿਖੇਧੀ ਕੀਤੀ ਹੈ।

## ਐਮਨੈਸਟੀ ਇੰਟਰਨੈਸ਼ਨਲ ਕੀ ਹੈ?

ਐਮਨੈਸਟੀ ਇੰਟਰਨੈਸ਼ਨਲ ਦੀ ਵੈੱਬਸਾਈਟ ਉੱਤੇ ਇਸ ਨੇ ਆਪਣੀ ਪਛਾਣ ਇੰਝ ਕਰਵਾਈ ਹੈ, "ਐਮਨੈਸਟੀ ਇੰਟਰਨੈਸ਼ਨਲ ਸੱਤ ਕਰੋੜ ਤੋਂ ਜ਼ਿਆਦਾ ਲੋਕਾਂ ਦੀ ਆਲਮੀ ਲਹਿਰ ਹੈ ਜੋ ਨਾਇਨਸਾਫ਼ੀ ਨੂੰ ਆਪਣਾ ਨਿੱਜੀ ਮਸਲਾ ਮੰਨਦੇ ਹਨ। ਅਸੀਂ ਅਜਿਹੀ ਦੁਨੀਆਂ ਦੀ ਵਕਾਲਤ ਕਰਦੇ ਹਾਂ ਜਿੱਥੇ ਹਰ ਕੋਈ ਮਨੁੱਖੀ ਹਕੂਕ ਮਾਣ ਸਕੇ।"

ਇਸੇ ਵੈੱਬਸਾਈਟ ਉੱਤੇ ਐਮਨੈਸਟੀ ਇੰਟਰਨੈਸ਼ਨਲ ਨੇ ਆਪਣੇ ਕੰਮਾਂ ਬਾਰੇ ਲਿਖਿਆ ਹੈ, "ਤਫ਼ਸੀਲ ਨਾਲ ਕੀਤੀ ਖੋਜ ਅਤੇ ਸਿਦਕਦਿਲੀ ਨਾਲ ਕੀਤੀ ਰਾਇ-ਬੰਦੀ ਰਾਹੀਂ ਅਸੀਂ ਦੁਨੀਆ ਭਰ ਵਿੱਚ ਮਨੁੱਖੀ ਹਕੂਕ ਦੇ ਘਾਣ ਖ਼ਿਲਾਫ਼ ਸੰਘਰਸ਼ ਕਰਦੇ ਹਾਂ।"

ਐਮੀਨੈਸਟੀ ਇੰਟਰਨੈਸ਼ਨਲ ਨੇ ਆਪਣੇ ਕੰਮ ਦਾ ਘੇਰਾ ਹਥਿਆਰਬੰਦ ਟਕਰਾਅ ਵਾਲੇ ਇਲਾਕਿਆਂ ਵਿੱਚ ਰੱਖਿਆ ਹੈ।

ਇਸ ਜਥੇਬੰਦੀ ਨੇ ਚੌਗਿਰਦਾ ਤਬਦੀਲੀ, ਕਾਰਪੋਰੇਟ ਦੀ ਜੁਆਬਦੇਹੀ, ਮੌਤ ਦੀ ਸਜ਼ਾ ਦੇ ਖ਼ਿਲਾਫ਼, ਜੇਲ੍ਹ-ਬੰਦੀਆਂ, ਲਾਪਤਾ ਜੀਆਂ, ਵਿਤਕਰੇ, ਪੁਲਿਸ ਤਸ਼ੱਦਦ ਅਤੇ ਹਿਰਾਸਤੀ ਤਸ਼ੱਦਦ ਬਾਬਤ ਰਾਇ-ਬੰਦੀ ਦੀਆਂ ਮੁਹਿੰਮਾਂ ਚਲਾਈਆਂ ਹਨ।

ਇਸ ਤੋਂ ਇਲਾਵਾ ਐਮਨੈਸਟੀ ਇੰਟਰਨੈਸ਼ਨਲ ਨੇ ਬੋਲਣ ਦੀ ਆਜ਼ਾਦੀ, ਮੂਲਵਾਸੀਆਂ ਦੇ ਹਕੂਕ, ਕੌਮਾਂਤਰੀ ਇਨਸਾਫ਼, ਮਨੁੱਖਾ ਜੀਵਨ ਦੀ ਸ਼ਾਨ, ਕਾਮੁਕਤਾ ਅਤੇ ਪ੍ਰਜਨਨ ਹਕੂਕ ਅਤੇ, ਪਹਾਜਗੀਰਾਂ ਅਤੇ ਮੁਹਾਜ਼ਿਰਾਂ ਦੇ ਹਕੂਕ ਬਾਬਤ ਵੀ ਕੌਮਾਂਤਰੀ ਰਾਇ-ਬੰਦੀ ਦੀਆਂ ਮੁਹਿੰਮਾਂ ਵਿੱਚ ਹਿੱਸਾ ਪਾਇਆ ਹੈ।

ਇਨ੍ਹਾਂ ਸਾਰੀਆਂ ਮੁਹਿੰਮਾਂ ਵਿੱਚ ਐਮਨੈਸਟੀ ਇੰਟਰਨੈਸ਼ਨਲ ਦਾ ਰਾਹ ਦਰਸਾਵਾ ਮਨੁੱਖੀ ਹਕੂਕ ਦਾ ਆਲਮੀ ਐਲਾਨਨਾਮਾ ਰਿਹਾ ਹੈ ਜੋ ਸੰਯੁਕਤ ਰਾਸ਼ਟਰ ਦਾ ਦਸਤਾਵੇਜ਼ ਹੈ।

## ਪੰਜਾਬ ਅਤੇ ਐਮਨੈਸਟੀ ਇੰਟਰਨੈਸ਼ਨਲ

ਐਮਨੈਸਟੀ ਇੰਟਰਨੈਸ਼ਨਲ ਨੇ ਪੰਜਾਬ ਵਿੱਚ ਮਨੁੱਖੀ ਹਕੂਕ ਦੇ ਮਾਮਲਿਆਂ ਵਿੱਚ ਲਗਾਤਾਰ ਦਖ਼ਲਅੰਦਾਜ਼ੀ ਕੀਤੀ ਹੈ, ਜਿਸ ਦੀ ਗਵਾਹੀ ਇਸ ਦੀਆਂ ਰਪਟਾਂ ਵਿੱਚ ਦਰਜ ਹੈ। ਇਸ ਦੇ ਨਾਲ ਹੀ ਇਸ ਦਖ਼ਲਅੰਦਾਜ਼ੀ ਨਾਲ ਨਾਤਾ ਰੱਖਣ ਵਾਲੇ ਜੀਆਂ ਦੀਆਂ ਯਾਦਾਂ ਵਿੱਚ ਵੀ ਵਸੀਆਂ ਹੋਈਆਂ ਹਨ। ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਵਕਾਲਤ ਕਰਨ ਵਾਲੇ ਰਾਜਵਿੰਦਰ ਸਿੰਘ ਬੈਂਸ ਨੂੰ 1992 ਦੀਆਂ ਘਟਨਾਵਾਂ ਦੀ ਲੜੀ ਪੂਰੀ ਤਰ੍ਹਾਂ ਯਾਦ ਹੈ ਜਦੋਂ ਉਨ੍ਹਾਂ ਦੇ ਪਿਤਾ ਅਜੀਤ ਸਿੰਘ ਬੈਂਸ ਨੂੰ ਟਾਡਾ ਕਾਨੂੰਨ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ।

ਅਜੀਤ ਸਿੰਘ ਬੈਂਸ 1984 ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚੋਂ ਬਤੌਰ ਜੱਜ ਸੇਵਾਮੁਕਤ ਹੋਏ ਸਨ ਅਤੇ 1986 ਵਿੱਚ ਬਣੀ ਜਥੇਬੰਦੀ 'ਪੰਜਾਬ ਹਿਊਮਨ ਰਾਈਟਸ ਆਰਗੇਨਾਈਜੇਸ਼ਨ' ਦੇ ਮੋਢੀਆਂ ਵਿੱਚ ਸ਼ਾਮਿਲ ਸਨ। ਅਜੀਤ ਸਿੰਘ ਬੈਂਸ ਨੇ ਹੋਲੇ-ਮੁਹੱਲੇ ਦੇ ਇਕੱਠ ਵਿੱਚ ਤਕਰੀਰ ਕੀਤੀ ਸੀ ਜਿਸ ਦੇ ਬੋਲਾਂ ਨੂੰ ਟਾਡਾ ਦੇ ਘੇਰੇ ਵਿੱਚ ਲਿਆ ਕੇ ਉਨ੍ਹਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ। ਉਸ ਵੇਲੇ ਅਜੀਤ ਸਿੰਘ ਬੈਂਸ ਦੀ ਰਿਹਾਈ ਲਈ ਕਾਨੂੰਨੀ



ਚਾਰਾਜੋਈ ਤੋਂ ਇਲਾਵਾ ਆਵਾਮੀ ਰਾਇ-ਬੰਦੀ ਦੀ ਮੁਹਿੰਮ ਚਲਾਈ ਗਈ ਸੀ।

ਐਮਨੈਸਟੀ ਇੰਟਰਨੈਸ਼ਨਲ ਉਨ੍ਹਾਂ ਦੀ ਰਿਹਾਈ ਲਈ ਆਲਮੀ ਰਾਇ-ਬੰਦੀ ਮੁਹਿੰਮ ਵਿੱਚ ਸ਼ਾਮਿਲ ਹੋਈ। ਰਾਜਵਿੰਦਰ ਸਿੰਘ ਬੈਂਸ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਐਮਨੈਸਟੀ ਇੰਟਰਨੈਸ਼ਨਲ ਦੇ ਹਜ਼ਾਰਾਂ ਕਾਰਕੁੰਨਾਂ ਨੇ ਸਾਨੂੰ ਹਮਾਇਤ ਦੀਆਂ ਚਿੱਠੀਆਂ ਲਿਖੀਆਂ।

ਉਨ੍ਹਾਂ ਅੱਗੇ ਕਿਹਾ, "ਇਨ੍ਹਾਂ ਚਿੱਠੀਆਂ ਨਾਲ ਸਾਡੇ ਪਰਿਵਾਰ ਨੂੰ ਬਹੁਤ ਹੌਸਲਾ ਮਿਲਿਆ। ਅਜਿਹੀਆਂ ਜਥੇਬੰਦੀਆਂ ਸਰਕਾਰਾਂ ਦੇ ਫ਼ੈਸਲੇ ਤਾਂ ਨਹੀਂ ਪਲਟ ਸਕਦੀਆਂ ਪਰ ਇਖ਼ਲਾਕੀ ਹਮਾਇਤ ਲਾਮਬੰਦ ਕਰਦੀਆਂ ਹਨ ਜੋ ਕੌਮਾਂਤਰੀ ਰਾਇ-ਬੰਦੀ ਰਾਹੀਂ ਸਰਕਾਰਾਂ ਉੱਤੇ ਦਬਾਅ ਪਾਉਣ ਦਾ ਕੰਮ ਕਰਦੀਆਂ ਹਨ।"

## ਜ਼ਮੀਰ ਦੇ ਕੈਦੀਆਂ ਨੂੰ ਇਖ਼ਲਾਕ ਦੀ ਚਿੱਠੀਆਂ

ਐਮਨੈਸਟੀ ਇੰਦਰਨੈਸ਼ਨਲ ਦੀ ਵੈੱਬਸਾਈਟ ਉੱਤੇ ਬੇਇਨਸਾਫ਼ੀ ਨੂੰ ਆਪਣਾ ਨਿੱਜੀ ਮਸਲਾ ਸਮਝਣ ਵਾਲੇ ਸੱਤ ਕਰੋੜ ਜੀਆਂ ਦਾ ਦਾਅਵਾ ਉਨ੍ਹਾਂ ਚਿੱਠੀਆਂ ਵਿੱਚ ਦਰਜ ਹੈ ਜੋ ਦੂਰ-ਦੁਰਾਡੇ ਮੁਲਕਾਂ ਤੋਂ ਵੱਖ-ਵੱਖ ਬੋਲੀਆਂ ਵਿੱਚ ਲਿਖੀਆਂ ਗਈਆਂ ਹਨ ਅਤੇ ਰਾਜਵਿੰਦਰ ਸਿੰਘ ਬੈਂਸ ਦੀਆਂ ਫਾਇਲਾਂ ਵਿੱਚ ਲੱਗੀਆਂ ਹੋਈਆਂ ਹਨ। ਗਰੀਸ ਤੋਂ ਆਈ ਚਿੱਠੀ ਵਿੱਚ ਪੰਜਾਬ ਦੇ ਤਤਕਾਲੀ ਪੁਲਿਸ ਮੁਖੀ ਕੇ.ਪੀ.ਐੱਸ. ਗਿੱਲ ਨੂੰ ਪੇਸ਼ ਕਰਨ, ਹਿਰਾਸਤ ਵਿੱਚ ਮਨੁੱਖੀ ਵਤੀਰੇ, ਕਾਨੂੰਨੀ ਘੇਰੇ ਵਿੱਚ ਰਹਿਣ ਅਤੇ ਜਲਦੀ ਤੋਂ ਜਲਦੀ ਰਿਹਾਅ ਕਰਨ ਦੀਆਂ ਮੰਗਾਂ ਕੀਤੀਆਂ ਗਈਆਂ ਹਨ।

ਤਿੰਨ ਲੰਬੇ ਫ਼ਿਕਰਿਆਂ ਦੀ ਇਸ ਚਿੱਠੀ ਹੇਠਾਂ ਦੋ ਤਿਹਾਈ ਪੰਨਾ ਦਰਸਖ਼ਤ ਕਰਨ ਵਾਲਿਆਂ ਨੇ ਆਪਣੀ ਰੋਡਸ ਨਾਮ ਦੇ ਟਾਪੂ ਉੱਤੇ ਆਪਣੇ ਰਿਹਾਇਸ਼ੀ ਪਤਿਆਂ ਨਾਲ ਭਰਿਆ ਹੋਇਆ ਹੈ।

ਇਸੇ ਤਰਜ਼ ਦੀ ਚਿੱਠੀ ਸਪੇਨਿਸ਼ ਬੋਲੀ ਵਿੱਚ ਲਿਖੀ ਹੋਈ ਹੈ ਜੋ ਸਪੇਨ ਦੇ ਪਹਾੜੀ ਕਸਬੇ ਮੁਗਾਰਾ ਤੋਂ ਆਈ ਹੈ ਅਤੇ ਇਸ ਉੱਤੇ ਗਿਆਰਾਂ ਜੀਆਂ ਦੇ ਦਸਤਖ਼ਤ ਹਨ।

ਦੱਖਣੀ ਕੋਰੀਆ ਤੋਂ ਕਿੰਮ ਜੇ ਹੁਨ ਨੇ ਚਿੱਠੀ ਲਿਖੀ ਹੈ ਜਿਸ ਉੱਤੇ ਉਨ੍ਹਾਂ ਦਾ ਪਤਾ ਹਿਊਨ ਸੰਗ ਵੂਮੈਨ ਯੂਨੀਵਰਸਿਟੀ ਦੇ ਅਰਥਸ਼ਾਸਤਰ ਵਿਭਾਗ ਦਾ ਹੈ। ਬੈਲਜੀਅਮ ਦੇ ਵਾਟਰਲੂ ਸ਼ਹਿਰ ਤੋਂ ਇੰਡੀਆ ਦੇ ਤਤਕਾਲੀ ਵਿਦੇਸ਼ ਮੰਤਰੀ ਮਾਦਵ ਸਿੰਘ ਸੋਲੰਕੀ ਦੇ ਨਾਮ ਲਿਖੀ ਗਈ ਹੈ। ਜਾਪਾਨ ਦੇ ਸ਼ਹਿਰ ਟੋਕੀਓ ਤੋਂ ਮੀਸਾਕੀ ਨਾਕਾਨੋ ਨੇ ਚਿੱਠੀ ਲਿਖੀ ਹੈ। ਅਮਰੀਕਾ ਦੇ ਕੈਲੀਫੋਰਨੀਆ ਸੂਬੇ ਦੇ ਸ਼ਹਿਰ ਬਰਕਲੇਅ ਤੋਂ ਮਾਯਲਾ ਲਿਓਨਸ ਨੇ ਪੰਜਾਬ ਦੇ ਤਤਕਾਲੀ ਗਵਰਨਰ ਸੁਰਿੰਦਰ ਨਾਥ ਦੇ ਨਾਮ ਚਿੱਠੀ ਲਿਖੀ ਹੈ।

ਆਸਟਰੀਆ ਦੇ ਸ਼ਹਿਰ ਵਿਆਨਾ ਤੋਂ ਐਮਨੈਸਟੀ ਇੰਟਰਨੈਸ਼ਨਲ ਦੀ ਚਿੱਠੀ ਨੌਰਬਰਟ ਸਜ਼ਿਰਚ ਨੇ ਲਿਖੀ ਹੈ ਜਿਸ ਵਿੱਚ ਕਰਨਲ ਪ੍ਰਤਾਪ ਸਿੰਘ ਦੀ ਗ੍ਰਿਫ਼ਤਾਰੀ ਅਤੇ ਉਨ੍ਹਾਂ ਉੱਤੇ ਹੋ ਰਹੇ ਤਸ਼ੱਦਦ ਦਾ ਖ਼ਦਸ਼ਾ ਬਿਆਨ ਕਰਦੀ ਹੋਈ ਮਨੁੱਖੀ ਵਤੀਰੇ ਅਤੇ ਕਾਨੂੰਨੀ ਘੇਰੇ ਵਿੱਚ ਰਹਿਣ ਦੀ ਮੰਗ ਕਰਦੀ ਹੈ।

## ਮਨੁੱਖੀ ਪਛਾਣ ਨੂੰ ਪਹਿਲ

ਰਾਜਵਿੰਦਰ ਸਿੰਘ ਬੈਂਸ ਨੇ ਐਮਨੈਸਟੀ ਇੰਟਰਨੈਸ਼ਨਲ ਦੇ ਕਾਰਕੁੰਨਾਂ ਦੀਆਂ ਚਿੱਠੀਆਂ ਅਠਾਈ ਸਾਲਾਂ ਬਾਅਦ ਵੀ ਸਾਂਭ ਰੱਖੀਆਂ ਹਨ।

ਅਜੀਤ ਸਿੰਘ ਬੈਂਸ ਨੂੰ ਐਮਨੈਸਟੀ ਇੰਟਰਨੈਸ਼ਨਲ ਨੇ 'ਜ਼ਮੀਰ ਦਾ ਕੈਦੀ' ਕਰਾਰ ਦਿੱਤਾ ਸੀ। ਹੁਣ ਜਦੋਂਐਮਨੈਸਟੀ ਇੰਟਰਨੈਸ਼ਨਲ ਇੰਡੀਆ ਵਿੱਚ ਕੰਮ ਬੰਦ ਕੀਤਾ ਹੈ ਤਾਂ ਜਥੇਬੰਦੀ ਦੇ ਸਾਬਕਾ ਮੁਖੀ ਅਕਾਰ ਪਟੇਲ ਨੇ ਟਵਿੱਟਰ ਉੱਤੇ ਯਾਦ ਕਰਵਾਇਆ ਹੈ ਕਿ 1976 ਦੇ ਹੰਗਾਮੀ ਦੌਰ ਦੇ ਕੈਦੀਆਂ ਦੀ ਰਿਹਾਈ ਲਈ ਰਾਇ-ਬੰਦ ਕੀਤੀ ਗਈ ਸੀ।

ਉਸ ਵੇਲੇ ਵੀ ਐਮਨੈਸਟੀ ਇੰਟਰਨੈਸ਼ਨਲ ਨੇ ਕੈਦੀਆਂ ਨੂੰ 'ਜ਼ਮੀਰ ਦੇ ਕੈਦੀ' ਕਰਾਰ ਦਿੱਤਾ ਸੀ ਜਿਨ੍ਹਾਂ ਵਿੱਚ ਭਾਜਪਾ ਦੇ ਆਗੂ ਲਾਲ ਕ੍ਰਿਸ਼ਨ ਅਡਵਾਨੀ ਵੀ ਸ਼ਾਮਿਲ ਸਨ। ਜਨਤਾ ਦਲ ਦੀ ਸਰਕਾਰ ਬਣਨ ਤੋਂ ਬਾਅਦ ਵੀ ਬਹੁਤ ਸਾਰੇ ਕੈਦੀਆਂ ਨੂੰ ਰਿਹਾਅ ਨਹੀਂ ਕੀਤਾ ਗਿਆ ਸੀ ਤਾਂ ਉਨ੍ਹਾਂ ਕੈਦੀਆਂ ਨੂੰ ਵੀ 'ਜ਼ਮੀਰ ਦੇ ਕੈਦੀ' ਕਰਾਰ ਦਿੱਤਾ ਗਿਆ ਸੀ।

ਇਨ੍ਹਾਂ ਕੈਦੀਆਂ ਵਿੱਚ ਜ਼ਿਆਦਾਤਰ ਲੋਕ ਉੱਤਰ-ਪੂਰਬੀ ਰਾਜਾਂ ਅਤੇ ਨਕਸਲਬਾੜੀ ਲਹਿਰ ਨਾਲ ਜੁੜੇ ਹੋਏ ਸਨ ਜਿਨ੍ਹਾਂ ਬਾਬਤ ਆਨੰਦ ਪਟਵਰਧਨ ਨੇ ਦਸਤਾਵੇਜ਼ੀ ਫ਼ਿਲਮ ਬਣਾਈ ਸੀ। ਇਹੋ ਤਜਰਬਾ ਮੇਰੀ ਟੇਲਰ ਨੇ ਆਪਣੀ ਕਿਤਾਬ ਵਿੱਚ ਦਰਜ ਕੀਤਾ ਸੀ—ਭਾਰਤੀ ਜੇਲ੍ਹਾਂ ਵਿੱਚ ਮੇਰੇ ਸਾਲ।

## ਹਕੂਮਤੀ ਤਸ਼ੱਦਦ ਬਨਾਮ ਦਹਿਸ਼ਤਗਰਦੀ

ਜਮਹੂਰੀ ਅਧਿਕਾਰ ਸਭਾ ਦੇ ਸਕੱਤਰ ਪ੍ਰੋ. ਜਗਮੋਹਨ ਸਿੰਘ ਦਾ ਐਮਨੈਸਟੀ ਇੰਟਰਨੈਸ਼ਨਲ ਨਾਲ ਰਾਬਤਾ 1987-88 ਤੋਂ ਰਿਹਾ ਹੈ ਜਦੋਂ ਪੰਜਾਬ ਵਿੱਚ ਹਕੂਮਤੀ ਤਸ਼ੱਦਦ ਅਤੇ ਦਹਿਸ਼ਤਗਰਦੀ ਦਾ ਦੌਰ ਚੱਲ ਰਿਹਾ ਸੀ। ਪੰਜਾਬ ਵਿੱਚ ਪੁਲਿਸ ਤਸ਼ੱਦਦ, ਗ਼ੈਰ-ਕਾਨੂੰਨੀ ਹਿਰਾਸਤਾਂ, ਝੂਠੇ ਪੁਲਿਸ ਮੁਕਾਬਲਿਆਂ ਅਤੇ ਲਾਪਤਾ ਕੀਤੇ ਗਏ ਜੀਆਂ ਦੇ ਮਾਮਲੇ ਸਮਝਣ ਦੇ ਤਸ਼ੱਦਦ ਕਰਦੇ ਹੋਏ ਐਮਨੈਸਟੀ ਇੰਟਰਨੈਸ਼ਨਲ ਦੇ ਕਾਰਕੁੰਨਾਂ ਦਾ ਜਮਹੂਰੀ ਅਧਿਕਾਰ ਸਭਾ ਦੇ ਕਾਰਕੁੰਨਾਂ ਨਾਲ ਰਾਬਤਾ ਹੋਇਆ। ਉਸ ਰਾਬਤੇ ਬਾਬਤ ਪ੍ਰੋ. ਜਗਮੋਹਨ ਸਿੰਘ ਨੇ ਦੱਸਿਆ, "ਅਸੀਂ ਹਕੂਮਤੀ ਤਸ਼ੱਦਦ ਦੇ ਨਾਲ-ਨਾਲ ਦਹਿਸ਼ਤਗਰਦੀ ਦਾ ਮਾਮਲਾ ਵੀ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਕਿ ਮਨੁੱਖੀ ਹਕੂਕ ਦਾ ਘਾਣ ਦੋ ਪੱਖਾਂ ਤੋਂ ਹੋ ਰਿਹਾ ਹੈ।"

"ਉਨ੍ਹਾਂ ਦਿਨਾਂ ਵਿੱਚ ਅਖ਼ਬਾਰਾਂ ਵਿੱਚ ਕਤਲਾਂ ਦੀ ਜ਼ਿੰਮੇਵਾਰੀਆਂ ਲੈਣ ਦੀਆਂ ਖ਼ਬਰਾਂ/ਇਸ਼ਤਿਹਾਰ ਬਹੁਤ ਗਿਣਤੀ ਵਿੱਚ ਛਪਦੀਆਂ ਸਨ। ਹਕੂਮਤੀ ਵਧੀਕੀਆਂ ਦੇ ਨਾਲ ਐਮਨੈਸਟੀ ਇੰਟਰਨੈਸ਼ਨਲ ਨੇ ਦਹਿਸ਼ਤਗਰਦਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ ਲੋਕਾਂ ਦਾ ਜ਼ਿਕਰ ਵੀ ਕੀਤਾ।" ਐਮਨੈਸਟੀ ਇੰਟਰਨੈਸ਼ਨਲ ਨੇ ਪੰਜਾਬ ਬਾਬਤ ਆਪਣੀ ਰਪਟ 'ਇੰਡੀਆ: ਪੰਜਾਬ ਵਿੱਚ ਲਾਪਤਾ ਜੀਆਂ ਦੀ ਹੋਣੀ ਤੈਅ ਕਰਨਾ' ਅਕਤੂਬਰ 1995 ਵਿੱਚ ਛਾਪੀ ਤਾਂ ਉਸ ਵਿੱਚ ਦਰਜ ਕੀਤਾ, "ਇੰਡੀਆ ਦੇ ਸੂਬੇ ਪੰਜਾਬ ਵਿੱਚ ਅਣਗਿਣਤ ਲੋਕਾਂ ਦੇ 'ਲਾਪਤਾ' ਹੋਣ ਦੀਆਂ ਖ਼ਬਰਾਂ ਆਈਆਂ ਹਨ। ਉਨ੍ਹਾਂ ਦੇ ਰਿਸ਼ਤੇਦਾਰਾਂ ਅਤੇ ਸਨੇਹੀਆਂ ਨੂੰ ਉਨ੍ਹਾਂ ਦੀ ਮਹੀਨਿਆਂ ਜਾਂ ਸਾਲਾਂ ਤੋਂ ਕੋਈ ਖ਼ਬਰ ਨਹੀਂ ਹੈ। ਜਦੋਂ ਉਨ੍ਹਾਂ ਨੂੰ ਆਖ਼ਰੀ ਵਾਰ ਦੇਖਿਆ ਗਿਆ ਸੀ ਤਾਂ ਜ਼ਿਆਦਾਤਰ ਨੂੰ ਕਾਨੂੰਨ ਲਾਗੂ ਕਰਨ ਵਾਲੇ ਸਰਕਾਰੀ ਮੁਲਾਜ਼ਮ ਲਿਜਾ ਰਹੇ ਸਨ ਪਰ ਰਿਆਸਤ ਤਕਰੀਬਨ ਸਾਰੇ ਮਾਮਲਿਆਂ ਵਿੱਚ ਉਨ੍ਹਾਂ ਪੀੜਤਾਂ ਦੀ ਹੋਣੀ ਦੱਸਣ ਵਿੱਚ ਨਾਕਾਮਯਾਬ ਰਹੀ ਹੈ।

ਜਦੋਂ ਹਥਿਆਰਬੰਦ ਸਿੱਖ ਜਥੇਬੰਦੀਆਂ ਆਜ਼ਾਦ ਸਿੱਖ ਰਿਆਸਤ (ਖ਼ਾਲਿਸਤਾਨ) ਦੀ ਮੰਗ ਕਰ ਰਹੀਆਂ ਹਨ ਤਾਂ ਪੰਜਾਬ ਪੁਲਿਸ ਨੇ 1983 ਤੋਂ ਬਾਅਦ ਹਜ਼ਾਰਾਂ ਬੰਦਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਥੇਬੰਦੀਆਂ ਬਹੁਤ ਸਾਰੀਆਂ ਵਧੀਕੀਆਂ ਨੂੰ ਅੰਜਾਮ ਦੇਣ ਲਈ ਜ਼ਿੰਮੇਵਾਰ ਹਨ ਜਿਨ੍ਹਾਂ ਵਿੱਚ ਹਜ਼ਾਰਾਂ ਸ਼ਹਿਰੀਆਂ ਦੇ ਜਾਣਬੁਝ ਅਤੇ ਮਨਆਈਆਂ ਕਰਦੇ ਹੋਏ ਕੀਤੇ ਕਤਲ, ਬੰਬ ਚਲਾਉਣ, ਅਗਵਾ ਕਰਨ ਅਤੇ ਖ਼ੂਨ ਕਰਨ ਦੀਆਂ ਵਾਰਦਾਤਾਂ ਸ਼ਾਮਿਲ ਹਨ।" ਇਸੇ ਰਪਟ ਵਿੱਚ ਐਮਨੈਸਟੀ ਇੰਟਰਨੈਸ਼ਨਲ ਦੀ ਦਸੰਬਰ 1992 ਦੀ ਛਾਪੀ ਰਪਟ, 'ਗ਼ੈਰ-ਕੁਦਰਤੀ ਹੋਣੀ: ਇੰਡੀਆ ਦੇ ਸੂਬੇ ਜੰਮੂ ਅਤੇ ਕਸ਼ਮੀਰ ਅਤੇ ਪੰਜਾਬ ਵਿੱਚ 'ਲਾਪਤਾ ਜੀਅ' ਅਤੇ ਸਜ਼ਾ ਤੋਂ ਕਿਨਾਰਾਕਸ਼ੀ' ਦਾ ਜ਼ਿਕਰ ਹੈ। ਰਪਟ ਵਿੱਚ ਪੰਜਾਬ ਵਿੱਚ ਹੋਈਆਂ ਪੁਲਿਸ ਵਧੀਕੀਆਂ ਦੀ ਤਫ਼ਸੀਲ ਹੈ ਅਤੇ ਜਸਵੰਤ ਸਿੰਘ ਖਾਲੜਾ ਦੇ ਸਮੁੱਚੇ ਮਾਮਲੇ ਦਾ ਜ਼ਿਕਰ ਉਘੜਵੇਂ ਰੂਪ ਵਿੱਚ ਹੋਇਆ ਹੈ। ਜਸਵੰਤ ਸਿੰਘ ਖਾਲੜਾ ਦੀ ਤਿਆਰ ਕੀਤੀ ਹੋਈ ਲਾਵਾਰਿਸ਼ ਲਾਸ਼ਾਂ ਵਾਲੀ ਰਪਟ ਦਾ ਜ਼ਿਕਰ ਤਫ਼ਸੀਲ ਨਾਲ ਕੀਤਾ ਗਿਆ ਹੈ। ਨਿਚੋੜ ਵਿੱਚ ਲਿਖਿਆ ਗਿਆ ਹੈ, "ਐਮਨੈਸਟੀ ਇੰਟਰਨੈਸ਼ਨਲ ਨੂੰ ਯਕੀਨ ਹੈ ਕਿ ਪੰਜਾਬ ਵਿੱਚ ਪੁਲਿਸ ਨੂੰ ਮਨੁੱਖੀ ਹਕੂਕ ਦੇ ਘਾਣ ਦੀ ਖੁੱਲ੍ਹੀ ਛੁੱਟੀ ਦਿੱਤੀ ਗਈ ਹੈ ਅਤੇ ਨਾਲ ਹੀ ਸਜ਼ਾ ਤੋਂ ਛੋਟ ਦਿੱਤੀ ਗਈ ਹੈ। ਜਥੇਬੰਦੀ ਇਹ ਸਮਝਦੀ ਹੈ ਕਿ ਇੰਡੀਆ ਦੀ ਰਿਆਸਤ ਨੂੰ ਪੰਜਾਬ ਵਿੱਚ ਬੇਕਿਰਕ ਅਤੇ ਹਿੰਸਕ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ ਪਰ ਇਹ ਕਦੇ ਕਬੂਲ ਨਹੀਂ ਕੀਤਾ ਜਾ ਸਕਦਾ ਕਿ ਅਜਿਹੇ ਧੜਿਆਂ ਦੇ ਖ਼ਿਲਾਫ਼ ਲੜਦੇ ਹੋਏ ਸਰਕਾਰੀ ਮੁਲਾਜ਼ਮ ਮਨੁੱਖੀ ਹਕੂਕ ਦਾ ਘਾਣ ਕਰਨ।"

## ਐਮਨੈਸਟੀ ਇੰਟਰਨੈਸ਼ਨਲ ਬਨਾਮ ਸਰਕਾਰ

ਐਮਨੈਸਟੀ ਇੰਟਰਨੈਸ਼ਨਲ ਦੇ ਮੌਜੂਦਾ ਫ਼ੈਸਲੇ ਦਾ ਪਿਛੋਕੜ ਕਈ ਸਾਲਾਂ ਦੀਆਂ ਘਟਨਾਵਾਂ ਦੀ ਲੜੀ ਨਾਲ ਜੁੜਿਆ ਹੋਇਆ ਹੈ। ਅਗਸਤ 2016 ਵਿੱਚ ਐਮਨੈਸਟੀ ਇੰਡੀਆ ਖ਼ਿਲਾਫ਼ ਇਲਜ਼ਾਮ ਲੱਗੇ ਸਨ ਕਿ ਉਨ੍ਹਾਂ ਦੇ ਇੱਕ ਸਮਾਗਮ ਵਿੱਚ ਇੰਡੀਆ ਵਿਰੋਧੀ ਨਾਅਰੇ ਲੱਗੇ ਸਨ। ਤਿੰਨ ਸਾਲਾਂ ਬਾਅਦ ਅਦਾਲਤ ਨੇ ਇਹ ਇਲਜ਼ਾਮ ਖਾਰਜ ਕਰ ਦਿੱਤੇ ਸਨ। ਅਕਤੂਬਰ 2018 ਵਿੱਚ ਇਸ ਜਥੇਬੰਦੀ ਦੇ ਦਫ਼ਤਰ ਉੱਤੇ ਇਨਫੋਰਸਮੈਂਟ ਡਾਈਰੈਕਟੋਰੇਟ ਨੇ ਛਾਪਾ ਮਾਰਿਆ ਸੀ। ਇਸ ਤੋਂ ਬਾਅਦ ਜਥੇਬੰਦੀ ਦੇ ਖ਼ਾਤੇ ਬੰਦ ਕਰ ਦਿੱਤੇ ਗਏ ਸਨ ਜੋ ਬਾਅਦ ਵਿੱਚ ਅਦਾਲਤ ਦੀ ਦਖ਼ਲਅੰਦਾਜ਼ੀ ਨਾਲ ਖੁੱਲ੍ਹਵਾਏ ਗਏ ਸਨ। ਇਸ ਤੋਂ ਬਾਅਦ 2019 ਦੇ ਸ਼ੁਰੂ ਵਿੱਚ ਜਥੇਬੰਦੀ ਨੇ ਦਾਅਵਾ ਕੀਤਾ ਸੀ ਕਿ ਇਸ ਨੂੰ ਦਾਨ ਕਰਨ ਵਾਲੇ ਲੋਕਾਂ ਨੂੰ ਆਮਦਨ ਟੈਕਸ ਮਹਿਕਮੇ ਨੇ ਚਿੱਠੀਆਂ ਪਾਈਆਂ ਸਨ। ਗ੍ਰਹਿ ਮੰਤਰਾਲੇ ਦੇ ਦਰਜ ਕੀਤੇ ਮੁਕੱਦਮੇ ਤੋਂ ਬਾਅਦ ਜਥੇਬੰਦੀ ਦੇ ਦਫ਼ਤਰਾਂ ਉੱਤੇ ਸੀ.ਬੀ.ਆਈ. ਨੇ ਛਾਪੇ ਮਾਰੇ ਸਨ।

## ਸਰਕਾਰਾਂ ਅਤੇ ਮਨੁੱਖੀ ਹਕੂਕ ਜਥੇਬੰਦੀਆਂ

ਸਰਕਾਰਾਂ ਨੂੰ ਕੌਮਾਂਤਰੀ ਪੱਧਰ ਉੱਤੇ ਕੰਮ ਕਰਦੀਆਂ ਮਨੁੱਖੀ ਹਕੂਕ ਜਥੇਬੰਦੀਆਂ ਨਾਲ ਲਗਾਤਾਰ ਔਖ ਰਹੀ ਹੈ। ਵਿਦੇਸ਼ੀ ਪੈਸੇ ਨਾਲ ਚੱਲਣ ਵਾਲੀਆਂ ਪਰ ਮੁਨਾਫ਼ਾ ਨਾ ਕਮਾਉਣ ਵਾਲੀਆਂ ਜਥੇਬੰਦੀਆਂ ਤੋਂ ਜ਼ਿਆਦਾ ਔਖ ਰਹੀ ਹੈ। ਗਰਸ ਦੀ ਅਗਵਾਈ ਵਾਲੀ ਸਾਂਝੇ ਮੋਰਚੇ ਦੀ ਸਰਕਾਰ ਨੇ ਵੀ ਐਮਨੈਸਟੀ ਨੂੰ ਵਿਦੇਸ਼ੀ ਪੈਸੇ ਲੈਣ ਲਈ ਲੋੜੀਂਦੇ ਲਾਈਸੈਂਸ ਨੂੰ ਕਈ ਵਾਰ ਰੱਦ ਕੀਤਾ ਸੀ ਜਿਸ ਕਾਰਨ ਜਥੇਬੰਦੀ ਦਾ ਕੰਮ ਕੁਝ ਦੇਰ ਲਈ ਇੰਡੀਆ ਵਿੱਚ ਮੁਅੱਤਲ ਕਰ ਦਿੱਤਾ ਗਿਆ ਸੀ। ਮੌਜੂਦਾ ਹਾਲਾਤ ਬਾਬਤ ਜਥੇਬੰਦੀ ਦੇ ਰਜਤ ਖੋਸਲਾ ਦਾ ਕਹਿਣਾ ਹੈ, "ਇਸ ਤਰ੍ਹਾਂ ਦੀ ਕਾਰਵਾਈ ਤੋਂ ਬਾਅਦ ਇੰਡੀਆ ਕੋਈ ਚੰਗੀ ਸੰਗਤ ਵਿੱਚ ਨਹੀਂ ਆ ਜਾਂਦਾ।" "ਅਸੀਂ ਸੱਤਰ ਤੋਂ ਜ਼ਿਆਦਾ ਮੁਲਕਾਂ ਵਿੱਚ ਕੰਮ ਕਰਦੇ ਹਾਂ। ਇਸ ਤੋਂ ਪਹਿਲਾਂ ਸਾਡੇ ਕੰਮ ਨੂੰ ਬੰਦ ਕਰਨ ਦੀ ਮਜਬੂਰੀ ਪੈਦਾ ਕਰਨ ਵਾਲਾ ਇੱਕੋ-ਇੱਕ ਮੁਲਕ ਰੂਸ ਸੀ ਜਿਸ ਨੇ ਅਜਿਹੇ ਹਾਲਾਤ 2016 ਵਿੱਚ ਪੈਦਾ ਕੀਤੇ ਸਨ।" ਉਨ੍ਹਾਂ ਅੱਗੇ ਕਿਹਾ, "ਅਸੀਂ ਆਸ ਕਰਦੇ ਹਾਂ ਕਿ ਦੁਨੀਆ ਭਰ ਦੇ ਲੋਕ ਇਸ ਮਾਮਲੇ ਦਾ ਧਿਆਨ ਧਰਨਗੇ। ਅਸੀਂ ਬਹੁਤ ਭਾਰੀ ਮਨ, ਦੁੱਖ ਅਤੇ ਅਫ਼ਸੋਸ ਨਾਲ ਕਰ ਰਹੇ ਹਾਂ।"

- ਧੰਨਵਾਦ ਸਹਿਤ ਬੀਬੀਸੀ ਪੰਜਾਬੀ

# ਕੁਰਸੀ ਦੇ ਫ਼ਿਕਰ ਨਾਲ ਚੱਲਦੀ ਸਿਆਸਤ

ਲੇਖਕ : ਮਨਮੋਹਨ ਸਿੰਘ ਖੇਲਾ
ਸੰਪਰਕ: +61-432-548-855



ਇਸ ਵਿੱਚ ਕੋਈ ਸ਼ੱਕ ਨਹੀਂ ਅਤੇ ਨਾ ਹੀ ਕੋਈ ਦੋ ਰਾਵਾਂ ਹਨ ਕਿ ਅਸੀਂ ਮੱਧ ਵਰਗੀ ਪੰਜਾਬੀਆਂ ਨੇ ਪੰਜਾਬ ਵਿੱਚ ਰਹਿੰਦਿਆਂ ਗਰੀਬੀ, ਰੁਜ਼ਗਾਰ ਦੇ ਸਾਧਨਾਂ ਦੀ ਘਾਟ, ਸਾਲ-ਦਰ-ਸਾਲ ਇਨਸਾਫ ਨਾ ਮਿਲਣ, ਜੀਵਨ ਦੀ ਕੋਈ ਵੀ ਸੁਰੱਖਿਆ ਗਰੰਟੀ ਨਾ ਹੋਣ, ਸਰਕਾਰੀ ਦਫਤਰੀ ਢਾਂਚੇ ਵਿੱਚ ਉਪਰੋਂ ਹੇਠ ਤੱਕ ਸਾਰਾ ਹੀ ਦਫਤਰੀ ਤਾਣਾ-ਬਾਣਾ ਭ੍ਰਿਸ਼ਟਾਚਾਰ ਰਿਸ਼ਵਤਖੋਰੀ ਵਿੱਚ ਡੁੱਬਿਆ ਹੋਣ ਅਤੇ ਕਰਜ਼ਿਆਂ ਦੀ ਮਾਰ ਨਾ ਸਹਿੰਦਿਆਂ ਹੋਇਆਂ ਨੇ ਬੱਚਿਆਂ ਨੂੰ ਵਿਦੇਸ਼ਾਂ ਵੱਲ ਭੇਜਣਾ ਸ਼ੁਰੂ ਕੀਤਾ। ਉੱਥੇ ਜਾ ਕੇ ਉਨ੍ਹਾਂ ਅੰਦਰ ਪੜ੍ਹਨ ਦੇ ਨਾਲ-ਨਾਲ ਸਖਤ ਮਿਹਨਤ ਅਤੇ ਕੰਮ ਕਰਨ ਲਈ ਆਤਮ-ਵਿਸ਼ਵਾਸ ਵੀ ਵਧਿਆ। ਪੰਜਾਬ ਵਿੱਚ ਰਹਿੰਦੇ ਕਈ ਬੱਚੇ ਤਾਂ ਵਿਆਹ ਹੋਣ ਬਾਅਦ ਆਪਣੇ ਬੱਚਿਆਂ ਦੇ ਬਾਪ ਬਣਨ ਤੱਕ ਵੀ ਮਾਪਿਆਂ 'ਤੇ ਨਿਰਭਰ ਰਹਿੰਦੇ ਹਨ!

ਹੁਣ ਤਾਂ ਵੱਡਾ ਸਵਾਲ ਇਹ ਹੈ ਕਿ ਆਜ਼ਾਦੀ ਮਿਲਣ ਦੇ ਸਾਢੇ ਸੱਤ ਦਹਾਕੇ ਬੀਤ ਜਾਣ ਬਾਅਦ ਵੀ ਕੀ ਅਸੀਂ ਕੋਈ ਸੁਧਾਰ ਕਰਵਾ ਵੀ ਸਕਾਂਗੇ ਜਾਂ ਨਹੀਂ? ਕੀ ਅਸੀਂ ਵਿਦੇਸ਼ ਜਾ ਰਹੇ ਬੱਚਿਆਂ ਨੂੰ ਇੱਥੇ ਨੌਕਰੀਆਂ ਨਹੀਂ ਦਿਵਾ ਸਕਾਂਗੇ? ਕੀ ਭ੍ਰਿਸ਼ਟ ਤਾਣੇ-ਬਾਣੇ ਨੂੰ ਸੁਧਾਰ ਨਹੀਂ ਸਕਾਂਗੇ? ਇੰਨੇ ਸਾਲਾਂ ਬਾਅਦ ਕਿਸਾਨੀ ਸੰਘਰਸ਼ ਦੀ ਜਿੱਤ ਨਾਲ ਆਸ ਬੱਝੀ ਸੀ ਕਿ ਹੁਣ ਪੰਜਾਬ ਦੀ ਤਕਦੀਰ ਬਦਲਣ ਅਤੇ ਖੁਸ਼ਹਾਲੀ ਲਿਆਉਣ ਦਾ ਸਮਾਂ ਆ ਗਿਆ ਹੈ। ਇੱਕ ਵਾਰ ਤਾਂ ਲੱਗਣ ਲੱਗ ਪਿਆ ਸੀ ਕਿ ਹੁਣ ਵਿਦੇਸ਼ਾਂ ਵਾਂਗ ਬਦਲਦੇ ਯੁੱਗ ਦੀਆਂ ਸਾਰੀਆਂ ਸਹੂਲਤਾਂ ਮਾਣਦਾ ਪੰਜਾਬ ਵੀ ਸਿਖਿਆਵਾਨ ਹੋ ਕੇ ਸੂਝਵਾਨ ਬਣ ਗਿਆ ਹੈ ਪਰ ਸਿਆਸੀ ਪਾਰਟੀਆਂ ਦੇ ਲੀਡਰਾਂ ਨੇ ਇਸ ਨੂੰ ਫਿਰ ਉਸੇ ਥਾਂ ਲਿਆ ਖੜ੍ਹਾ ਕੀਤਾ ਹੈ। ਚੋਣਾਂ ਆਉਂਦੀਆਂ ਹਨ ਤਾਂ ਲੋਕਾਂ ਨਾਲ ਵਾਅਦੇ ਕੀਤੇ ਜਾਂਦੇ ਹਨ, ਮੁਫਤ ਸਹੂਲਤਾਂ ਦੇ ਲਾਰੇ ਲਾਏ ਜਾਂਦੇ ਹਨ; ਹੋਰ ਤਾਂ ਹੋਰ, ਲੋਕਾਂ ਨੂੰ ਸਿਰਫ 'ਤੇ ਸਿਰਫ ਗਲੀਆਂ ਨਾਲੀਆਂ ਦੇ ਵਿਕਾਸ ਵਾਲੇ ਚੱਕਰਵਿਊਹ ਵਿੱਚ ਪਾ ਦਿੱਤਾ ਜਾਂਦਾ ਹੈ। ਚੋਣ ਜ਼ਾਬਤੇ ਤੋਂ ਐਨ ਪਹਿਲਾਂ ਕੀ ਗਰਾਂਟਾਂ ਵੰਡਣੀਆਂ ਅਸਲ ਵਿਕਾਸ ਹੁੰਦਾ ਹੈ? ਕੀ ਇਹ ਲੋਕਾਂ ਨਾਲ ਕੋਝਾ ਮਜ਼ਾਕ ਨਹੀਂ? ਇਹ ਵਿਕਾਸ ਗਰਾਂਟਾਂ ਪੰਜ ਸਾਲ ਦੇ ਪਹਿਲੇ ਸਾਲਾਂ ਦੌਰਾਨ ਵੀ ਤਾਂ ਦਿੱਤੀਆਂ ਜਾ ਸਕਦੀਆਂ ਹਨ। ਇਹ ਕਿਸੇ ਇੱਕ ਪਾਰਟੀ ਦੀ ਗੱਲ ਨਹੀਂ, ਕੁੱਲ ਮਿਲਾ ਕੇ ਸਾਰੀਆਂ ਹੀ ਪਾਰਟੀਆਂ ਦਾ ਵਿਹਾਰ ਇਹੀ ਰਹਿੰਦਾ ਹੈ। ਭੋਲੇ ਭਾਲੇ ਲੋਕ ਇਨ੍ਹਾਂ ਦੀਆਂ ਲੱਛੇਦਾਰ ਗੱਲਾਂ ਵਿੱਚ ਫਸ ਜਾਂਦੇ ਹਨ, ਇਨ੍ਹਾਂ ਨੂੰ ਸੱਤਾ ਦੀਆਂ ਕੁਰਸੀਆਂ 'ਤੇ ਬਿਠਾ ਦਿੰਦੇ ਹਨ ਅਤੇ ਫਿਰ ਆਪ ਇਨ੍ਹਾਂ ਦੀ ਲੁੱਟ ਦਾ ਸ਼ਿਕਾਰ ਹੁੰਦੇ ਰਹਿੰਦੇ ਹਨ।

ਪਿੰਡਾਂ ਸ਼ਹਿਰਾਂ ਸਮੇਤ ਸਬੰਧਿਤ ਸੂਬੇ ਅਤੇ ਦੇਸ਼ ਦਾ ਵਿਕਾਸ ਸੱਤਾ ਸੰਭਾਲੀ ਬੈਠੀਆਂ ਸਿਆਸੀ ਧਿਰਾਂ ਨੇ ਕਰਵਾਉਣਾ ਹੁੰਦਾ ਹੈ; ਇਹ ਉਨ੍ਹਾਂ ਦੀ ਨੈਤਿਕ ਜ਼ਿੰਮੇਵਾਰੀ ਵੀ ਹੈ ਅਤੇ ਮੁੱਢਲਾ ਫ਼ਰਜ਼ ਵੀ। ਇਹ ਕੋਈ ਜਨਤਾ ਉੱਤੇ ਅਹਿਸਾਨ ਨਹੀਂ ਹੁੰਦਾ, ਇਹ ਕਿਹੜਾ ਇਹ ਸਾਰਾ ਕੁਝ ਆਪਣੇ ਕੋਲੋਂ ਜਾਂ ਆਪਣੀ ਜੇਬ ਵਿੱਚੋਂ ਕਰਦੇ ਹਨ। ਲੋਕ ਟੈਕਸ ਦੇ ਰੂਪ ਵਿਚ ਸਰਕਾਰ ਦਾ ਖਜ਼ਾਨਾ ਭਰਦੇ ਹਨ, ਇਹ ਸਾਰਾ ਪੈਸਾ ਸਾਰਿਆਂ ਦਾ ਸਾਂਝਾ ਹੁੰਦਾ ਹੈ। ਇਹ ਪੈਸਾ ਪਿੰਡਾਂ ਸ਼ਹਿਰਾਂ ਨੂੰ ਬਦਲਦੇ ਸਮੇਂ ਅਨੁਸਾਰ ਬਣਾਉਣ ਲਈ ਖਰਚਿਆ ਜਾਣਾ ਚਾਹੀਦਾ ਹੈ ਪਰ ਸੱਤਾ ਮਾਨਣ ਵਾਲੇ ਆਪਣੀ ਮਰਜ਼ੀ ਨਾਲ ਗਰਾਂਟਾਂ ਅਲਾਟ ਕਰਦੇ ਹਨ ਅਤੇ ਉਪਰ ਤੋਂ ਲੈ ਕੇ ਹੇਠਾਂ ਤੱਕ ਕਥਿਤ ਗੰਢ-ਤੁੱਪ ਕਰ ਕੇ ਆਮ ਜਨਤਾ ਨੂੰ ਮੂਰਖ ਬਣਾਉਂਦੇ ਹਨ। ਹਕੀਕਤ ਇਹੀ ਹੈ ਕਿ ਜਨਤਾ ਦਾ ਪੈਸਾ ਜਨਤਾ ਲਈ ਸਹੀ ਢੰਗ ਨਾਲ ਖਰਚਿਆ ਨਹੀਂ ਜਾ ਰਿਹਾ।

ਪੰਜਾਬੀਆਂ ਦੀ ਹੋ ਰਹੀ ਲੁੱਟ ਨੂੰ ਹੁਣ ਬਹੁਤ ਲੰਮਾ ਸਮਾਂ ਹੋ ਗਿਆ ਹੈ। ਇਹ ਲੁੱਟ ਬੰਦ ਹੋਣ ਦੇ ਕੋਈ ਆਸਾਰ ਵੀ ਨਜ਼ਰ ਨਹੀਂ ਆ ਰਹੇ। ਇਹ ਸਭ ਸਿਆਸੀ ਆਗੂਆਂ ਦੀ ਕਥਿਤ ਮਾੜੀ ਪਹੁੰਚ ਕਰ ਕੇ ਹੋ ਰਿਹਾ ਹੈ। ਹੁਣ ਤਾਂ ਹੋਰ ਵਰਤਾਰਾ ਆਰੰਭ ਹੋ ਗਿਆ ਹੈ। ਜੇ ਕਿਸੇ ਲੀਡਰ ਨੂੰ ਪਾਰਟੀ ਟਿਕਟ ਨਹੀਂ ਮਿਲਦੀ ਤਾਂ ਉਹ ਬਿਨਾ ਕਿਸੇ ਦੀ ਪ੍ਰਵਾਹ ਕੀਤਿਆਂ, ਸਾਰੇ ਅਸੂਲ ਛਿੱਕੇ ਟੰਗ ਕੇ ਦੂਜੀ ਪਾਰਟੀ ਵਿੱਚ ਚਲਾ ਜਾਂਦਾ ਹੈ। ਹੁਣ ਕੁਝ ਮਿਸਾਲਾਂ ਤਾਂ ਅਜਿਹੀਆਂ ਵੀ ਸਾਹਮਣੇ ਆਈਆਂ ਹਨ ਕਿ ਪਾਰਟੀ ਦੀ ਟਿਕਟ ਹਾਸਲ ਕਰਨ ਤੋਂ ਬਾਅਦ ਵੀ ਕੁਝ ਆਗੂ ਦਲ ਬਦਲੀ ਕਰ ਗਏ। ਇਹ ਲੋਕ ਪਹਿਲਾਂ ਜਿਸ ਨੂੰ ਬੁਰਾ ਭਲਾ ਕਹਿੰਦੇ ਸਨ, ਫਿਰ ਉਸੇ ਦੀਆਂ ਸਿਫਤਾਂ ਦੇ ਪੁਲ ਬੰਨ੍ਹਣ ਲੱਗ ਪੈਂਦੇ ਹਨ। ਅਸਲ ਵਿਚ ਇਨ੍ਹਾਂ ਲੋਕਾਂ ਨੂੰ ਸਿਰਫ ਕੁਰਸੀ ਹੀ ਪਿਆਰੀ ਹੁੰਦੀ ਹੈ।

ਕਾਸ਼! ਇਨ੍ਹਾਂ ਲੋਕਾਂ ਨੇ ਗੁਰੂ ਸਾਹਿਬਾਨ ਵਾਲਾ ਇਤਿਹਾਸ ਪੜ੍ਹਿਆ ਹੁੰਦਾ; ਸ਼ਹੀਦ ਭਾਈ ਸਤੀ ਦਾਸ, ਸ਼ਹੀਦ ਭਾਈ ਮਤੀ ਦਾਸ ਭਾਈ ਦਿਆਲਾ ਜੀ ਸਮੇਤ ਅਣਗਿਣਤ ਸ਼ਹੀਦਾਂ ਦਾ ਇਤਿਹਾਸ ਪੜ੍ਹਿਆ ਹੁੰਦਾ। ਸਿਰੜੀ ਮਾਵਾਂ ਆਪਣੇ ਬੱਚਿਆਂ ਦੇ ਟੋਟੇ ਕਰਵਾ ਕੇ ਵੀ ਅਡੋਲ ਰਹੀਆਂ। ਸਾਹਿਬਜ਼ਾਦਿਆਂ ਨੂੰ ਵੀ ਬਹੁਤ ਤਰ੍ਹਾਂ ਦੇ ਲਾਲਚ ਦਿੱਤੇ ਗਏ ਪਰ ਉਨ੍ਹਾਂ ਆਪਣਾ ਸਿਦਕ ਕਾਇਮ ਰੱਖਿਆ ਅਤੇ ਸਾਹਮਣੇ ਖੜ੍ਹੀ ਮੌਤ ਤੋਂ ਵੀ ਘਬਰਾਏ ਨਹੀਂ। ਅਣਗਿਣਤ ਯੋਧਿਆਂ ਨੇ ਰਾਜ ਸੱਤਾ ਨੂੰ ਸੁਧਾਰਨ ਖ਼ਾਤਿਰ ਕੁਰਸੀਆਂ ਨੂੰ ਠੋਕਰ ਮਾਰੀ, ਕਰਬਾਨੀਆਂ ਦਿੱਤੀਆਂ। ਪਹਿਲੇ ਪਾਤਿਸ਼ਾਹ ਗੁਰੂ ਨਾਨਕ ਦੇਵ ਜੀ ਨੇ ਬਾਦਸ਼ਾਹ ਬਾਬਰ ਨੂੰ ਜਾਬਰ ਕਿਹਾ। ਸਾਡਾ ਗੱਚ ਭਰ ਆਵੇਗਾ ਅਤੇ ਅੱਖਾਂ ਨਮ ਹੋ ਜਾਣਗੀਆਂ ਜੇ ਅਸੀਂ ਸ਼ਹੀਦ ਭਗਤ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਸਮੇਤ ਕੈਨੇਡਾ ਅਮਰੀਕਾ ਦੀ ਧਰਤੀ ਤੋਂ ਉੱਠੀ ਗਦਰ ਲਹਿਰ ਅਤੇ ਪੰਜਾਬ ਵਿਚ ਚੱਲੀ ਬੱਬਰ ਲਹਿਰ ਦੀ ਗੱਲ ਕਰੀਏ... ਇਨ੍ਹਾਂ ਯੋਧਿਆਂ ਦੀਆਂ ਜਾਇਦਾਦਾਂ ਜ਼ਬਤ ਹੋਈਆਂ, ਕਾਲੇ ਪਾਣੀਆਂ ਦੀਆਂ ਸਜ਼ਾਵਾਂ ਹੋਈਆਂ, ਲੰਮੀਆਂ ਜੇਲ੍ਹਾਂ ਕੱਟੀਆਂ, ਫਾਂਸੀਆਂ 'ਤੇ ਚੜ੍ਹੇ ਪਰ ਇਨ੍ਹਾਂ ਅਤੇ ਇਨ੍ਹਾਂ ਦੇ ਕਿਸੇ ਵੀ ਵਾਰਿਸ ਅੰਦਰ ਕਿਸੇ ਵੀ ਤਰ੍ਹਾਂ ਦੀ ਸਿਆਸੀ ਭੁੱਖ ਨਹੀਂ ਸੀ। ਅੱਜ ਦੇ ਸਿਆਸੀ ਨੇਤਾ ਸਿਰਫ ਕੁਰਸੀ ਦੀ ਦੌੜ ਲਈ ਕੱਪੜਿਆਂ ਵਾਂਗ ਪਾਰਟੀਆਂ ਬਦਲ ਰਹੇ ਹਨ। ਇਸ ਲਈ ਹੁਣ ਜਾਗੋ ਅਤੇ ਉਠੋ ਤਾਂ ਕਿ ਸਾਰਿਆਂ ਵੱਲੋਂ ਮਿਲ ਕੇ ਪਾਰਟੀਆਂ ਉੱਤੇ ਦਬਾਓ ਬਣਾਇਆ ਜਾ ਸਕੇ ਕਿ ਪਾਰਟੀ ਬਦਲਣ ਵਾਲੇ ਕਿਸੇ ਵੀ ਨੇਤਾ ਤੇ ਵਰਕਰ ਨੂੰ ਕੋਈ ਵੀ ਸਿਆਸੀ ਪਾਰਟੀ 10-15 ਸਾਲ ਤੱਕ ਪਾਰਟੀ ਜਾਂ ਸਰਕਾਰ ਵਿੱਚ ਕੋਈ ਅਹੁਦਾ ਨਾ ਦੇਵੇ।

ਇਸ ਲਈ ਹੁਣੇ ਜਾਗਣ ਦਾ ਵੇਲਾ ਹੈ। ਸਿਆਸੀ ਆਗੂਆਂ ਦੀਆਂ ਮੁਫਤ ਸਹੂਲਤਾਂ ਬਾਰੇ ਲੱਛੇਦਾਰ ਤਕਰੀਰਾਂ ਸੁਣ ਕੇ ਸਵਾਲ ਕਰੋ; ਕਹੋ ਕਿ ਸਾਨੂੰ ਮੁਫਤ ਵਿੱਚ ਕੁਝ ਨਹੀਂ ਚਾਹੀਦਾ; ਇਉਂ ਤਾਂ ਸਾਡੇ ਟੈਕਸ ਨਾਲ ਭਰਿਆ ਖਜ਼ਾਨਾ ਖਾਲੀ ਹੁੰਦਾ ਜਾਵੇਗਾ; ਇਉਂ ਕਰਜ਼ਾ ਵੀ ਵਧਦਾ ਜਾਵੇਗਾ। ਲੋਕਾਂ ਨੂੰ ਮੁਫਤ ਬਿਜਲੀ ਨਹੀਂ ਚਾਹੀਦੀ, ਸਾਨੂੰ ਨਿਰਵਿਘਨ ਬਿਜਲੀ ਸਪਲਾਈ ਦੀ ਲੋੜ ਹੈ। ਸਕੂਲਾਂ ਵਿਚ ਬੱਚਿਆਂ ਦੀ ਗਿਣਤੀ, ਵਿਸ਼ੇ ਅਤੇ ਕਲਾਸਾਂ ਅਨੁਸਾਰ ਅਧਿਆਪਕ ਚਾਹੀਦੇ ਹਨ। ਅਧਿਆਪਕਾਂ ਤੋਂ ਸਿਰਫ ਪੜ੍ਹਾਈ ਦਾ ਕੰਮ ਹੀ ਕਰਵਾਇਆ ਜਾਵੇ। ਬੱਚਿਆਂ ਦੇ ਯੋਗਤਾ ਟੈਸਟ ਹਰ ਤਿੰਨ ਮਹੀਨੇ ਬਾਅਦ ਕਰਵਾਏ ਜਾਣ। ਸਕੂਲਾਂ ਦੀ ਹਰ ਜਮਾਤ ਦੇ ਹਰ ਬੱਚੇ ਦਾ ਸਿੱਖਿਆ ਪੱਧਰ ਚੈੱਕ ਕਰਨ ਲਈ ਮੁਆਇਨਾ ਹੋਵੇ। ਇਸ ਕਾਰਜ ਦਾ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਣ ਲੱਗਾ ਪਰ ਸ਼ਰਤ ਇਹ ਹੈ ਕਿ ਅਧਿਆਪਕਾਂ ਤੋਂ ਕਿਸੇ ਵੀ ਤਰ੍ਹਾਂ ਦਾ ਗੈਰ-ਵਿਦਿਅਕ ਕੰਮ ਨਾ ਕਰਵਾਇਆ ਜਾਵੇ। ਇਸ ਨਾਲ ਵਿਦਿਆ ਦਾ ਮਿਆਰ ਉੱਚਾ ਹੋ ਸਕੇਗਾ।

ਇਸ ਦੇ ਨਾਲ ਹੀ ਹਰ ਇੱਕ ਲਈ ਵਧੀਆ ਸਿਹਤ ਸਹੂਲਤਾਂ ਮਿਲਣੀਆਂ ਜ਼ਰੂਰੀ ਬਣਾਈਆਂ ਜਾਣ। ਸਰਕਾਰੀ ਦਫਤਰਾਂ ਵਿੱਚ ਬੈਠੇ ਅਫਸਰਾਂ ਸਮੇਤ ਸਾਰੇ ਕਰਮਚਾਰੀਆਂ ਉੱਤੇ ਰਿਸ਼ਵਤਖੋਰੀ ਕਰਨ ਲਈ ਦਬਾਅ ਬਣਾਇਆ ਜਾਵੇ। ਪੜ੍ਹੇ-ਲਿਖੇ ਬੱਚਿਆਂ ਨੂੰ ਰੁਜ਼ਗਾਰ ਦਿੱਤੇ ਜਾਣ ਦੀ ਗਰੰਟੀ ਦਿੱਤੀ ਜਾਵੇ। ਹਰ ਫ਼ਸਲ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਅਨੁਸਾਰ ਖਰੀਦ ਦੀ ਗਰੰਟੀ ਦਿੱਤੀ ਜਾਵੇ। ਮਜ਼ਦੂਰਾਂ ਦੇ ਦਿਹਾੜੀ ਰੇਟ ਪੱਕੇ ਹੋਣੇ ਚਾਹੀਦੇ ਹਨ। ਕੁਦਰਤੀ ਆਫਤਾਂ ਦੁਆਰਾ ਫਸਲਾਂ ਦੇ ਹੋਏ ਨੁਕਸਾਨ ਤੋਂ ਇਲਾਵਾ ਮਜ਼ਦੂਰਾਂ ਦੇ ਨੁਕਸਾਨ ਦੀ ਭਰਪਾਈ ਲਈ ਫਸਲ ਬੀਮਾ ਸਕੀਮਾਂ ਲਾਗੂ ਕੀਤੀਆਂ ਜਾਣ। ਇਨ੍ਹਾਂ ਸਾਰੇ ਸਵੱਲੇ ਕਾਰਜਾਂ ਲਈ ਹਿੰਮਤ ਲੋਕਾਂ ਨੂੰ ਆਪ ਮਾਰਨੀ ਪੈਣੀ ਹੈ। ਇਸ ਲਈ ਇਸ ਬਾਰੇ ਸਾਰੇ ਰਲ ਕੇ ਵਿਉਂਬੰਦੀ ਕਰੋ। ਇਹ ਸਭ ਕੁਝ ਕਦੀ ਕਿਸੇ ਸਿਆਸੀ ਪਾਰਟੀ ਨੇ ਨਹੀ ਕਰਨਾ। ਉਨ੍ਹਾਂ ਨੇ ਤਾਂ ਬੱਸ ਸਭ ਕੁਝ ਕੁਰਸੀ ਅਤੇ ਸੱਤਾ ਲਈ ਹੀ ਕਰਨਾ ਹੈ। ਇਸ ਲਈ ਹੁਣ ਮੌਕਾ ਆ ਗਿਆ ਹੈ ਕਿ ਇਹ ਸਾਰੀਆਂ ਗੱਲਾਂ ਸਮਝੀਏ। ਜੇ ਹੁਣ ਵੀ ਇਹ ਮੌਕਾ ਨਾ ਸਾਂਭਿਆ ਤਾਂ ਮਗਰੋਂ ਪਛਤਾਵਾ ਕਰਨ ਦਾ ਕੋਈ ਫਾਇਦਾ ਨਹੀਂ ਹੋਣਾ। ਇਸ ਲਈ ਹੁਣੇ ਕੋਈ ਵਿਉਂਤ ਬਣਾਓ।

ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਉ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ
ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ
ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012




NOW HIRING
Painter, Construction Job
Position:
» 2-year term employment
» Wage: $28/hour
» Surrey, BC Job Locations
Job Responsibilities (But not limited to):
» Prep surfaces: clean, scrape, sand, and fill holes.
» Apply paint with brushes, rollers, or sprayers for a quality finish.
» Inspect work to meet quality standards.
Requirements:
» 1-year painting experience,
» No minimum education required
» Must speak English
» Apply Now! « Email Resume to setforfuture@gmail.com
Join Natt Star Homes Ltd.
9328 127 Street, Surrey, BC

FAST COMPUTER REPAIR
New Web Designing & Hosting Services



Onsite Service Available
Computer Repair & Upgrade
Spyware & Virus Removal
Same Day Service



Your Personal Tech, A Phone Call Away...
HARMEET SINGH
www.fastcomputerrepair.ca E-mail : harmeet@fastcomputerrepair.ca
778-928-4444




## ਸਿੱਖ ਕੌਮ ਦੇ ਸ਼ਹਾਦਤ ਭਰੇ ਇਤਿਹਾਸ ਵਿਚ

# ਛੋਟਾ ਘੱਲੂਘਾਰਾ

**16 -17 ਮਈ, 1746 ਈ:**



'ਘੱਲੂਘਾਰਾ' ਸ਼ਬਦ ਦਾ ਸਬੰਧ ਅਫ਼ਗਾਨੀ ਬੋਲੀ ਨਾਲ ਹੈ; ਜਿਸ ਦੇ ਅੱਖਰੀ ਅਰਥ ਹਨ ਸਭ ਕੁਝ ਤਬਾਹ ਹੋ ਜਾਣਾ, ਵੱਡੇ ਪੱਧਰ 'ਤੇ ਕਤਲੇਆਮ ਹੋਣਾ, ਨਸਲਘਾਤ ਜਾਂ ਸਰਬਨਾਸ਼। ਸਿੱਖਾਂ ਦਾ ਸੁਭਾਅ ਜ਼ੁਲਮ ਦੇ ਵਿਰੁੱਧ ਲੜਨ ਵਾਲਾ ਅਤੇ ਕਿਸੇ ਦੀ ਗੁਲਾਮੀ ਜਾਂ ਈਨ ਨਾ ਸਵੀਕਾਰ ਕਰਨ ਵਾਲਾ ਹੋਣ ਕਰਕੇ ਸਮੇਂ-ਸਮੇਂ ਸਿਰ ਸਿੱਖਾਂ ਨੂੰ ਭਿਆਨਕ ਘੱਲੂਘਾਰਿਆਂ ਦਾ ਸਾਹਮਣਾ ਕਰਨਾ ਪਿਆ।ਸਿੱਖਾਂ ਅਤੇ ਮੁਗਲਾਂ ਦਰਮਿਆਨ 3 ਜੇਠ ਬਿਕ੍ਰਮੀ ਸੰਮਤ 1803/1 ਮਈ 1746 ਯੂਲੀਅਨ ਨੂੰ ਜ਼ਿਲ੍ਹਾ ਗੁਰਦਾਸ ਪੁਰ ਦੇ ਕਾਹਨੂੰਵਾਨ ਛੰਭ 'ਚ ਖ਼ੂਨੀ ਦੁਖਾਂਤ ਵਾਪਰਿਆ ਜਿਸ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ। 3 ਜੇਠ ਨੂੰ ਨਾਨਕਸ਼ਾਹੀ ਕੈਲੰਡਰ ਦੀ ਤਾਰੀਖਾਂ ਵਿਚ ਬਦਲਣ ਨਾਲ ਹੁਣ ਇਹ 3 ਜੇਠ ਹਰ ਸਾਲ 17 ਮਈ ਨੂੰ ਆਉਂਦਾ ਹੈ। ਇਸ ਖ਼ੂਨੀ ਦੁਖਾਂਤ ਦਾ ਪਿਛੋਕੜ ਜਾਨਣ ਲਈ ਇਤਿਹਾਸ ਦੇ ਪੰਨੇ ਫਰੋਲਿਆਂ ਪਤਾ ਲਗਦਾ ਹੈ ਕਿ 1745 ਵਿੱਚ ਲਾਹੌਰ ਦੇ ਗਵਰਨਰ ਜ਼ਕਰੀਆ ਖ਼ਾਨ ਨੇ ਨਿਰਦੋਸ਼ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰ ਕੇ ਅਸਹਿ ਕਸ਼ਟ ਦੇ ਕੇ ਸ਼ਹੀਦ ਕੀਤਾ, ਪਰ ਭਾਈ ਤਾਰੂ ਸਿੰਘ ਦੀ ਸ਼ਹੀਦੀ ਤੋਂ ਪਹਿਲਾਂ ਹੀ ਉਸ ਪਾਪੀ ਦਾ ਅੰਤ ਵੀ ਬਹੁਤ ਬੁਰੀ ਤਰ੍ਹਾਂ ਹੋਇਆ। ਪਿਸ਼ਾਬ ਬੰਦ ਹੋ ਜਾਣ ਕਾਰਨ ਗੁਰਸਿੱਖ ਸ਼ਹੀਦ ਭਾਈ ਤਾਰੂ ਸਿੰਘ ਜੀ ਦੀਆਂ ਜੁੱਤੀਆਂ 22 ਦਿਨ ਉਸ ਦੇ ਸਿਰ ਵਿਚ ਵੱਜਦੀਆਂ ਰਹੀਆਂ ਤੇ ਪਾਪੀ ਦਾ ਬੁਰੀ ਤਰ੍ਹਾਂ ਅੰਤ ਹੋਇਆ। ਜ਼ਕਰੀਆ ਖ਼ਾਨ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਯਹੀਆ ਖ਼ਾਨ ਲਾਹੌਰ ਦਾ ਗਵਰਨਰ ਬਣਿਆ ਜੋ ਪਿਤਾ ਦੇ ਪੂਰਨਿਆਂ 'ਤੇ ਚਲਦਾ ਹੋਇਆ ਸਿੰਘਾਂ 'ਤੇ ਅੱਤਿਆਚਾਰ ਕਰਨ ਲੱਗਾ। ਯਹੀਆ ਖ਼ਾਨ ਦਾ ਸੂਬੇਦਾਰ ਸੀ ਲਖਪਤ ਰਾਏ। ਇਸ ਸੂਬੇਦਾਰ (ਦੀਵਾਨ) ਲਖਪਤ ਰਾਏ ਦਾ ਭਰਾ ਜਸਪਤ ਰਾਏ ਵੀ ਫ਼ੌਜ ਦਾ ਸੈਨਾਪਤੀ ਸੀ। ਇਹ ਤਿਕੜੀ ਅੰਦਰਖਾਤੇ ਸਿੱਖਾਂ ਨੂੰ ਖ਼ਤਮ ਕਰਨ 'ਤੇ ਤੁਲੀ ਹੋਈ ਸੀ। ਯਹੀਆ ਖਾਂ ਨੇ ਲੱਖਪਤ ਰਾਏ ਤੇ ਉਸ ਦੇ ਭਰਾ ਜਸਪਤ ਰਾਏ ਨੂੰ ਬਹੁਤ ਜ਼ਿਆਦਾ ਅਧਿਕਾਰ ਦੇ ਰੱਖੇ ਸਨ। ਜਸਪਤ ਰਾਏ ਨੇ ਆਮ ਜਨਤਾ 'ਤੇ ਹੱਦੋਂ ਵੱਧ ਸਖ਼ਤੀ ਕਰਕੇ ਜਜ਼ੀਆ ਵਸੂਲਣਾ ਸ਼ੁਰੂ ਕਰ ਦਿੱਤਾ ਤਾਂ ਬਹੁਤ ਲੋਕ ਤੰਗ ਆ ਕੇ ਖਾਲਸਾ ਫ਼ੌਜ ਵਿੱਚ ਭਰਤੀ ਹੋਣ ਲੱਗੇ। 1746 ਈ: (ਬਿਕ੍ਰਮੀ ਸੰਮਤ 1803) ਵਿਚ ਵਿਸਾਖੀ ਦੇ ਪਾਵਨ ਪੁਰਬ ਦੇ ਸਬੰਧ ਵਿੱਚ ਸਿੱਖ-ਸੰਗਤਾਂ ਦਾ ਇਕੱਠ ਏਮਨਾਬਾਦ ਦੇ ਗੁਰਦੁਆਰਾ ਰੋੜੀ ਸਾਹਿਬ ਵਿਖੇ ਹੋਇਆ। ਜਸਪਤ ਰਾਏ ਨੂੰ ਸਿੰਘਾਂ ਦਾ ਏਡਾ ਵੱਡਾ ਇਕੱਠ ਚੰਗਾ ਨਾ ਲੱਗਿਆ। ਉਸ ਨੇ ਸਿੱਖ ਸੰਗਤਾਂ ਨੂੰ ਹੁਕਮ ਕੀਤਾ ਕਿ 'ਉਹ ਗੁਰਦੁਆਰਾ ਛੱਡ ਜਾਣ ਤੇ ਇੱਥੋਂ ਚਲੇ ਜਾਣ', ਪਰ ਸਿੰਘਾਂ ਨੇ ਕਿਹਾ ਕਿ ਉਹ ਦੂਰੋਂ-ਨੇੜਿਓਂ ਆਏ ਹਨ, ਕਈ ਦਿਨਾਂ ਤੋਂ ਲੰਗਰ ਤੋਂ ਵੀ ਫ਼ਾਕੇ ਹਨ। ਅੱਜ ਦੀ ਰਾਤ ਕੱਟ ਕੇ ਅਤੇ ਲੰਗਰ ਬਣਾ/ਛਕ ਕੇ ਕੱਲ੍ਹ ਨੂੰ ਇੱਥੋਂ ਚਲੇ ਜਾਣਗੇ, ਪਰ ਜਸਪਤ ਰਾਏ ਕਿੱਥੇ ਮੰਨਣ ਵਾਲਾ ਸੀ। ਉਹ ਤਾਂ ਮੌਕੇ ਦੀ ਭਾਲ ਵਿੱਚ ਸੀ। ਉਸ ਨੇ ਸਿੱਖਾਂ ਉੱਪਰ ਹਮਲਾ ਕਰ ਦਿੱਤਾ। ਸਿੱਖਾਂ ਨੂੰ ਨਾ ਚਾਹੁੰਦੇ ਹੋਏ ਵੀ ਇਹ ਲੜਾਈ ਲੜਨੀ ਪਈ। ਸਿੱਖਾਂ ਵੱਲੋਂ ਸੰਜਮ ਵਰਤਣ ਦੇ ਬਾਵਜੂਦ ਜਸਪਤ ਰਾਏ ਆਪਣੀ ਅੜੀ ਤੋਂ ਪਿੱਛੇ ਹਟਣ ਲਈ ਤਿਆਰ ਨਾ ਹੋਇਆ ਤੇ ਹਾਥੀ 'ਤੇ ਚੜ੍ਹ ਕੇ ਅੱਗੇ ਹੀ ਵਧਦਾ ਆ ਰਿਹਾ ਸੀ। ਪਾਣੀ ਸਿਰੋਂ ਲੰਘਦਿਆਂ ਦੇਖ ਘੋੜ ਸਵਾਰ ਭਾਈ ਨਿਬਾਹੂ ਸਿੰਘ ਰੰਘਰੇਟਾ ਜਸਪਤ ਰਾਏ ਦੇ ਹਾਥੀ ਦੀ ਪੂਛ ਦਾ ਸਹਾਰਾ ਲੈ ਕੇ ਅੱਖ ਦੇ ਫੋਰ 'ਚ ਹਾਥੀ ਉਪਰ ਜਾ ਚੜ੍ਹਿਆ ਅਤੇ ਤਲਵਾਰ ਦੇ ਇੱਕੋ ਵਾਰ ਨਾਲ ਜਸਪਤ ਰਾਏ ਦਾ ਸਿਰ ਲਾਹ ਦਿੱਤਾ। ਜਸਪਤ ਰਾਏ ਦੀ ਮੌਤ ਨਾਲ ਮੁਗਲ ਫ਼ੌਜ ਵਿੱਚ ਭਗਦੜ ਮੱਚ ਗਈ ਤੇ ਫ਼ੌਜ ਉੱਥੋਂ ਭੱਜ ਗਈ। ਜਸਪਤ ਰਾਏ ਦੀ ਮੌਤ ਦੀ ਖ਼ਬਰ ਜਦ ਉਸ ਦੇ ਭਰਾ ਲਖਪਤ ਰਾਏ ਨੂੰ ਪਤਾ ਲੱਗੀ ਤਾਂ ਉਸ ਨੇ ਭਰਾ ਦੀ ਮੌਤ ਦਾ ਬਦਲਾ ਲੈਣ ਦਾ ਪ੍ਰਣ ਕਰ ਲਿਆ। ਉਹ ਲਾਹੌਰ ਪਹੁੰਚ ਗਿਆ ਤੇ ਲਾਹੌਰ ਦਰਬਾਰ ਮਿੰਨਤਾਂ ਤਰਲੇ ਕਰਨ ਲੱਗਾ। ਆਪਣੇ ਸਿਰ ਤੋਂ ਪੱਗੜੀ ਉਤਾਰ ਕੇ ਕਸਮ ਖਾਧੀ ਕਿ ਜਿੰਨਾ ਚਿਰ ਸਿੱਖਾਂ ਦਾ ਖੁਰਾ ਖੋਜ ਨਹੀਂ ਮਿਟਾ ਲੈਂਦਾ, ਮੈਂ ਆਪਣੇ ਸਿਰ 'ਤੇ ਪੱਗ ਨਹੀ ਬੰਨ੍ਹਾਂਗਾ ਅਤੇ ਆਪਣੇ ਆਪ ਨੂੰ ਖੱਤਰੀ ਨਹੀਂ ਅਖਵਾਵਾਂਗਾ। ਲਾਹੌਰ ਦੇ ਗਵਰਨਰ ਯਹੀਆ ਖਾਨ ਤੋਂ ਵੱਡੀ ਸ਼ਾਹੀ ਫੌਜ ਇਕੱਠੀ ਕੀਤੀ। ਅਗਲੇ ਹੀ ਦਿਨ ਜ਼ਾਲਮਾਨਾ ਕਾਰਵਾਈ ਦੀ ਆਰੰਭਤਾ ਉਸ ਨੇ ਲਾਹੌਰ ਸ਼ਹਿਰ ਤੋਂ ਹੀ ਕਰ ਦਿੱਤੀ। ਦੀਵਾਨ ਕੌੜਾ ਮੱਲ ਦੀ ਅਗਵਾਈ ਵਿੱਚ ਹਿੰਦੂ ਪਤਵੰਤਿਆਂ ਦੇ ਇਕੱਠ ਵੱਲੋਂ ਕੀਤੀ ਸਿਫ਼ਾਰਸ਼ ਕਿ ਸਿੱਖਾਂ ਅਤੇ ਗੁਰੂ ਸਾਹਿਬਾਨਾਂ ਨੇ ਹਿੰਦੂਆਂ ਲਈ ਮਹਾਨ ਕੁਰਬਾਨੀਆਂ ਕੀਤੀਆਂ ਹਨ ਇਸ ਲਈ ਬੇਗੁਨਾਹ ਸਿੱਖਾਂ ਦਾ ਕਤਲ ਨਾ ਕੀਤਾ ਜਾਵੇ; ਨੂੰ ਵੀ ਲਖਪਤ ਰਾਏ ਨੇ ਨਾ ਮੰਨਿਆ। ਉਸ ਨੇ ਆਪਣੇ ਗੁਰੂ, ਸੰਤ ਜਗਤ ਭਗਤ ਗੁਸਾਂਈ ਦੀ ਇਹ ਸਲਾਹ ਕਿ ਅੱਜ ਚੰਦਰ ਮਹੀਨੇ ਦਾ ਆਖਰੀ ਦਿਨ ਭਾਵ ਵਦੀ ਪੱਖ ਦੀ ਮੱਸਿਆ ਅਤੇ ਸੋਮਵਾਰ ਹੈ ਜੋ ਹਿੰਦੂਆਂ ਲਈ ਬਹੁਤ ਹੀ ਪਵਿੱਤਰ ਦਿਨ ਹੈ ਇਸ ਲਈ ਇਸ ਪਵਿੱਤਰ ਦਿਹਾੜੇ ਨੂੰ ਸਿੱਖਾਂ ਦਾ ਕਤਲ ਕਰਕੇ ਪਾਪ ਨਾ ਕੀਤਾ ਜਾਵੇ; ਨੂੰ ਵੀ ਨਜ਼ਰਅੰਦਾਜ਼ ਕਰ ਦਿੱਤਾ ਅਤੇ ਹੁਕਮ ਕੀਤਾ ਕਿ ਜਿੱਥੇ ਵੀ ਸਿੱਖ ਦਿਖਾਈ ਦੇਵੇ, ਮੌਤ ਦੇ ਘਾਟ ਉਤਾਰ ਦਿੱਤਾ ਜਾਵੇ। ਲਖਪਤ ਰਾਏ ਨੇ ਐਲਾਨ ਕਰਵਾ ਦਿੱਤਾ ਕਿ ਕੋਈ ਵੀ ਸਿੱਖਾਂ ਨਾਲ ਵਾਹ-ਵਾਸਤਾ ਨਾ ਰੱਖੇ। ਇਹਨਾਂ ਦੀ ਬਾਣੀ ਨਾ ਪੜ੍ਹੇ। ਉਸ ਨੇ 'ਗੁੜ' ਸ਼ਬਦ 'ਤੇ ਵੀ ਪਾਬੰਦੀ ਲਗਾ ਕੇ 'ਗੁੜ' ਦੀ ਥਾਂ 'ਰੋੜੀ' ਸ਼ਬਦ ਬੋਲਣ ਲਈ ਕਿਹਾ। ਕਿਉਂ ਜੋ 'ਗੁੜ' ਸ਼ਬਦ ਦਾ ਉਚਾਰਨ ਕਰਨ ਲੱਗਿਆਂ 'ਗੁਰੂ' ਸ਼ਬਦ ਦਾ ਭੁਲੇਖਾ ਪੈਂਦਾ ਸੀ। ਗੁਰੂ ਗ੍ਰੰਥ ਦੀ ਥਾਂ 'ਪੋਥੀ' ਸ਼ਬਦ ਵਰਤਣ ਲਈ ਕਿਹਾ। ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਵਨ ਪਵਿੱਤਰ ਬੀੜਾਂ ਦੀ ਰੱਜ ਕੇ ਬੇਅਦਬੀ ਕੀਤੀ। ਲਖਪਤ ਰਾਏ ਦੀ ਇਸ ਦਰਿੰਦਗੀ ਦੀ ਖ਼ਬਰ ਜਦ ਨਵਾਬ ਕਪੂਰ ਸਿੰਘ ਨੂੰ ਲੱਗੀ ਤਾਂ ਉਸ ਨੇ ਸਿਰਕੱਢ

**ਲੇਖਕ : ਰਣਜੋਧ ਸਿੰਘ ਰੱਤੋਕੇ**

ਸਿੱਖ ਆਗੂਆਂ ਤੇ ਵੱਖ-ਵੱਖ ਸਿੱਖ ਜਥੇਬੰਦੀਆਂ ਨੂੰ ਸੁਨੇਹੇ ਭੇਜ ਕੇ ਗੁਰਦਾਸ ਪੁਰ ਜ਼ਿਲ੍ਹੇ ਦੀ ਕਾਹਨੂੰਵਾਨ ਛੰਭ ਜੋ ਮੁਕੇਰੀਆਂ ਨੂੰ ਜਾਂਦੀ ਸੜਕ 'ਤੇ 8 ਕਿਲੋਮੀਟਰ ਦੂਰ ਫੌਜੀ ਛਾਉਣੀ ਤੋਂ ਸੱਜੇ ਪਾਸੇ 4 ਕਿਲੋਮੀਟਰ 'ਤੇ ਸਥਿੱਤ ਹੈ, ਵਿਖੇ ਇਕੱਠੇ ਹੋਣ ਦੇ ਸੰਦੇਸ਼ੇ ਭੇਜੇ। ਸ. ਜੱਸਾ ਸਿੰਘ ਆਹਲੂਵਾਲੀਆ ਵੀ ਇਸ ਇਕੱਠ ਵਿੱਚ ਸ਼ਾਮਲ ਸਨ, ਜਿਨ੍ਹਾਂ ਨੇ ਆਉਣ ਵਾਲ਼ੇ ਸਮੇਂ ਵਿੱਚ ਮਹਾਨ ਜਰਨੈਲ ਦੇ ਰੂਪ ਵਿੱਚ ਸਿੱਖ ਕੌਮ ਦੀ ਸੇਵਾ ਕੀਤੀ। ਇਸ ਗੱਲ ਦੇ ਪ੍ਰਮਾਣ ਰਤਨ ਸਿੰਘ ਭੰਗੂ ਰਚਿਤ 'ਪੰਥ ਪ੍ਰਕਾਸ਼' ਵਿੱਚ ਮਿਲਦੇ ਹਨ। ਇਸ ਛੰਭ ਵਿੱਚ ਕੋਈ 15000 ਸਿੱਖ ਇਕੱਠੇ ਹੋ ਗਏ। ਕਈ ਇਤਿਹਾਸਕਾਰਾਂ ਨੇ ਇਹ ਗਿਣਤੀ 25000 ਹਜ਼ਾਰ ਵੀ ਲਿਖੀ ਹੈ।

ਸੂਹ ਮਿਲਣ 'ਤੇ ਜ਼ਕਰੀਆ ਖਾਂ ਦਾ ਪੁੱਤਰ ਯਹੀਆ ਖਾਂ ਤੇ ਲਖਪਤ ਰਾਏ ਗੋਲ਼ੇ ਬਾਰੂਦ ਨਾਲ ਲੈਸ ਆਪਣੀ ਭਾਰੀ ਫੌਜ ਲੈ ਕੇ ਹਮਲਾ ਕਰਨ ਲਈ ਆਣ ਪਹੁੰਚੇ। ਤੋਪਾਂ ਬੀੜ ਕੇ ਅੱਗ ਦੇ ਗੋਲ਼ੇ ਸਿੱਖਾਂ ਉੱਪਰ ਬਰਸਾਏ ਗਏ। ਸਿੰਘ ਰਾਤ ਸਮੇਂ ਹਨ੍ਹੇਰੇ ਦਾ ਫ਼ਾਇਦਾ ਉੱਠਾ ਕੇ ਲੱਖਪਤ ਰਾਏ ਦੀਆਂ ਫ਼ੌਜਾਂ ਦਾ ਰਾਸ਼ਨ ਪਾਣੀ ਚੁੱਕ ਕੇ ਫਿਰ ਛੰਭ ਵਿੱਚ ਵੜ ਜਾਂਦੇ ਤੇ ਅਗਲੇ ਦਿਨ ਦੇ ਹਮਲੇ ਲਈ ਤਿਆਰ ਹੋ ਜਾਂਦੇ। ਭੁੱਖਣ ਭਾਣੇ ਸਿੰਘ ਕਾਫ਼ੀ ਸਮੇਂ ਤੱਕ ਇਸੇ ਤਰ੍ਹਾਂ ਲੜਦੇ ਰਹੇ। ਜਦੋਂ ਇਸ ਗੱਲ ਦਾ ਪਤਾ ਮੁਲਤਾਨ ਦੇ ਵਜ਼ੀਰ ਕੌੜਾ ਮੱਲ ਨੂੰ ਲੱਗਿਆ ਤਾਂ ਉਸ ਨੇ ਘੋੜਿਆਂ, ਖੱਚਰਾਂ 'ਤੇ ਰਾਸ਼ਨ ਲੱਦ ਕੇ ਜੰਮੂ ਕਸ਼ਮੀਰ ਭੇਜਣ ਦੇ ਬਹਾਨੇ ਨਾਲ ਉਸੇ ਰਸਤੇ ਭੇਜ ਦਿੱਤਾ ਤੇ ਉਧਰ ਆਪਣੇ ਗੁਪਤ ਚਰ ਰਾਹੀਂ ਸਿੰਘਾਂ ਨੂੰ ਸੁਨੇਹਾ ਭੇਜ ਦਿੱਤਾ ਕਿ ਜਦੋਂ ਇਹ ਰਾਸ਼ਨ ਇਸ ਰਸਤਿਓਂ ਲੰਘੇ ਤਾਂ ਲੁੱਟ ਲਿਆ ਜਾਵੇ। ਸਿੰਘਾਂ ਨੇ ਇਸੇ ਤਰ੍ਹਾਂ ਕੀਤਾ। ਕੌੜਾ ਮੱਲ ਦੀ ਇਸ ਹਮਦਰਦੀ ਕਰਕੇ ਇਤਿਹਾਸ ਕੌੜਾ ਮੱਲ ਨੂੰ ਮਿੱਠਾ ਮੱਲ ਕਹਿ ਕੇ ਯਾਦ ਕਰਦਾ ਹੈ। ਇਹ ਲੜਾਈ ਕਾਫ਼ੀ ਲੰਮੀ (ਲਗਭਗ ਮਹੀਨੇ ਤੋਂ ਵੀ ਜ਼ਿਆਦਾ ਸਮੇਂ ਤੱਕ) ਚੱਲੀ। ਏਨੀ ਲੰਬੀ ਲੜਾਈ ਚੱਲਣ ਕਰਕੇ ਸਿੰਘਾਂ ਦਾ ਕੌੜਾ ਮੱਲ ਵੱਲੋਂ ਭੇਜਿਆ ਹੋਇਆ ਰਾਸ਼ਨ ਪਾਣੀ ਵੀ ਖਤਮ ਹੋ ਗਿਆ। ਗੋਲ਼ੀ ਸਿੱਕਾ ਖ਼ਤਮ ਹੋ ਗਿਆ, ਲੜਦੇ-ਲੜਦੇ ਹਥਿਆਰ ਵੀ ਖੁੰਡੇ ਹੋ ਗਏ। ਲਖਪਤ ਰਾਏ ਦਾ ਮਾਮਾ ਤੇ ਪੁੱਤਰ ਸਿੰਘਾਂ ਹੱਥੋਂ ਮਾਰੇ ਗਏ। ਲਖਪਤ ਰਾਏ ਆਪਣੀ ਹਾਰ ਨੂੰ ਵੇਖ ਕੇ ਘਟੀਆ ਤੌਰ-ਤਰੀਕਿਆਂ 'ਤੇ ਉਤਰ ਆਇਆ। ਉਸ ਨੇ ਸੋਚਿਆ ਕਿ ਉਹ ਦਿੱਲੀ ਦਰਬਾਰ ਜਾ ਕੇ ਕੀ ਮੂੰਹ ਵਿਖਾਏਗਾ ? ਉਸ ਨੇ ਨੇੜਲੇ ਪਿੰਡਾਂ ਦੇ ਲੁਹਾਰ, ਤਰਖਾਣ ਇਕੱਠੇ ਕਰਕੇ ਇਸ ਛੰਭਨੁਮਾ ਜੰਗਲ ਦੇ ਰੁੱਖਾਂ ਨੂੰ ਕਟਵਾ ਕੇ ਚੁਫੇਰਿਉਂ ਅੱਗ ਲਗਵਾ ਦਿੱਤੀ, ਜਿਸ ਨਾਲ ਸਿੰਘਾਂ ਨੂੰ ਚਾਰ-ਚੁਫੇਰਿਉਂ ਮੁਸੀਬਤਾਂ ਪੈ ਗਈਆਂ। ਇਕ ਜੇਠ-ਹਾੜ੍ਹ ਦੀ ਅੱਤ ਦੀ ਗਰਮੀ, ਦੂਜਾ ਜੰਗਲ ਦੀ ਅੱਗ, ਤੀਜਾ ਉੱਚੇ ਪਹਾੜ 'ਤੇ ਵਿਰੋਧੀ ਪਹਾੜੀ ਰਾਜੇ ਅਤੇ ਚੌਥਾ ਚੜ੍ਹਦੇ ਪਾਸੇ ਸ਼ੂਕਦਾ ਬਿਆਸ ਦਰਿਆ। ਸਿੱਖ ਜਰਨੈਲਾਂ ਨੇ ਸਿੱਖੀ ਦੀ ਸ਼ਾਨ ਬਚਾਉਣ ਲਈ ਮਤਾ ਪਾਸ ਕਰਕੇ ਮੈਦਾਨੇ-ਜੰਗ 'ਚ ਦੁਸ਼ਮਣ ਨਾਲ ਜੂਝ ਕੇ ਲੜਨ ਤੇ ਸ਼ਹੀਦੀਆਂ ਪ੍ਰਾਪਤ ਕਰਨ ਦਾ ਅਟੱਲ ਫ਼ੈਸਲਾ ਕਰ ਲਿਆ ਤੇ ਸਿੰਘ ਚੜ੍ਹਦੀ ਕਲਾ ਦੇ ਜੈਕਾਰੇ ਲਗਾਉਂਦਿਆਂ ਦੁਸ਼ਮਣ ਖਿਲਾਫ ਜੂਝ ਪਏ। ਲੜਾਈ ਸ਼ੁਰੂ ਹੋ ਗਈ ਕਈ ਸਿੱਖ ਮੁਗਲਾਂ ਨਾਲ ਲੜਦੇ ਸ਼ਹੀਦ ਹੋ ਗਏ। ਇਹਨਾਂ ਵਿੱਚੋਂ ਇੱਕ ਜੱਥੇ ਦੇ ਮੋਢੀ ਸੁੱਖਾ ਸਿੰਘ ਨੇ ਮੁਗਲ ਫ਼ੌਜ ਦੇ ਚੰਗੇ ਆਹੂ ਲਾਹੇ ਤੇ ਆਪ ਵੀ ਜ਼ਖਮੀ ਹੋ ਗਿਆ। ਜੱਦੋ ਜਹਿਦ ਕਰਦਿਆਂ ਸਿੱਖ ਦਰਿਆ ਵਿੱਚ ਠਿੱਲ ਪਏ। ਕਈ ਰੁੜ੍ਹ ਗਏ, ਕਈ ਬਚ ਕੇ ਪਹਾੜਾਂ ਵੱਲ ਚਲੇ ਗਏ ਤੇ ਕਈ ਕੀਰਤਪੁਰ ਸਾਹਿਬ ਵੱਲ ਚਲੇ ਗਏ। ਕਈ ਮੁਗਲਾਂ ਨੇ ਕੈਦ ਕਰ ਲਏ। ਇਸ ਲੜਾਈ ਵਿੱਚ ਲਗਭਗ 7000 ਹਜ਼ਾਰ (ਕਈ ਇਤਿਹਾਸਕਾਰਾਂ ਮੁਤਾਬਕ ਗਿਣਤੀ 11000 ਹਜ਼ਾਰ) ਦੇ ਕਰੀਬ ਸ਼ਹੀਦੀਆਂ ਹੋਈਆਂ ਤੇ 3000 ਹਜ਼ਾਰ (ਕਈਆਂ ਨੇ ਇੱਥੇ ਗਿਣਤੀ 2000 ਲਿਖੀ ਹੈ) ਦੇ ਕਰੀਬ ਸਿੱਖਾਂ ਨੂੰ ਕੈਦ ਕਰਕੇ ਲਖਪਤ ਰਾਏ ਲਾਹੌਰ ਲੈ ਗਿਆ। ਲਾਹੌਰ ਦੇ ਨਾਖਾਸ ਚੌਂਕ ਵਿੱਚ ਬੜੇ ਹੀ ਜ਼ਾਲਮਾਨਾ ਤਰੀਕੇ ਨਾਲ ਤਸੀਹੇ ਦੇ ਕੇ ਸਿਰਾਂ ਦੇ ਢੇਰ ਲਗਾ ਦਿੱਤੇ। ਸਰੀਰਾਂ ਨੂੰ ਮਸੀਤਾਂ ਦੀਆਂ ਦੀਵਾਰਾਂ ਵਿੱਚ ਦੱਬ ਦਿੱਤਾ ਗਿਆ। ਖ਼ੂਨ ਨਾਲ ਮਸੀਤਾਂ ਦੇ ਫਰਸ਼ ਧੋਤੇ ਗਏ। ਇਸ ਮੰਦਭਾਗੀ ਘਟਨਾ ਨੂੰ ਇਤਿਹਾਸ ਵਿੱਚ ਪਹਿਲੇ ਘੱਲੂਘਾਰੇ ਜਾਂ ਛੋਟੇ ਘੱਲੂਘਾਰੇ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸੰਨ 1762 'ਚ ਪਿੰਡ ਕੁੱਪ-ਰੁਹੀੜੇ ਵਿਖੇ ਵੱਡਾ ਕਤਲਾਮ ਹੋਇਆ ਸੀ ਇਸ ਲੜਾਈ ਵਿੱਚ 30-35 ਹਜ਼ਾਰ ਸਿੰਘ ਸ਼ਹੀਦ ਹੋਏ। ਇਸ ਲਈ ਦੋਵੇਂ ਘੱਲੂਘਾਰਿਆਂ ਨੂੰ ਵਖਰਾਉਣ ਦੇ ਮੰਤਵ ਨਾਲ ਪਹਿਲੇ ਨੂੰ ਛੋਟਾ ਘਲੂਘਾਰਾ ਅਤੇ ਦੂਜੇ ਨੂੰ ਵੱਡਾ ਘੱਲੂਘਾਰਾ ਕਿਹਾ ਜਾਣ ਲੱਗਿਆ।

ਲਖਪਤ ਰਾਏ ਦੀ ਸਿੱਖਾਂ ਨੂੰ ਪੂਰਨ ਤੌਰ 'ਤੇ ਮਾਰ ਮੁਕਾਉਣ ਦੀ ਸ਼ੇਖ਼ੀ ਛੇਤੀ ਹੀ ਝੂਠੀ ਸਾਬਤ ਹੋ ਗਈ ਜਦੋਂ ਲਗਭਗ ਛੇ ਮਹੀਨੇ ਪਿੱਛੋਂ ਹੀ ਸਿੱਖ ਦੁਬਾਰਾ ਅੰਮ੍ਰਿਤਸਰ ਵਿਖੇ ਇਕੱਠੇ ਹੋਣੇ ਸ਼ੁਰੂ ਹੋ ਗਏ ਅਤੇ 30 ਮਾਰਚ 1747 ਨੂੰ ਅੰਮ੍ਰਿਤਸਰ ਵਿਖੇ ਸਰਬੱਤ ਖ਼ਾਲਸਾ ਦਾ ਇਕੱਠ ਕਰਕੇ ਸਭ ਨੂੰ ਹੈਰਾਨ ਕਰ ਦਿੱਤਾ 9 ਜਿਸ ਤੋਂ ਮਿਸਲਾਂ ਹੋਂਦ ਵਿਚ ਆਈਆਂ ਅਤੇ ਸੰਯੁਕਤ ਕਮਾਂਡ 'ਜਥੇਦਾਰ ਸ. ਜੱਸਾ ਸਿੰਘ ਆਹਲੂਵਾਲੀਆਂ' ਨੂੰ ਸੌਂਪੀ ਗਈ।

ਇਕੱਠ ਕਰਕੇ ਗੁਰਮਤਾ ਪਾਸ ਕੀਤਾ ਕਿ ਸਿੱਖਾਂ ਦੀ ਪੱਕੀ ਰਿਹਾਇਸ਼ ਗਾਹ ਲਈ ਅੰਮ੍ਰਿਤਸਰ ਵਿਖੇ ਰਾਮ ਰੌਣੀ ਕਿਲੇ ਦੀ ਉਸਾਰੀ ਕੀਤੀ ।

**ਸਿੱਖ ਇਤਿਹਾਸ ਵਿਚ 'ਛੋਟਾ ਘੱਲੂਘਾਰਾ' ਦਾ ਨਾਂ ਸਦਾ ਅਮਰ ਹੈ।**

**ਇਹਨਾਂ ਮਹਾਨ ਸੂਰਮਿਆਂ ਦੀ ਸ਼ਹਾਦਤ ਨੂੰ ਕੋਟਾਨ-ਕੋਟ ਪ੍ਰਣਾਮ ।**




# ਸਿੱਖ ਰਾਜ ਕਿਵੇਂ ਬਣਿਆ?

ਲੇਖਕ : ਗਿ: ਸੋਹਨ ਸਿੰਘ 'ਸੀਤਲ'

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਕਿਸ਼ਤ - 41

### ਨਵੇਂ ਸਿੰਘ ਸਜੇ

ਏਸ ਸੁਲਾ ਦਾ ਇਕ ਹੋਰ ਵੀ ਫ਼ਾਇਦਾ ਹੋਇਆ। ਲੋਕ ਸਮਝਣ ਲੱਗ ਪਏ, ਕਿ ਹੁਣ ਸਰਕਾਰ ਨੇ ਵੀ ਸਿੱਖਾਂ ਦੀ ਤਾਕਤ ਨੂੰ ਮੰਨ ਲਿਆ ਹੈ। ਜਿਹੜੇ ਸਿੰਘ ਅਜੇ ਤਕ ਸਰਕਾਰ ਦੇ ਬਾਗ਼ੀ ਸਮਝੇ ਜਾਂਦੇ ਸਨ, ਹੁਣ ਸਰਕਾਰ ਹਰ ਮੁਹਿੰਮ ਵਿਚ ਉਹਨਾਂ ਤੋਂ ਮਦਦ ਲੈਂਦੀ ਹੈ। ਸੋ, ਲੋਕ ਖੁੱਲ-ਮ-ਖੁੱਲਾ ਅੰਮ੍ਰਿਤ ਛਕ ਕੇ ਸਿੰਘ ਸਜਣ ਲੱਗ ਪਏ। ਜਿਥੇ ਅਗੇ ਮਾਪੇ ਪੁੱਤਰਾਂ ਨੂੰ ਸਿੰਘ ਸਜਣ ਤੋਂ ਰੋਕਦੇ ਸਨ, ਫਿਰ ਆਪ ਉਹਨਾਂ ਨੂੰ ਸਿੰਘ ਸਜਣ ਦੀ ਪ੍ਰੇਰਨਾ ਕਰਨ ਲਗੇ। ਕਿਉਂਕਿ ਸਿੰਘ ਸਜਣ ਨਾਲ ਗਵਾਂਢ ਵੱਸਣ ਵਾਲਿਆਂ ਉੱਤੇ ਬੜਾ ਰੁਹਬ ਪੈ ਜਾਂਦਾ ਸੀ। ਲੋਕਾਂ ਦੇ ਦਿਲਾਂ ਉੱਤੇ ਸਿੰਘਾਂ ਦਾ ਅਜੇਹਾ ਧਮਾ ਜੰਮ ਚੁੱਕਾ ਸੀ, ਕਿ ਵੈਰੀ ਹਰ ਵੇਲੇ ਉਹਨਾਂ ਤੋਂ ਡਰਦੇ ਰਹਿੰਦੇ ਸਨ ਤੇ ਸ਼ਰਧਾਲੂ ਸਿੰਘਾਂ ਦੀ ਮਦਦ ਉੱਤੇ ਮਾਣ ਰਖਦੇ ਸਨ। ਇਸ ਵੇਲੇ ਸਿੰਘਾਂ ਦੀ ਗਿਣਤੀ ਤੇ ਰੁਹਬ-ਦੋਹਾਂ ਚੀਜ਼ਾਂ-ਵਿਚ ਢੇਰ ਵਾਧਾ ਹੋਇਆ।

ਸਿੱਖਾਂ ਤੇ ਸਰਕਾਰ ਵਿਚ ਇਹ ਸਮਝੌਤਾ ਕੌੜਾ ਮੱਲ ਦੀ ਬਦੌਲਤ ਹੀ ਸੀ, ਨਹੀਂ ਤਾਂ ਸਿੱਖੀ ਦੇ ਵਿਰੋਧੀ ਮੁੱਲਾਂ ਤੇ ਹਾਕਮ ਸਦਾ ਮੀਰ ਮੰਨੂੰ ਨੂੰ ਸਿੱਖਾਂ ਦੇ ਵਿਰੁਧ ਭੜਕਾਉਂਦੇ ਰਹਿੰਦੇ ਸਨ। ਮੰਨੂੰ ਵੀ ਲਾਹੌਰ ਦੇ ਏਨੇ ਨੇੜੇ (ਅੰਮ੍ਰਿਤਸਰ ਵਿਚ) ਸਿੱਖਾਂ ਦੀ ਏਨੀ ਭਾਰੀ ਤਾਕਤ ਪਸੰਦ ਨਹੀਂ ਸੀ ਕਰਦਾ। ਪਰ ਉਹ ਸਮੇਂ ਦੀ ਉਡੀਕ ਵਿਚ ਚੁਪ ਵੱਟੀ ਬੈਠਾ ਸੀ। ਸਿੰਘ ਵੀ ਇਸ ਗੱਲ ਨੂੰ ਜਾਂਣਦੇ ਸਨ ਤੇ ਆਪਣੀ ਤਾਕਤ ਵਧਾਉਣ ਦੇ ਫਿਕਰ ਵਿਚ ਸਨ। ਸਰਕਾਰ ਤੇ ਸਿੱਖਾਂ ਦਾ ਰਾਹ ਵੱਖੋ ਵੱਖਰਾ ਸੀ। ਸਰਕਾਰ ਚਾਹੁੰਦੀ ਸੀ, ਸਿੱਖ ਸਮੂਲਚੋਂ 'ਖ਼ਤਮ ਕਰ ਦਿੱਤੇ ਜਾਣ ਤੇ ਸਿੰਘਾਂ ਦਾ ਨਸ਼ਾਨਾ ਸੀ :

ਰਾਜ ਕਰੇਗਾ ਖ਼ਾਲਸਾ'
ਆਕੀ ਰਹੇ ਨ ਕੋਇ।

ਸੋ, ਦੋਹਾਂ ਦੇ ਮਿਲਾਪ ਉੱਤੇ ਬਹੁਤਾ ਭਰੋਸਾ ਨਹੀਂ ਸੀ ਰਖਿਆ ਜਾ ਸਕਦਾ। ਮੀਰ ਮੰਨੂੰ ਨੇ ਲਾਹੌਰ ਤੇ ਮੁਲਤਾਨ ਵਿਚ ਅਮਨ ਕਾਇਮ ਕਰ ਲਿਆ ਸੀ, ਪਰ ਦਿੱਲੀ ਤੇ ਕਾਬਲ ਦਾ ਡਰ ਉਹਦੇ ਦਿਲੋਂ ਨਹੀਂ ਸੀ ਗਿਆ। ਦਿੱਲੀ ਵਿਚ ਉਹਦਾ ਵੈਰੀ ਸਫ਼ਦਰ ਜੰਗ ਵਜ਼ੀਰ ਬੈਠਾ ਸੀ ਤੇ ਅਫ਼ਗਾਨਸਤਾਨ ਵਿਚ ਅਹਿਮਦ ਸ਼ਾਹ ਅਬਦਾਲੀ। ਉਹ ਜਾਣਦਾ ਸੀ, ਕਿ ਪੰਜਾਬ ਉੱਤੇ ਕਬਜ਼ਾ ਕਰਨ ਦੀ ਭੁੱਖ ਦੋਹਾਂ ਦੇ ਦਿਲਾਂ ਵਿਚ ਡਾਢੀ ਹੈ। ਦੋਹਾਂ ਤਾਕਤਾਂ ਤੋਂ ਆਪਣਾ ਆਪ ਬਚਾ ਕੇ ਰਖਣ ਵਾਸਤੇ ਉਹ ਫ਼ੌਜੀ ਤਿਆਰੀ ਕਰ ਰਿਹਾ ਸੀ। ਉਹਦੀ ਤਿਆਰੀ ਅਜੇ ਪੂਰੀ ਨਹੀਂ ਸੀ ਹੋਈ, ਜਾਂ ਅਬਦਾਲੀ ਦੇ ਹਮਲੇ ਦੀਆਂ ਅਫ਼ਵਾਹਾਂ ਉਡਣ ਲੱਗ ਪਈਆਂ।

### ਅਬਦਾਲੀ ਦਾ ਦੂਤ ਲਾਹੌਰ ਵਿਚ

ਅਕਤੂਬਰ, ੧੭੫੧ ਈ। ਵਿਚ ਅਬਦਾਲੀ ਦਾ ਦੂਤ ਹਾਨੂੰਨ ਖ਼ਾਂ ਲਾਹੌਰ ਆਇਆ ਤੇ ਮੀਰ ਮੰਨੂੰ ਤੋਂ ਚਾਰ ਮੁਹਾਲ ਦਾ ਚੜੀ ਲੱਖ ਮਾਮਲਾ ਮੰਗਿਆ। ਮੰਨੂੰ ਨੇ ਮਜਬੂਰ ਪਰਗਟ ਕੀਤੀ, ਕਿ ਬਦਅਮਨੀ ਦੇ ਕਾਰਨ ਮਾਮਲਾ ਕੱਠਾ ਨਹੀਂ ਹੋ ਸਕਿਆ,ਤੇ ਜਿਹੜਾ ਕੱਠਾ ਹੋਇਆ ਵੀ ਸੀ, ਉਹ ਨਾਸਰ ਖ਼ਾਂ ਲੈ ਕੇ ਨੱਸ ਗਿਆ ਹੈ। ਸੋ ਸਹਿਜ ਸਹਿਜ ਮਾਮਲਾ ਤਾਰ ਦਿਆਂਗਾ। ਏਨੇ ਨੂੰ ਨਵੰਬਰ ਵਿਚ ਖ਼ਬਰ ਮਿਲੀ, ਕਿ ਅਬਦਾਲੀ ਆਪ ਪਿਸ਼ਾਵਰ ਆ ਗਿਆ ਹੈ, ਤੇ ਉਹਦੇ ਜਰਨੈਲ ਜਹਾਨ ਖ਼ਾ ਤੇ ਅਬਦੁੱਸਮੱਦ ਖ਼ਾਂ ਫ਼ੌਜ ਲੈਕੇ ਰੁਹਤਾਸ ਤਕ ਅਪੜ ਪਏ ਹਨ। ਇਸ ਖ਼ਬਰ ਨੇ ਮੀਰ ਮੰਨੂੰ ਨੂੰ ਬੜਾ ਘਬਰਾ ਦਿੱਤਾ।

### ਅਬਦਾਲੀ ਦਾ ਤੀਜਾ ਹਮਲਾ

ਉਹਨੇ ਕੌੜਾ ਮੱਲ ਨੂੰ ਮੁਲਤਾਨੋਂ ਤੇ ਅਦੀਨਾ ਬੇਗ ਨੂੰ ਜਲੰਧਰੋਂ ਸਣੇ ਫ਼ੌਜ ਮੰਗਾ ਲਿਆ। ਨਾਲ ਹੀ ਮੰਨੂੰ ਨੇ ਅਬਦਾਲੀ ਦੇ ਦੂਤ ਹਾਨੂੰਨ ਖ਼ਾਂ ਨੂੰ ਨੌਂ ਲੱਖ ਰੁਪਇਆ ਦੇ ਦਿੱਤਾ ਤੇ ਬਾਕੀ ਵਾਸਤੇ ਬੇਨਤੀ ਕੀਤੀ, ਕਿ ਜੋ ਅਬਦਾਲੀ ਓਥੋਂ ਹੀ ਪਿਛਾਂਹ ਮੁੜ ਜਾਵੇ, ਤਾਂ ਬਾਕੀ ਮਾਮਲਾ ਕੱਠਾ ਕਰਕੇ ਭੇਜ ਦਿਆਂਗਾ। ਹਾਨੂੰਨ ਖ਼ਾਂ ਨੇ ਉਹ ਰੁਪੈ ਤੇ ਮੰਨੂੰ ਦੀ ਚਿੱਠੀ ਅਬਦਾਲੀ ਨੂੰ ਭੇਜ ਦਿੱਤੀ। ਅਬਦਾਲੀ ਨੇ ਨੌਂ ਲੱਖ ਰੁਪੈ ਵੀ ਲੈ ਲਏ ਤੇ ਫੇਰ ਵੀ ਅੱਗੇ ਵਧਦਾ ਆਇਆ। ਅਸਲ ਵਿਚ ਇਸ ਵਾਰ ਉਹ ਚਾਰ ਮੁਹਾਲ ਦਾ ਮਾਮਲਾ ਲੈਣ ਵਾਸਤੇ ਨਹੀਂ, ਲਾਹੌਰ ਲੈਣ ਵਾਸਤੇ ਆਇਆ ਸੀ। ਇਸ ਵਾਰ ਉਸ ਕੋਲ ਪੰਜਾਹ ਹਜ਼ਾਰ ਤੋਂ ਵਧ ਫ਼ੌਜ ਸੀ।

### ਮੀਰ ਮੰਨੂੰ ਟਾਕਰੇ ਲਈ ਤਿਆਰ

੧੩ ਦਸੰਬਰ ਨੂੰ ਪਤਾ ਲੱਗਾ, ਕਿ ਅਬਦਾਲੀ ਏਮਨਾਬਾਦ ਆ ਪੁੱਜਾ ਹੈ। ਹੁਣ ਲਾਹੌਰ ਦੇ ਅਮੀਰ ਆਦਮੀ ਲੱਗੇ ਸ਼ਹਿਰ ਛੱਡ ਕੇ ਪਹਾੜਾਂ ਨੂੰ ਨੱਸਣ। ਪਰਜਾ ਦੀ ਕੀ ਗੱਲ, ਮੀਰ ਮੰਨੂੰ ਨੇ ਵੀ ਆਪਣੀਆਂ ਬੇਗਮਾਂ ਤੇ ਬੱਚੇ ਜੰਮੂ ਭੇਜ ਦਿੱਤੇ। ਮੀਰ ਮੰਨੂੰ ਨੇ ਕੌੜਾ ਮੱਲ ਦਾ ਡੇਰਾ ਰਾਵੀਓਂ ਪਾਰ ਸ਼ਾਹਦਰੇ ਕਰਾਇਆ ਤੇ ਆਪ ਇਹ ਸੋਚ ਕੇ, ਕਿ ਅਬਦਾਲੀ ਚੜ੍ਹਦੇ ਪਾਸਿਓਂ ਨਾ ਰਾਵੀ ਟੱਪ ਪਏ੍ਪੰਜਾਹ ਹਜ਼ਾਰ ਫ਼ੌਜ ਲੈ ਕੇ, ਸ਼ਾਹ ਦੌਲੇ ਦੇ ਪੱਤਣ (ਲਾਹੌਰ ਤੋਂ ਬਾਈ ਮੀਲ ਰਾਵੀ ਦੇ ਚੜ੍ਹਦੇ ਪਾਣੀ ਵੱਲ) 'ਤੇ ਜਾ ਬੈਠਾ। ਅਬਦਾਲੀ ਨੇ ਵੀ ਮੀਰ ਮੰਨੂੰ ਦੇ ਸਾਮਣੇ ਆ ਡੇਰਾ ਲਾਇਆ। ਅਬਦਾਲੀ ਨੇ ਡੇਰਾ ਓਥੇ ਹੀ ਰਹਿਣ ਦਿੱਤਾ, ਤੇ ਆਪ ਫ਼ੌਜ ਲੈ ਕੇ ਰਾਤੋ ਰਾਤ ਦੂਰੋਂ ਚੱਕਰ ਕੱਟ ਕੇ ਲਾਹੌਰੋਂ ਹੇਠਲੇ ਪਾਸਿਓਂ ਗ਼ਾਜ਼ੀ ਪੁਰ ਦੇ ਪੱਤਣ ਤੋਂ ਰਾਵੀ ਟੱਪ ਕੇ ਨਿਆਜ਼ ਬੇਗ ਰਾਹੀਂ ਲਾਹੌਰ ਸ਼ਾਹ ਬਿਲਾਵਲ ਕੋਲ ਆ ਮੋਰਚੇ ਮੱਲੇ।

### ਅਬਦਾਲੀ ਲਾਹੌਰ ਆ ਪੁੱਜਾ

ਉਸ ਦਾ ਪ੍ਰਸਿਧ ਜਰਨੈਲ ਜਹਾਨ ਖ਼ਾਂ ਵੀ ਉਹਦੇ ਨਾਲ ਸੀ। ਮੀਰ ਮੰਨੂੰ ਨੂੰ ਪਤਾ ਲੱਗਾ, ਤਾਂ ਉਹ ਵੀ ਛੇਤੀ-ਛੇਤੀ ਲਾਹੌਰ ਨੂੰ ਭੱਜਾ। ਹੁਣ ਸ਼ਹਿਰ ਵਾਲੇ ਪਾਸੇ ਮੀਰ ਮੰਨੂੰ ਦੇ ਟਾਕਰੇ ਉੱਤੇ ਦੂਜੇ ਪਾਸੇ ਅਬਦਾਲੀ-ਦੋਵੇਂ ਧਿਰਾਂ-ਮੋਰਚਿਆਂ ਵਿਚ ਹੋ ਬੈਠੇ। ਅਬਦਾਲੀ ਕੋਲ ਤੋਪਾਂ ਨਹੀਂ ਸਨ ਤੇ ਮੀਰ ਮੰਨੂੰ ਦਿੱਲੀ ਵੱਲੋਂ ਇਮਦਾਦੀ ਫ਼ੌਜ ਨੂੰ ਉਡੀਕ ਰਿਹਾ ਸੀ। ਸੋ, ਦੋਹਾਂ ਵਿਚੋਂ ਕੋਈ ਵੀ ਅੱਗੇ ਵਧ ਕੇ ਹਮਲਾ ਨਹੀਂ ਸੀ ਕਰਦਾ। ਮੀਰ ਮੰਨੂੰ ਨੇ ਦਿੱਲੀ ਨੂੰ ਕਈ ਚਿੱਠੀਆਂ ਮਦਦ ਵਾਸਤੇ ਲਿਖੀਆਂ, ਪਰ ਓਥੋਂ ਮਦਦ ਨਾ ਆਉਣੀ ਸੀ ਤੇ ਨਾ ਆਈ।

### ਮੀਰ ਮੰਨੂੰ ਨੇ ਮਦਦ ਲਈ ਸਿੰਘ ਬੁਲਾਏ

ਇਸ ਲੜਾਈ ਵਿਚ ਮੀਰ ਮੰਨੂੰ ਨੇ ਕੌੜਾ ਮੱਲ ਰਾਹੀਂ ਸਿੰਘਾਂ ਤੋਂ ਮਦਦ ਮੰਗੀ ਤੇ ਇਸ ਸਹਾਇਤਾ ਬਦਲੇ ਪਹਾੜ ਦਾ ਆਕੀ ਇਲਾਕਾ (ਪੜੋਲ, ਕਠੂਹਾ, ਬਸੋਹਲੀ ਆਦਿ) ਸਿੰਘਾਂ ਨੂੰ ਦੇਣਾ ਮੰਨਿਆ? ਸਿੰਘ ਅੰਮ੍ਰਿਤਸਰੋਂ ਮਦਦ ਵਾਸਤੇ ਜਾ ਰਹੇ ਸਨ, ਜਾਂ ਰਾਹ ਵਿਚ ਇਕ ਦੁਰਘਟਨਾ ਹੋ ਗਈ। ਰਾਮਗੜੀਆ ਮਿਸਲ ਦੇ ਸ: ਖੁਸ਼ਹਾਲ ਸਿੰਘ ਕੱਕੜ ਨੂੰ ਸ: ਹਰੀ ਸਿੰਘ ਭੰਗੀ ਨੇ ਕਤਲ ਕਰ ਦਿੱਤਾ। ਬਾਕੀ ਦੇ ਸਰਦਾਰ ਏਸ ਗੱਲੋਂ ਨਾਰਾਜ਼ ਹੋ ਕੇ ਭੰਗੀਆਂ ਦਾ ਡੇਰਾ ਲੁੱਟਣ ਜਾ ਪਏ, ਤਾਂ ਦਸ ਹਜ਼ਾਰ ਫ਼ੌਜ ਸਣੇ ਭੰਗੀ ਸਰਦਾਰ ਪਿਛੇ ਪਰਤ ਗਏ। ਬਾਕੀ ਦੇ ਵੀਹ ਕੁ ਹਜ਼ਾਰ ਸ਼ਾਲਾਮਾਰ ਬਾਗ਼ ਜਾ ਬੈਠੇ। ਅਗਲੇ ਦਿਨ ਕੁਛ ਸਿੰਘ ਏਥੇ ਰਹੇ ਤੇ ਕੁਛ ਕੌੜਾ ਮੱਲ ਦੀ ਫ਼ੌਜ ਵਿਚ ਮਿਲਣ ਵਾਸਤੇ ਸ਼ਹਿਰ ਵੱਲ ਗਏ।

☛ ਬਾਕੀ ਅਗਲੇ ਅੰਕ ਵਿੱਚ

# ਗੁਰੂ ਨਾਨਕ ਸਾਹਿਬ ਨੇ ਬੋਲਬਾਣੀ ਦਾ ਸਦਉਪਯੋਗ ਸਿਖਾਇਆ

ਲੇਖਕ : ਡਾ. ਰਣਜੀਤ ਸਿੰਘ
ਸੰਪਰਕ : 91 - 94170 - 87328



ਸੰਸਾਰ ਵਿੱਚ ਮਨੁੱਖ ਹੀ ਅਜਿਹਾ ਜੀਵ ਹੈ ਜਿਸ ਕੋਲ ਬਾਣੀ ਦੀ ਸ਼ਕਤੀ ਹੈ। ਇਸ ਬਾਣੀ ਦੀ ਸ਼ਕਤੀ ਨਾਲ ਸਮਾਜ ਹੋਂਦ ਵਿੱਚ ਆਇਆ। ਗੁਰੂ ਨਾਨਕ ਸਾਹਿਬ ਦਾ ਹੁਕਮ ਹੈ ਕਿ ਪ੍ਰਮਾਤਮਾ ਵੱਲੋਂ ਬਖਸ਼ੀ ਇਸ ਦਾਤ ਦਾ ਸਦਉਪਯੋਗ ਕਰੋ, ਮਿੱਠਾ ਬੋਲਣਾ ਹੀ ਬਾਣੀ ਦੀ ਸਭ ਤੋਂ ਵਧੀਆ ਵਰਤੋਂ ਹੈ। ਗੁਰੂ ਸਾਹਿਬ ਦਾ ਫਰਮਾਨ ਹੈ:

ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆ ਤਤੁ॥ (470)

ਫਿੱਕਾ ਬੋਲਿਆਂ ਕੇਵਲ ਦੂਜਿਆਂ ਦਾ ਮਨ ਹੀ ਦੁਖੀ ਨਹੀਂ ਹੁੰਦਾ ਸਗੋਂ ਆਪਣਾ ਤਨ ਤੇ ਮਨ ਦੋਵੇਂ ਫਿੱਕੇ ਹੋ ਜਾਂਦੇ ਹਨ।

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥ (473)

ਪ੍ਰਮਾਤਮਾ ਤਾਂ ਸਾਰੇ ਜੀਵਾਂ ਵਿੱਚ ਵਸਦਾ ਹੈ, ਜਦੋਂ ਅਸੀਂ ਕਿਸੇ ਨਾਲ ਫਿਕਾ ਜਾਂ ਗੁੱਸੇ ਨਾਲ ਬੋਲਦੇ ਹਾਂ ਤਾਂ ਸਮਝੋ ਅਸੀਂ ਪ੍ਰਮਾਤਮਾ ਨਾਲ ਫਿਕਾ ਬੋਲਦੇ ਹਾਂ। ਗੁਰੂ ਜੀ ਤਾੜਨਾ ਕਰਦੇ ਹਨ ਕਿ ਜਿਹੜੇ ਬੋਲਾਂ ਨਾਲ ਇੱਜ਼ਤ ਮਿਲਦੀ ਹੈ, ਉਹੀ ਬੋਲ ਬੋਲਣੇ ਚਾਹੀਦੇ ਹਨ:

ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥
ਫਿਕਾ ਬੋਲਿ ਵਿਗੁਚਣਾ ਸੁਣ ਮੂਰਖ ਮਨ ਅਜਾਣ (15)

ਮਿੱਠਾ ਬੋਲਿਆਂ ਮਨ ਉੱਜਲਾ ਤੇ ਤਨ ਤੰਦਰੁਸਤ ਰਹਿੰਦਾ ਹੈ। ਮਿੱਠਾ ਬੋਲਣ ਨਾਲ ਰਿਸ਼ਤੇ ਜੁੜਦੇ ਹਨ ਜਦੋਂ ਕਿ ਭੈੜੇ ਬੋਲ ਦੋਸਤੀਆਂ ਨੂੰ ਤੋੜਦੇ ਹਨ।

ਗੰਢੁ ਪਰੀਤੀ ਮਿਠੇ ਬੋਲ॥ (143)
ਟੁਟਿ ਪਰੀਤਿ ਗਈ ਬੁਰ ਬੋਲਿ॥ (933)

ਗੁਰੂ ਜੀ ਸੰਸਾਰ ਦੇ ਪਹਿਲੇ ਪੈਗੰਬਰ ਹੋਏ ਹਨ ਜਿਨ੍ਹਾਂ ਨੇ ਆਖਿਆ ਪ੍ਰਮਾਤਮਾ ਇੱਕ ਸ਼ਕਤੀ ਦਾ ਨਾਮ ਹੈ, ਜਿਸਦਾ ਕੋਈ ਰੂਪ ਰੰਗ ਤੇ ਆਕਾਰ ਨਹੀਂ ਤੇ ਜੋ ਸਦੀਵੀ ਹੈ। ਅਤੇ ਹਰੇਕ ਜੀਵ ਅੰਦਰ ਆਤਮਾ ਦੇ ਰੂਪ ਵਿੱਚ ਵਸਦਾ ਹੈ

ੴ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ, ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਗੁਰੂ ਜੀ ਨੇ ਗ੍ਰਹਿਸਥ ਜੀਵਨ ਨੂੰ ਸਭ ਤੋਂ ਉੱਚਾ ਮੰਨਿਆ ਹੈ। ਉਨ੍ਹਾਂ ਆਖਿਆ ਕਿ ਉੱਦਮ ਕਰਕੇ ਨੇਕ ਕਿਰਤ ਕਮਾਈ ਨਾਲ ਸਾਰੇ ਸੁਖ ਪ੍ਰਾਪਤ ਹੁੰਦੇ ਹਨ। ਗੁਰੂ ਜੀ ਨੇ ਕਿਰਤ ਕਮਾਈ ਕਰਕੇ ਵੰਡ ਛਕਣ ਉੱਤੇ ਜ਼ੋਰ ਦਿੱਤਾ ਹੈ। ਵੰਡ ਛਕਣ ਨਾਲ ਜਿੱਥੇ ਦੂਜਿਆਂ ਦੀ ਸਹਾਇਤਾ ਹੁੰਦੀ ਹੈ, ਉੱਥੇ ਆਪਸੀ ਪਿਆਰ, ਮਿਲਵਰਤਣ ਅਤੇ ਨਿਮਰਤਾ ਵਿੱਚ ਵੀ ਵਾਧਾ ਹੁੰਦਾ ਹੈ। ਇਸੇ ਨਾਲ ਸੰਸਾਰ ਵਿੱਚੋਂ ਭੁੱਖ ਅਤੇ ਗਰੀਬੀ ਨੂੰ ਦੂਰ ਕੀਤਾ ਜਾ ਸਕਦਾ ਹੈ। ਵੰਡ ਛਕਣ ਨਾਲ ਮਨੁੱਖ ਵਿੱਚ ਸੇਵਾ ਭਾਵਨਾ ਅਤੇ ਲੋਕਾਈ ਪ੍ਰਤੀ ਪਿਆਰ ਪੈਦਾ ਹੁੰਦਾ ਹੈ। ਜੀਵਨ ਦਾ ਮੰਤਵ ਨਿਰਾ ਖਾਣਾ-ਪੀਣਾ ਤੇ ਐਸ਼ ਕਰਨੀ ਨਹੀਂ ਹੈ, ਸਗੋਂ ਜੀਵਨ ਯਾਤਰਾ ਨੂੰ ਸਫਲ ਬਣਾਉਣਾ ਹੈ। ਗੁਰੂ ਜੀ ਦਾ ਹੁਕਮ ਹੈ:

ਬਾਬਾ ਹੋਰ ਖਾਣਾ ਖੁਸੀ ਖੁਆਰ।
ਜਿਤੁ ਖਾਧੇ ਤਨ ਖੀੜੀਐ ਮਨ ਮਹਿ ਚਲਹਿ ਵਿਕਾਰ ਰਹਾਉ॥ (16)

ਗੁਰੂ ਜੀ ਅਨੁਸਾਰ ਸਾਰੀਆਂ ਪ੍ਰੇਸ਼ਾਨੀਆਂ ਦਾ ਅਧਾਰ ਕੂੜ ਹੈ। ਜੇਕਰ ਰਿਸ਼ਤਿਆਂ, ਕਾਰੋਬਾਰ ਅਤੇ ਵਿਹਾਰ ਦਾ ਅਧਾਰ ਕੂੜ ਹੈ ਤਾਂ ਸਫ਼ਲਤਾ ਕਦੇ ਪ੍ਰਾਪਤ ਨਹੀਂ ਹੁੰਦੀ ਕਿਉਂਕਿ ਝੂਠ ਨੇ ਇੱਕ ਦਿਨ ਸਾਹਮਣੇ ਆ ਹੀ ਜਾਣਾ ਹੈ। ਕੂੜ ਅਧਾਰਿਤ ਅਚਾਰ ਭੈੜਾ ਹੁੰਦਾ ਹੈ: ਜਦੋਂ ਮਨੁੱਖ ਝੂਠ ਬੋਲਦਾ ਹੈ ਤਾਂ ਉਹ ਬਾਣੀ ਦੀ ਦੁਰਵਰਤੋਂ ਕਰਦਾ ਹੈ।

ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰੁ॥ (62)

ਸੱਚ ਦਾ ਰਾਹ ਰੱਬੀ ਰਾਹ ਹੁੰਦਾ ਹੈ। ਜਿਨ੍ਹਾਂ ਦੇ ਪੱਲੇ ਸੱਚ ਹੁੰਦਾ ਹੈ ਉਨ੍ਹਾਂ ਦੇ ਅੰਗ ਸੰਗ ਪ੍ਰਮਾਤਮਾ ਰਹਿੰਦਾ ਹੈ। ਸੱਚ, ਸੰਤੋਖ ਤਿਆਗ ਖੋਟੇ ਕਰਮ ਕਰਨ ਵਾਲੇ ਕਦੇ ਵੀ ਸੁਖੀ ਨਹੀਂ ਰਹਿ ਸਕਦੇ। ਗੁਰੂ ਜੀ ਹੁਕਮ ਹੈ:

ਜਿਨਾ ਰਾਸਿ ਨ ਸਚੁ ਹੈ ਕਿਉਂ ਤਿਨਾ ਸੁਖ ਹੋਇ॥
ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ॥ (23)

ਗੁਰੂ ਜੀ ਦਾ ਅਗਲਾ ਆਦੇਸ਼ ਹੈ ਕਿ ਸੱਚ ਅਤੇ ਸੰਤੋਖ ਦੇ ਨਾਲ ਹੀ ਗਿਆਨ ਵੀ ਮਹੱਤਵਪੂਰਨ ਹੈ। ਉਨ੍ਹਾਂ ਨੇ ਸਾਰੇ ਦੁੱਖਾਂ ਦਾ ਕਾਰਨ ਅਗਿਆਨਤਾ ਨੂੰ ਮੰਨਿਆ ਹੈ। ਅਗਿਆਨਤਾ ਦੇ ਹਨੇਰੇ ਨੂੰ ਗਿਆਨ ਦੇ ਚਾਨਣ ਨਾਲ ਹੀ ਦੂਰ ਕੀਤਾ ਜਾ ਸਕਦਾ ਹੈ।

ਗੁਰੂ ਜੀ ਦਾ ਆਦੇਸ਼ ਹੈ ਕਿ ਕਿਸੇ ਵੀ ਸਮੱਸਿਆ ਦਾ ਹੱਲ ਗਿਆਨ ਅਧਾਰਿਤ ਵਿਚਾਰ ਕੀਤਿਆਂ ਲੱਭਿਆ ਜਾ ਸਕਦਾ ਹੈ। ਗੁਰੂ ਜੀ ਇਹ ਵੀ ਹੁਕਮ ਕਰਦੇ ਹਨ ਕਿ ਹਮੇਸ਼ਾ ਪ੍ਰਮਾਤਮਾ ਨੂੰ ਯਾਦ ਕਰੋ, ਉਸ ਦੇ ਸਿਮਰਨ ਨਾਲ ਮਨੁੱਖ ਨੂੰ ਆਪਣੇ ਅਸੂਲਾਂ ਉੱਤੇ ਚੱਲਣ ਦੀ ਸ਼ਕਤੀ ਪ੍ਰਾਪਤ ਹੁੰਦੀ ਹੈ ਤੇ ਉਹ ਹਉਮੈ ਰੋਗ ਤੋਂ ਬਚਿਆ ਰਹਿੰਦਾ ਹੈ।

ਗੁਰੂ ਜੀ ਪਹਿਲੇ ਪੈਗੰਬਰ ਹੋਏ ਹਨ, ਜਿਨ੍ਹਾਂ ਨੇ ਕਦੇ ਵੀ ਆਪਣੇ ਆਪ ਨੂੰ ਰੱਬ ਜਾਂ ਰੱਬ ਦਾ ਪੈਗੰਬਰ ਨਹੀਂ ਆਖਿਆ ਸਗੋਂ ਉਸ ਦੇ ਹੁਕਮਾਂ ਨੂੰ ਪ੍ਰਚਾਰਨ ਵਾਲਾ ਉਸ ਦਾ ਇੱਕ ਸ਼ਿਸ਼ ਆਖਿਆ ਹੈ। ਉਨ੍ਹਾਂ ਨੂੰ ਜਿੱਥੇ ਵੀ ਕਿਸੇ ਮਹਾਂ ਪੁਰਖ ਦੀ ਦੱਸ ਪਈ, ਉਹ ਉੱਥੇ ਗਏ ਤੇ ਉਨ੍ਹਾਂ ਨਾਲ ਵਿਚਾਰ ਵਟਾਂਦਰਾ ਕੀਤਾ, ਉਨ੍ਹਾਂ ਦੀ ਬਾਣੀ ਜਾਂ ਉਨ੍ਹਾਂ ਦੇ ਮੁਖੀ ਦੀ ਬਾਣੀ ਨੂੰ ਨਾਲ ਲੈ ਕੇ ਆਏ। ਇਹ ਗੁਰੂ ਜੀ ਦੀ ਵਿਲੱਖਣਤਾ ਸੀ ਕਿ ਉਨ੍ਹਾਂ ਆਖਿਆ, "ਜੋ ਮੈਂ ਪ੍ਰਚਾਰ ਕਰ ਰਿਹਾ ਹਾਂ, ਉਹ ਮੈਥੋਂ ਤਿੰਨ ਸੌ ਸਾਲ ਪਹਿਲਾਂ ਬਾਬਾ ਫਰੀਦ ਵੀ ਆਖ ਗਏ ਹਨ। ਇਸ ਨੂੰ ਸਾਰੇ ਦੇਸ਼ ਦੇ ਅਤੇ ਸਾਰੇ ਵਰਣਾਂ ਦੇ ਮਹਾਂ ਪੁਰਖਾਂ ਦੀ ਹਿਮਾਇਤ ਹਾਸਲ ਹੈ। ਇਸੇ ਕਰਕੇ ਪੰਜ ਸਦੀਆਂ ਬੀਤਣ ਪਿੱਛੋਂ ਵੀ ਗੁਰੂ ਜੀ ਦੀ ਬਾਣੀ ਉੱਤੇ ਕੋਈ ਵੀ ਕਿੰਤੂ ਪ੍ਰੰਤੂ ਨਹੀਂ ਕਰ ਸਕਿਆ, ਕਿਉਂਕਿ ਇਹ ਸਦੀਵੀ ਸੱਚ ਹੈ। ਉਨ੍ਹਾਂ ਦੇ ਪ੍ਰਮਾਤਮਾ ਬਾਰੇ, ਧਰਤੀ ਅਤੇ ਇਸਦੀ ਹੋਂਦ ਬਾਰੇ ਵਿਚਾਰਾਂ ਨੂੰ ਹੁਣ ਵਿਗਿਆਨੀਆਂ ਨੇ ਵੀ ਸਵੀਕਾਰ ਕਰ ਲਿਆ ਹੈ। ਉਨ੍ਹਾਂ ਦੀ ਬਾਣੀ ਪੂਰੀ ਪਰਖੀ ਹੋਈ ਅਤੇ ਤੱਥ ਅਧਾਰਿਤ ਹੈ।

# ਲੀਵ ਆਊਟ

ਲੇਖਕ : ਅੰਮ੍ਰਿਤਪਾਲ ਕਲੇਰ ਚੀਦਾ
ਸੰਪਰਕ: 99157-80980



ਬਘੇਲ ਸਿੰਹੁ ਦੇ ਸੱਥਰ 'ਤੇ ਬੈਠੀਆਂ ਬੁੜ੍ਹੀਆਂ ਮੂੰਹੋਂ-ਮੂੰਹ ਬੋਲ ਰਹੀਆਂ ਸਨ। "ਅਖੇ ਭੈਣੇ ਚੰਗਾ ਭਲਾ ਤਾਂ ਗਿਆ ਸੀ ਚੰਦਰਾ।" ਸੀਤੋ ਚੁੰਨੀ ਦਾ ਪੱਲਾ ਮੂੰਹ ਵਿੱਚ ਪਾਈ ਬੈਠੀ ਬੋਲ ਰਹੀ ਸੀ।

"ਨੀ ਬਾਹ਼ਲਾ ਈ ਚਾਓ ਸੀ ਉਹਨੂੰ ਕੈਨੇਡੇ ਜਾਣ ਦਾ, ਧਰਤੀ 'ਤੇ ਪੱਬ ਨ੍ਹੀਂ ਸੀ ਲੱਗਦਾ। ਜਾਣ ਤੋਂ ਚਹੁੰ ਕੁ ਦਿਨ ਪਹਿਲਾਂ ਸਾਡੇ ਸੋਨੀ ਨਾਲ ਸ਼ਹਿਰੋਂ ਜਾ ਕੇ ਦੋ ਤਿੰਨ ਪਜਾਮੇ ਜੇ ਖਰੀਦ ਕੇ ਲਿਆਇਆ, ਬਾਹ਼ਲਾ ਈ ਹੱਸੀ ਜਾਵੇ, ਮੈਨੂੰ ਹੱਸ ਹੱਸ ਕੇ ਆਖੇ, 'ਅਖੇ ਦਲੀਪੋ, ਮੈਂ ਤਾਂ ਉੱਥੇ ਪਜਾਮੇ ਪਾ ਕੇ ਬਰਫ਼ ਹੂੰਝਿਆ ਕਰੂੰ। ਬਾਹਲੀਆਂ ਚਹੇਡਾਂ ਕਰਦਾ ਸੀ ਮੈਨੂੰ।"

ਦਲੀਪ ਕੌਰ ਨੇ ਪਾਣੀ ਦੀ ਘੁੱਟ ਲੰਘਾਉਂਦਿਆਂ ਕਿਹਾ। ਉਹ ਉਨ੍ਹਾਂ ਦੀ ਗੁਆਂਢਣ ਸੀ ਅਤੇ ਰਿਸ਼ਤੇ ਵਿੱਚ ਬਘੇਲ ਸਿੰਹੁ ਦੀ ਭਰਜਾਈ ਲੱਗਦੀ ਸੀ।

ਗਰਮੀ ਦੀ ਦਸਤਕ ਨਾਲ ਕਣਕਾਂ ਨੇ ਰੰਗ ਵਟਾ ਲਏ ਸਨ। ਚੇਤ ਮਹੀਨੇ ਦਾ ਪਿਛਲਾ ਪੱਖ ਚੱਲ ਰਿਹਾ ਸੀ। ਕੂੰਜਾਂ ਦੀਆਂ ਡਾਰਾਂ ਨੇ ਆਪਣੇ ਖੇੜਿਆਂ ਵੱਲ ਨੂੰ ਵਹੀਰਾਂ ਘੱਤ ਲਈਆਂ ਸਨ। ਕਣਕਾਂ ਦੀ ਜੋਬਨ ਰੁੱਤੇ ਸੁਨਹਿਰੀ ਭਾਹ ਮਾਰਦੇ ਖੇਤ, ਕਿਸਾਨਾਂ ਤੇ ਕਾਮਿਆਂ ਨੂੰ ਨਸਿਆਉਂਦੇ ਸਨ। ਬਘੇਲ ਸਿੰਹੁ ਕੈਨੇਡਾ ਤੋਂ ਮਹੀਨੇ ਮਗਰੋਂ ਹੀ ਪੰਜਾਬ ਆ ਗਿਆ ਸੀ। ਉਸ ਦਾ ਪੀ਼ਲਾ ਪਿਆ ਚਿਹਰਾ, ਸਦੀਆਂ ਦੀ ਜੰਮੀ ਧੂੜ ਵਾਂਗ ਲੱਗ ਰਿਹਾ ਸੀ। ਉਸ ਦੇ ਚਿਹਰੇ ਦੀ ਪਿਲੱਤਣ ਨੂੰ ਪੰਜਾਹ ਵਿੱਘੇ ਲਹਿਲਹਾਉਂਦੀ ਕਣਕ ਨੇ ਵੀ ਖੇੜਾ ਨਾ ਦਿੱਤਾ।

ਬਘੇਲ ਸਿੰਹੁ, ਚਕਰ ਦਸੌਂਧਾ ਪਿੰਡ ਦੇ ਕਹਿੰਦੇ ਕਹਾਉਂਦੇ ਜਮੀਦਾਰਾਂ ਵਿੱਚੋਂ ਇੱਕ ਸੀ। ਇਕੱਲੇ ਨੂੰ ਪੰਜਾਹ ਕਿੱਲੇ ਜ਼ਮੀਨ ਦੇ ਆਉਂਦੇ ਸਨ। ਆਪਣੇ ਮਾਂ ਬਾਪ ਦੇ ਇਕੱਲਾ ਹੀ ਪੁੱਤਰ ਸੀ। ਇੱਕ ਵੱਡੀ ਭੈਣ ਸੀ, ਜੋ ਪੰਜ ਛੇ ਸਾਲਾਂ ਦੀ ਹੋ ਕੇ ਮੁੱਕ ਗਈ ਸੀ।

ਬਘੇਲ ਸਿੰਹੁ ਦਾ ਪਿੰਡ ਦੇ ਵਿਚਾਲੇ ਦੋ ਵੱਡੀਆਂ ਗ਼ਲੀਆਂ ਵਿਚਕਾਰ ਹਵੇਲੀਨੁਮਾ ਘਰ ਸੀ। ਲੋਹੇ ਦੇ ਵੱਡੇ ਕਿੱਲਾਂ ਵਾਲਾ ਵੱਡਾ ਦਰਵਾਜ਼ਾ। ਦਰਵਾਜ਼ੇ ਦੇ ਨਾਲ ਲੱਗਦਾ ਵੱਡਾ ਸਾਰਾ ਸਲੇਟਾਂ ਦਾ ਸ਼ੈੱਡ ਸੀ, ਜੋ ਅੱਧਾ ਪਸ਼ੂ ਢਾਂਡਾ ਬੰਨ੍ਹਣ ਲਈ ਅਤੇ ਅੱਧਾ ਖੇਤੀ ਦੇ ਸੰਦ ਰੱਖਣ ਲਈ ਸੀ। ਨਾਲ ਹੀ ਅੱਧਾ ਵਰਾਂਡਾ ਵਿਚਾ਼ਲੇ ਪੰਜ ਇੰਚੀ ਕੰਧ ਕੱਢ ਕੇ ਤੂੜੀ ਨਾਲ ਭਰਿਆ ਹੁੰਦਾ। ਤੂੜੀ ਉੱਤੇ ਸਲੰਘ, ਤੰਗਲੀ, ਪੰਜਾਲੀਆਂ, ਕਸੀਏ, ਕਸੌਲੀ, ਮਾਲ ਡੰਗਰ ਨੂੰ ਤੂੜੀ ਪਾਉਣ ਵਾਲੇ (ਤੂਤ ਦੀਆਂ ਛਟੀਆਂ ਦੇ ਘਰੇ ਬਣਾਏ) ਟੋਕਰੇ, ਟੋਕਰੀਆਂ, ਬੋਰੀਆਂ ਦੀਆਂ ਪੱਲੀਆਂ ਸਿਉਂਤੀਆਂ ਹੋਈਆਂ ਅਤੇ ਵਾਣ ਦੇ ਰੱਸੇ ਪਏ ਹੁੰਦੇ। ਤੂੜੀ ਦੇ ਨਾਲ ਹੀ ਇੱਕ ਪਾਸੇ ਪਸ਼ੂਆਂ ਦੀ ਲੇਟੀ ਹਾਰੇ ਵਿੱਚ ਗੋਹੇ ਪਾ ਕੇ ਰਿੱਝਣੀ ਧਰੀ ਹੁੰਦੀ, ਵੜੇਵਿਆਂ ਅਤੇ ਸਰ੍ਹੋਂ ਦੀ ਖ਼ਲ ਵਾਲੀਆਂ ਬੋਰੀਆਂ ਹਾਰੇ ਦੇ ਨਾਲ ਹੀ ਪਈਆਂ ਹੁੰਦੀਆਂ। ਅੱਧੇ ਸ਼ੈੱਡ ਵਿੱਚ ਖੇਤੀ ਦੇ ਸੰਦ ਟਰੈਕਟਰ, ਟਰਾਲੀ, ਹ਼ਲ, ਕਣਕ ਬੀਜਣ ਵਾਲੀ ਮਸ਼ੀਨ, ਸੁਹਾਗਾ, ਹ਼ਲ, ਤਵੀਆਂ, ਰੋਟਾਵੇਟਰ, ਟਰਾਲਾ, ਜੀਪ ਆਦਿ ਖੜ੍ਹੇ ਹੁੰਦੇ। ਵੱਡੇ ਦਲਾਨ ਵਿੱਚ ਕੰਧ ਨਾਲ ਪਸ਼ੂਆਂ ਦੀਆਂ ਖੁਰਲੀਆਂ ਬਣਾਈਆਂ ਹੋਈਆਂ ਸਨ। ਅੱਗੇ ਜਾ ਕੇ ਵਰਾਂਡੇ ਸਨ, ਜੋ ਕਾ਼ਲੇ ਸ਼ੀਸ਼ੇ ਦੇ ਦਰਵਾਜਿਆਂ ਨਾਲ ਕਵਰ ਕੀਤੇ ਹੋਏ ਸਨ। ਵਰਾਂਡਿਆਂ ਤੋਂ ਤੀਹ ਕੁ ਫੁੱਟ ਅੱਗੇ ਕਰਕੇ ਦੋਵਾਂ ਪਾਸਿਆਂ ਤੋਂ ਪੰਜ ਪੰਜ ਫੁੱਟ ਕੰਧ ਕੱਢੀ ਹੋਈ ਸੀ ਅਤੇ ਵਿਚਕਾਰ ਲੋਹੇ ਦਾ ਗੇਟ ਲੱਗਿਆ ਹੋਇਆ ਸੀ। ਚੁੱਲ੍ਹਾ ਚੌਂਕਾ ਕੰਧ ਤੋਂ ਅੱਗੇ ਕਰਕੇ ਵਰਾਂਡਿਆਂ ਦੇ ਨਾਲ ਸੀ। ਚੁੱਲ੍ਹੇ ਕੋਲ ਕਿਸੇ ਸੀਰੀ ਪਾ਼ਲੀ ਨੂੰ ਜਾਣ ਦੀ ਆਗਿਆ ਨਹੀਂ ਸੀ। ਸੀਰੀਆਂ ਨੂੰ ਕੰਮ 'ਤੇ ਰੱਖਣ ਸਮੇਂ ਉਸ ਦੀ ਇਹ ਸਖ਼ਤ ਤਾੜਨਾ ਹੁੰਦੀ ਸੀ ਕਿ ਤੁਸੀਂ ਵਰਾਂਡੇ ਤੱਕ ਨਹੀਂ ਜਾਓਗੇ। ਕੰਮ ਧੰਦੇ ਬਾਬਤ ਪੁੱਛਣ ਲਈ ਉਹ ਬਘੇਲ ਸਿੰਹੁ ਦੀ ਘਰਵਾਲੀ ਨੂੰ "ਸਰਦਾਰਨੀਏ" ਕਹਿ ਕੇ ਪੁੱਛਦੇ।

ਇੱਕ ਵਾਰ ਕੀ ਹੋਇਆ ਕਿ ਪੋਹ ਦਾ ਮਹੀਨਾ ਸੀ, ਠੰਢ ਵੀ ਲੋਹੜਿਆਂ ਦੀ। ਵਿਹੜੇ ਵਾਲਿਆਂ ਦਾ ਬਸਾਖਾ ਵਰਾਂਡੇ ਵਿੱਚੋਂ ਦੀ ਹੁੰਦਾ ਹੋਇਆ ਚੁੱਲ੍ਹੇ ਵੱਲ ਨੂੰ ਹੋ ਗਿਆ ਕਿ ਠਰੇ ਹੱਥਾਂ ਨੂੰ ਅੱਗ ਉੱਤੇ ਸੇਕ ਲਵਾਂ। ਬਘੇਲ ਸਿੰਹੁ ਨੂੰ ਅੰਦਰ ਖੜ੍ਹੇ ਨੂੰ ਪਤਾ ਲੱਗ ਗਿਆ ਅਤੇ ਅੰਦਰੋਂ ਹੀ ਲਲਕਾਰਾ ਮਾਰਿਆ,

"ਅੱਗੇ ਕਿੱਧਰ ਮੂੰਹ ਚੱਕੀ ਆਉਨਾ ਉਏ ...?"

ਬਸਾਖੇ ਦਾ ਹੀਆ ਨਾ ਪਿਆ ਕਿ ਉਹਨੂੰ ਅੱਗੋਂ ਕਹੇ, 'ਸਰਦਾਰਾ, ਚੁੱਲ੍ਹੇ 'ਤੇ ਹੱਥ ਸੇਕਣੇ ਸੀ', ਤੇ ਉਹ ਉੱਥੋਂ ਹੀ ਨੀਵੀਂ ਜਿਹੀ ਪਾ ਕੇ ਪਿਛਾਂਹ ਨੂੰ ਮੁੜ ਗਿਆ।

ਬਘੇਲ ਸਿੰਹੁ ਦੇ ਨਾਲ ਹਰ ਸਾਲ ਘੱਟੋ ਘੱਟ ਤਿੰਨ ਸੀਰੀ ਸੀਰ ਨਾਲ ਰਲਦੇ ਸਨ। ਜਵਾਨੀ ਵਿੱਚ ਉਸ ਨੂੰ ਘੋੜੇ ਘੋੜੀਆਂ ਰੱਖਣ ਦਾ ਵੀ ਬਹੁਤ ਸ਼ੌਕ ਸੀ। ਉਸ ਦੇ ਅਸਤਬਲ ਵਿੱਚ ਚੰਗੀ ਨਸਲ ਦੇ ਘੋੜੇ ਸਨ। ਕਾ਼ਲਾ ਸ਼ਾਹ ਉਸ ਦਾ ਪਸੰਦੀਦਾ ਘੋੜਾ ਸੀ। ਜਦੋਂ ਉਸ ਨੇ ਮੇਲੇ ਜਾਣਾ ਹੁੰਦਾ ਤਾਂ ਉਹ ਸ਼ਾਹ ਉੱਤੇ ਹੀ ਕਾਠੀ ਪਾਉਂਦਾ। ਉਨ੍ਹਾਂ ਦੇ ਪਿੰਡ ਚਕਰ ਦਸੌਂਧਾ ਤੋਂ ਤਿੰਨ ਕੁ ਮੀਲ ਉੱਤੇ 'ਜ਼ਨਤ ਸ਼ਰੀਫਾਂ' ਦਾ ਮੇਲਾ ਭਰਦਾ ਸੀ। ਮੇਲੇ ਵਿੱਚ ਬੜੀਟਿੱਬੇ ਵਾਲੇ ਨਕਲੀਏ ਆਉਂਦੇ, ਉਸ ਨੂੰ ਉਹ ਬਹੁਤ ਪਸੰਦ ਸਨ। ਉਹ ਸੌ ਸੌ ਰੁਪਏ ਦੀ ਵੇਲ ਕਰਾਉਂਦਾ। ਜਦੋਂ ਨਚਾਰ ਕਲਾਕਾਰ ਨੱਚਦਾ ਨੱਚਦਾ...

"ਬਘੇਲ ਸਿੰਹੁ ਦੀ ਸੌ ਰੁਪਏ ਦੀ ਵੇਲ," ਗਾਉਂਦਾ ਤਾਂ ਉਹ ਮੁੱਛਾਂ ਨੂੰ ਵੱਟ ਦੇ ਕੇ ਹੋਰ ਚੌੜਾ ਹੋ ਜਾਂਦਾ। ਉਸ ਨੂੰ ਇਸ ਮੇਲੇ ਦਾ ਅਵੱਲਾ ਹੀ ਚਾਅ ਚੜ੍ਹਿਆ ਹੁੰਦਾ। ਜ਼ਨਤ ਸ਼ਰੀਫਾਂ ਦਾ ਮੇਲਾ ਤਿੰਨ ਦਿਨ ਭਰਦਾ। ਉੱਥੇ ਦੋ ਸ਼ਰੀਫਾਂ ਅਤੇ ਇੱਕ ਪੀਰ ਦੀ ਮਜ਼ਾਰ ਸੀ। ਪਹਿਲੇ ਦਿਨ ਨਵੇਂ ਵਿਆਹੇ ਗੰਢ ਜੋੜੇ ਟਿੱਲੇ ਉੱਤੇ ਸ਼ਰੀਫਾਂ ਦੀ ਮਿੱਟੀ ਕੱਢਦੇ, ਦੂਜੇ ਦਿਨ ਮਜ਼ਾਰ ਉੱਤੇ ਆਟੇ ਦੇ ਬਣੇ ਘਿਓ ਦੇ ਦੀਵੇ ਬਾ਼ਲਦੇ ਅਤੇ ਮੇਲੇ ਦੇ ਅਖ਼ੀਰਲੇ ਦਿਨ ਪੀਰ ਦੀ ਮਜ਼ਾਰ ਉੱਤੇ ਕੱਵਾਲੀਆਂ ਦੀ ਰਾਤ ਹੁੰਦੀ। ਮਲੇਰਕੋਟਲੇ ਤੋਂ ਕਰਾਮਾਤ ਅਲੀ ਅਤੇ ਹੋਰ ਖ਼ਾਸ ਕੱਵਾਲ ਬੁਲਾਏ ਜਾਂਦੇ। ਬਘੇਲ ਸਿੰਹੁ ਮੇਲੇ ਦੇ ਤਿੰਨੇ ਦਿਨ ਕੁੜਤਾ ਚਾਦਰਾ, ਤਿੱਲੇ ਤੇ ਨੋਕਾਂ ਵਾਲਾ ਜੋੜਾ, ਮਾਵੇ ਵਾਲੀ ਪੱਗ ਬੰਨ੍ਹ ਕੇ ਟੌਰਾ ਛੱਡਿਆ ਹੁੰਦਾ, ਲੱਕ ਦੁਆਲੇ ਰੌਂਦਾ ਵਾਲੀ ਪੇਟੀ ਬੰਨ੍ਹੀ ਹੁੰਦੀ ਤੇ ਹੱਥ ਵਿੱਚ ਦੁਨਾਲੀ ਬੰਦੂਕ, ਗਲ ਵਿੱਚ ਸੋਨੇ ਦਾ ਕੈਂਠਾ, ਹੱਥ ਵਿੱਚ ਕੜਾ ਪਾ ਘੋੜੇ 'ਤੇ ਸਵਾਰ ਹੋ ਕੇ ਮੇਲੇ ਜਾਂਦਾ। ਉਹ ਜਿੱਥੋਂ ਦੀ ਵੀ ਲੰਘਦਾ ਲੋਕ ਖੜ੍ਹ ਖੜ੍ਹ ਕੇ ਦੇਖਦੇ। ਕੰਮੀ ਲੋਕ ਉਸ ਨੂੰ ਨੀਵੀਂ ਪਾ ਹੱਥ ਚੁੱਕ ਕੇ ਦੁਆ ਸਲਾਮ ਕਰਦੇ। ਰੰਗੜਊ ਐਨਾ ਕਿ ਮੋਢਿਆਂ ਉੱਤੋਂ ਦੀ ਥੁੱਕਦਾ।

ਇੱਕ ਵਾਰੀ ਮੇਲੇ ਵਿੱਚ ਗੁਆਂਢ ਪਿੰਡ ਦੀ ਛੰਨੋ ਨੇ ਬਘੇਲ ਸਿੰਹੁ ਨੂੰ ਦੇਖ ਕੇ ਤੇਜੋ ਨੂੰ ਹੁੱਜ ਮਾਰ ਕੇ ਕਿਹਾ ਸੀ, "ਨੀ ਆਹ ਤਾਂ, ਬਾਹ਼ਲਾ ਹੀ ਮਿਜਾਜ਼ੀ ਜਾ ਲੱਗਦਾ।" "ਚੱਲ ਬੈਠ ਘੋੜੇ 'ਤੇ, ਦੋ ਗੇੜੇ ਕਢਾ ਦਿਆਂ ਮੇਲੇ 'ਚ।" ਬਘੇਲ ਸਿੰਹੁ ਨੂੰ ਸੁਣ ਗਿਆ ਸੀ ਅਤੇ ਉਸ ਨੇ ਮੁੱਛਾਂ ਨੂੰ ਤਾਅ ਦੇ ਕੇ ਪਿੱਛੇ ਮੁੜ ਕੇ ਛੰਨੋ ਨੂੰ ਮਸ਼ਕਰੀ ਕੀਤੀ ਸੀ।

"ਜਾਹ,ਵੇ ਜਾਹ, ਮਸਤਿਆ ਜਟਵਾਧ," ਕਹਿ ਕੇ ਛੰਨੋ ਮੇਲੇ ਦੀ ਭੀੜ ਵਿੱਚ ਗੁਆਚ ਗਈ ਸੀ।

ਬਘੇਲ ਸਿੰਹੁ ਦੇ ਤਿੰਨ ਕੁੜੀਆਂ ਹੀ ਸਨ। ਵੱਡੀ ਕੁੜੀ ਜਸ ਲੁਧਿਆਣੇ ਵਿਆਹੀ ਹੋਈ ਸੀ। ਵਿਚਕਾਰਲੀ ਕੁੜੀ ਅਮਨ ਬਠਿੰਡੇ ਵਿਆਹੀ ਸੀ ਅਤੇ ਸਭ ਤੋਂ ਛੋਟੀ ਰੁਪਿੰਦਰ ਨੂੰ ਆਈਲੈਟਸ (ਆਇਲਜ਼) ਕਰਾ ਕੇ ਕੈਨੇਡਾ ਭੇਜ ਦਿੱਤਾ ਸੀ। ਤਿੰਨਾਂ ਕੁੜੀਆਂ ਨੂੰ ਬਘੇਲ ਸਿੰਹੁ ਨੇ ਬੜੇ ਪਰਦੇ ਵਿੱਚ ਪਾਲਿਆ ਅਤੇ ਪੜ੍ਹਾਇਆ ਸੀ। ਕੁੜੀਆਂ ਦੀ ਮਜਾਲ ਕੀ ਸੀ ਕਿ ਘਰੋਂ ਬਾਹਰ ਪੈਰ ਵੀ ਧਰ ਜਾਂਦੀਆਂ। ਘਰ ਦੀ ਦੇਹ਼ਲੀ ਤੋਂ ਬਾਹਰ ਤਾਂ ਪੈਰ ਕਦੇ ਉਨ੍ਹਾਂ ਦੀ ਮਾਂ ਬੰਸੋ ਨੇ ਨਹੀਂ ਸੀ ਧਰਿਆ। ਨਾਂ ਤਾਂ ਉਸ ਦਾ ਹਰਬੰਸ ਕੌਰ ਸੀ, ਪਰ ਸਾਰੇ ਉਸ ਨੂੰ ਬੰਸੋ ਹੀ ਕਹਿੰਦੇ ਸਨ। ਇੱਕ ਵਾਰ ਹਰਬੰਸ ਕੌਰ ਉਨ੍ਹਾਂ ਦੀ ਸੀਰਨ ਮਨਜੀਤ ਕੌਰ ਨਾਲ ਲੀੜੇ ਕੱਪੜੇ ਲੈਣ ਮੰਡੀ ਚਲੀ ਗਈ ਬੱਸ ਉੱਤੇ। ਉਸ ਦਿਨ ਬਘੇਲ ਸਿੰਹੁ ਕਿਤੇ ਦੂਰੋਂ ਘੋੜਾ ਖ਼ਰੀਦਣ ਗਿਆ ਸੀ। ਉਨ੍ਹਾਂ ਨੂੰ ਆਉਂਦੀਆਂ ਨੂੰ ਥੋੜ੍ਹੀ ਦੇਰੀ ਹੋ ਗਈ। ਉਹ ਉਨ੍ਹਾਂ ਦੇ ਘਰੇ ਆਉਣ ਤੋਂ ਪਹਿਲਾਂ ਹੀ ਘਰੇ ਆਇਆ ਬੈਠਾ ਸੀ। ਹਰਬੰਸ ਕੌਰ ਦੀ ਆਉਂਦਿਆਂ ਹੀ ਗੁੱਤ ਫੜ ਲਈ ਅਤੇ ਕਿਹਾ, "ਕਿੱਥੇ ਧੱਕੇ ਖਾ ਕੇ ਆਈ ਐਂ?" ਦੋ ਥੱਪੜ ਨਾਲ ਦੀ ਨਾਲ ਗਿੱਚੀ ਵਿੱਚ ਧਰ ਦਿੱਤੇ।

"ਸਰਦਾਰ ਜੀ, ਮਾਫ਼ ਕਰ ਦਿਓ।" ਹਰਬੰਸ ਕੌਰ ਨੇ ਦੋਵੇਂ ਹੱਥ ਬੰਨ੍ਹ ਕੇ ਇੰਨਾ ਹੀ ਕਿਹਾ ਅਤੇ ਤਿੰਨੇ ਕੁੜੀਆਂ ਜੋ ਵਿਹੜੇ ਵਿੱਚ ਖੇਡ ਰਹੀਆਂ ਸਨ ਇਕਦਮ ਸਹਿਮ ਕੇ ਪੜ੍ਹਨ ਬੈਠ ਗਈਆਂ ਸਨ। ਕੁੜੀਆਂ ਸਾਹਮਣੇ ਕਈ ਵਾਰੀ ਨਿੱਕੀ ਨਿੱਕੀ ਗੱਲ ਉੱਤੇ ਬਘੇਲ ਸਿੰਹੁ ਨੇ ਹਰਬੰਸ ਕੌਰ ਨੂੰ ਬੁਰਾ ਭਲਾ ਵੀ ਕਿਹਾ ਸੀ ਅਤੇ ਗਾਲ੍ਹਾਂ ਵੀ ਕੱਢੀਆਂ ਸਨ। ਦੋਵੇਂ ਵੱਡੀਆਂ ਕੁੜੀਆਂ ਜਸ ਤੇ ਅਮਨ ਤਾਂ ਕਦੇ ਵੀ ਬੋਲੀਆਂ ਨਹੀਂ ਸਨ, ਪਰ ਛੋਟੀ ਰੁਪਿੰਦਰ ਨੇ ਆਪਣੀ ਮਾਂ ਨੂੰ ਕਈ ਵਾਰੀ ਕਿਹਾ ਸੀ, "ਮੰਮਾ, ਡੈਡੀ ਤੁਹਾਡੇ ਨਾਲ ਬੈਡ ਬੀਹੇਵ ਕਿਉਂ ਕਰਦੇ ਨੇ? ਮੰਮਾ ਜੀ, ਆਈ ਡਾਂਟ ਲਾਈਕ ਦਿਸ।"

"ਕੋਈ ਨਾ ਪੁੱਤ, ਬੰਦੇ ਹੁੰਦੇ ਹੀ ਐਦਾਂ ਦੇ ਨੇ।" ਹਰਬੰਸ ਕੌਰ ਇਹ ਕਹਿ ਕੇ ਕੁੜੀ ਨੂੰ ਟਾਲ ਛੱਡਦੀ, ਪਰ ਲਾਟਾਂ ਉਸ ਦੇ ਅੰਦਰ ਵੀ ਮੱਚਦੀਆਂ। ਲੋਕ ਲੱਜੋਂ ਦਿਲ ਵਿੱਚ ਮੱਚਦੀ ਅੱਗ ਨੂੰ ਉਹ ਕਿਵੇਂ ਨਾ ਕਿਵੇਂ ਸ਼ਾਂਤ ਕਰ ਲੈਂਦੀ।

ਰੁਪਿੰਦਰ ਨੂੰ ਕੈਨੇਡਾ ਗਈ ਨੂੰ ਡੇਢ ਕੁ ਸਾਲ ਹੋ ਗਿਆ ਸੀ। ਉਸ ਨੇ ਆਪਣੇ ਡੈਡੀ ਬਘੇਲ ਸਿੰਘ ਦੇ ਕੈਨੇਡਾ ਆਉਣ ਦੇ ਪੇਪਰ ਆਪਣੇ ਜਨਮ ਦਿਨ ਉੱਤੇ ਲਾ ਦਿੱਤੇ। ਮਹੀਨੇ ਕੁ ਵਿੱਚ ਉਸ ਨੂੰ ਕੈਨੇਡਾ ਜਾਣ ਲਈ ਵੀਜ਼ਾ ਮਿਲ ਗਿਆ। ਦਸ ਦਿਨਾਂ ਵਿੱਚ ਹੀ ਉਸ ਨੇ ਕੈਨੇਡਾ ਜਾਣ ਦੀ ਟਿਕਟ ਲੈ ਲਈ। ਉਸ ਨੂੰ ਕੈਨੇਡਾ ਜਾਣ ਦਾ ਲੋਹੜਿਆਂ ਦਾ ਚਾਅ ਸੀ। ਉਸ ਦੇ ਮਨ ਦੇ ਖਿਆਲਾਂ ਵਿੱਚ ਕੈਨੇਡਾ ਸਵਰਗ ਸੀ, ਜਿੱਥੇ ਸਿਰਫ਼ ਡਾਲਰ ਹੀ ਡਾਲਰ ਸਨ। ਉਸ ਦੇ ਮਨ ਦੇ ਖਿਆਲ, ਸੁਨਹਿਰੀ ਸੁਪਨਿਆਂ ਵਾਲੀ ਦੁਨੀਆ ਵਿੱਚ ਗੁਆਚ ਜਾਂਦੇ। ਵੱਡੇ ਵੱਡੇ ਪੈ਼ਲੀ ਦੇ ਫਾਰਮਾਂ ਵਿੱਚ ਉਹ ਆਪਣੇ ਆਪ ਨੂੰ ਕਦੇ ਮਜ਼ਦੂਰਾਂ ਤੋਂ ਕੰਮ ਕਰਾਉਂਦਾ ਫਿਰਦਾ ਦਿਖਾਈ ਦਿੰਦਾ। ਕਦੇ ਬੇਰੀ ਤੋੜਦੇ ਮਜ਼ਦੂਰ, ਕਦੇ ਉਸ ਨੂੰ ਆਪਣੀ ਸਲਤਨਤ ਵਿੱਚ ਸਾਰੇ ਆਪਣੇ ਅੱਗੇ ਪਿੱਛੇ ਭੱਜੇ ਫਿਰਦੇ ਦਿਖਾਈ ਦਿੰਦੇ। ਕਦੇ ਉਸ ਦੇ ਖਿਆਲਾਂ ਨੂੰ ਉਦੋਂ ਹਵਾ ਮਿਲ ਜਾਂਦੀ, ਜਦੋਂ ਉਹ ਆਪਣੀਆਂ ਧੀਆਂ ਨੂੰ ਆਵਾਜ਼ ਮਾਰਦਾ ਅਤੇ ਡਰਦੀਆਂ ਸਹਿਮੀਆਂ ਤਿੰਨੋਂ ਉਸ ਦੇ ਸਾਹਮਣੇ ਨੀਵੀਂ ਪਾ ਕੇ ਆ ਖੜ੍ਹਦੀਆਂ। ਇਨ੍ਹਾਂ ਸੋਚਾਂ ਦੇ ਨਾਲ ਹੀ ਉਹ ਦਿੱਲੀ ਦੇ ਹਵਾਈ ਅੱਡੇ ਤੋਂ ਕੈਨੇਡਾ ਜਾਣ ਲਈ ਜਹਾਜ਼ ਵਿੱਚ ਬੈਠ ਗਿਆ। ਜਹਾਜ਼ ਵਿੱਚ ਬੈਠਦਿਆਂ ਹੀ ਉਸ ਦੀਆਂ ਸੋਚਾਂ ਉਸ ਤੋਂ ਪਹਿਲਾਂ ਆਪਣੀ ਧੀ ਰੁਪਿੰਦਰ ਕੋਲ ਪਹੁੰਚ ਗਈਆਂ। ਜਣੀ ਰੁਪਿੰਦਰ ਉਸ ਨੂੰ ਬਹੁਤ ਬੇਸਬਰੀ ਨਾਲ ਉਡੀਕ ਰਹੀ ਹੈ ਅਤੇ ਕਹਿ ਰਹੀ ਹੈ, "ਡੈਡੀ ਜੀ, ਆਈ ਮਿਸ ਯੂ। ਮੈਂ ਤੁਹਾਨੂੰ ਬਹੁਤ ਪਿਆਰ ਕਰਦੀ ਹਾਂ," ਅਤੇ ਲਾਡ ਨਾਲ ਉਸ ਦੇ ਮੋਢਿਆਂ 'ਤੇ ਚੜ੍ਹ ਜਾਵੇਗੀ। ਇਨ੍ਹਾਂ ਸੋਚਾਂ ਵਿੱਚ ਹੀ ਜਹਾਜ਼ ਨੇ ਕੈਨੇਡਾ ਦੀ ਧਰਤੀ 'ਤੇ ਲੈਂਡ ਕੀਤਾ ਅਤੇ ਬਘੇਲ ਸਿੰਹੁ ਨੇ ਕੈਨੇਡਾ ਦੀ ਧਰਤੀ 'ਤੇ ਪੈਰ ਧਰਿਆ। ਜਦੋਂ ਟੋਰਾਂਟੋ ਦੇ ਏਅਰਪੋਰਟ 'ਚੋਂ ਬਾਹਰ ਨਿਕਲਿਆ ਤਾਂ ਰੁਪਿੰਦਰ ਤੇ ਵਿਵੇਕ ਉਸ ਨੂੰ ਲੈਣ ਲਈ ਖੜ੍ਹੇ ਸਨ। ਵਿਵੇਕ ਰੁਪਿੰਦਰ ਦਾ ਰੂਮਮੇਟ ਸੀ। ਰੁਪਿੰਦਰ ਦੇ ਸਲੀਵਲੈੱਸ ਟੀ ਸ਼ਰਟ ਤੇ ਉੱਚੀ ਜਿਹੀ ਦੋ ਥਾਵਾਂ ਤੋਂ ਪਾਟੀ ਹੋਈ ਜੀਨ ਪਹਿਨੀ ਹੋਈ ਸੀ। ਖੁੱਲ੍ਹੇ ਛੱਡੇ ਵਾਲ, ਖੁੱਲ੍ਹੇ ਮੌਸਮ ਦੀ ਹਵਾ ਨਾਲ ਵਾਰ ਵਾਰ ਉਸ ਦੇ ਮੂੰਹ ਨੂੰ ਢੱਕ ਰਹੇ ਸਨ। ਉਸ ਨੇ ਬਘੇਲ ਸਿੰਹੁ ਨੂੰ ਦੂਰੋਂ ਪਛਾਣਿਆ ਅਤੇ ਵਿਵੇਕ ਨਾਲ ਹੌਲੀ ਹੌਲੀ ਗੱਲਾਂ ਕਰਦੀ ਸਹਿਜ ਨਾਲ ਆਪਣੇ ਡੈਡੀ ਦੇ ਕੋਲ ਆਈ। ਉਸ ਨੇ ਆਪਣੇ ਡੈਡੀ ਨੂੰ "ਹਾਏ ਡੈਡ" ਕਹਿ ਕੇ ਵਿਵੇਕ ਨੂੰ ਕਿਹਾ, "ਵਿਵੇਕ, ਹੀ ਇਜ਼ ਮਾਈ ਡੈਡ, ਐਂਡ ਡੈਡ ਹੀ ਇਜ਼ ਵਿਵੇਕ।"

ਫਿਰ ਉਹ ਤਿੰਨੇ ਗੱਡੀ ਵਿੱਚ ਬੈਠ ਕੇ ਟੋਰਾਂਟੋ ਦੇ ਇੱਕ ਛੋਟੇ ਜਿਹੇ ਬੇਸ ਵਿੱਚ ਚਲੇ ਗਏ। ਵਿਵੇਕ ਰੁਪਿੰਦਰ ਨੂੰ ਰੈਪੀ ਕਹਿ ਕੇ ਬੁਲਾਉਂਦਾ ਸੀ। ਬਘੇਲ ਸਿੰਹੁ ਦੀ ਧੀ ਰੁਪਿੰਦਰ ਹੁਣ ਰੁਪਿੰਦਰ ਤੋਂ ਰੈਪੀ ਬਣ ਗਈ ਸੀ। ਉਸ ਨੇ ਕਦੇ ਸੁਪਨੇ ਵਿੱਚ ਵੀ ਨਹੀਂ ਸੀ ਸੋਚਿਆ ਕਿ ਇਉਂ ਵੀ ਜਿੰਦਗੀ ਹੁੰਦੀ ਹੈ? ਉਸ ਦੇ ਮਨ ਦੀਆਂ ਉੱਚੀਆਂ ਉੱਚੀਆਂ ਦੀਵਾਰਾਂ ਇੱਕ ਇੱਕ ਕਰਕੇ ਢਹਿ ਢੇਰੀ ਹੋਣ ਲੱਗੀਆਂ। ਉਹ ਮਹੀਨੇ ਕੁ ਬਾਅਦ ਹੀ ਭਾਰਤ ਵਾਪਸ ਆ ਗਿਆ ਸੀ।

ਸਾਰੇ ਰਿਸ਼ਤੇਦਾਰ ਪਹੁੰਚ ਗਏ ਸਨ। ਸਾਰੇ ਕਹਿ ਰਹੇ ਸਨ ਕਿ ਆਖ਼ਰੀ ਇਸ਼ਨਾਨ ਕਰਾਓ।

ਸੀਤੋ ਅਤੇ ਦਲੀਪੋ ਇੱਕ ਪਾਸੇ ਬੈਠੀਆਂ ਹੌਲੀ ਹੌਲੀ ਗੱਲਾਂ ਕਰ ਰਹੀਆਂ ਸਨ, "ਨੀ ਦਲੀਪੋ, ਭਾਣਾ ਕੀ ਵਾਪਰਿਆ? ਤੈਨੂੰ ਤਾਂ ਪਤਾ ਹੋਊ, ਨਾਲ ਕੰਧ ਸਾਂਝੀ ਐ। ਨਾਲੇ ਤੇਰੇ ਨਾਲ ਤਾਂ ਬਾਹ਼ਲਾ ਤਿਹੁ ਸੀ।" ਸੀਤੋ ਨੇ ਮਲਕੜੇ ਜਿਹੇ ਦਲੀਪੋ ਨੂੰ ਪੁੱਛਿਆ।

"ਭਾਈ ਪਤਾ ਨੀ, 'ਗਾਹਾਂ ਨਾ ਗੱਲ ਕਰੀਂ, ਸਾਡੀ ਦੋਹਤੀ ਵੀ ਕੈਨੇਡਾ ਹੀ ਐ, ਇਹਦੀ ਛੋਟੀ ਕੁੜੀ ਕੋ਼ਲੇ। ਉਹ ਦੱਸਦੀ ਸੀ, ਅਖੇ ਉਸ ਨੇ ਉੱਥੇ ਦੂਜੀ ਜਾਤ ਦੇ ਮੁੰਡੇ ਨਾਲ ਵਿਆਹ ਕਰਵਾ ਲਿਆ। ਸੁਣਦੇ ਆਂ ਭਾਈ, ਮੁੰਡਾ ਜਲੰਧਰ ਕੰਨੀਂ ਦਾ। ਇਹਨੇ ਡੁੱਬੜੇ ਨੇ ਰਾਤੀਂ ਐਸੇ ਗੱਲੋਂ ਕਿਤੇ ਫਾਹਾ ਲੈ ਲਿਆ, ਇਨ੍ਹਾਂ ਨੂੰ ਤਾਂ ਸਾਝਰੇ ਪਤਾ ਲੱਗਿਆ," ਦਲੀਪੋ ਨੇ ਦਬਵੀਂ ਆਵਾਜ਼ ਵਿੱਚ ਸੀਤੋ ਨੂੰ ਦੱਸਿਆ।

ਬਘੇਲ ਸਿੰਹੁ ਦੀ ਪਤਨੀ ਹਰਬੰਸ ਕੌਰ ਨੇ ਰੋਂਦਿਆਂ ਕਿਹਾ ਕਿ ਰੁਪਿੰਦਰ ਨੂੰ ਦੱਸ ਦਿਓ। ਵੱਡੀ ਕੁੜੀ ਜਸ ਨੇ ਰੁਪਿੰਦਰ ਨੂੰ ਫੋਨ ਕੀਤਾ, ਫੋਨ ਵਿਵੇਕ ਨੇ ਚੁੱਕਿਆ, "ਰੈਪੀ, ਯੋਅਰ ਕਾਲ।" "ਹੂ ਇਜ਼ ਦਿਸ?" ਰੁਪਿੰਦਰ ਨੇ ਬੀਅਰ ਪੀ ਰੱਖੀ ਸੀ ਅਤੇ ਨਸ਼ੇ ਦੀ ਹਾਲਤ ਵਿੱਚ ਸੀ। "ਜਸ ਯੋਅਰ ਸਿਸ। ਕਹਿ ਰਹੀ ਹੈ, ਡੈਡ ਇਜ਼ ਨੋ ਮੋਰ।" ਜਸ ਨੇ ਰੋਂਦਿਆਂ ਕਿਹਾ, "ਰੁਪਿੰਦਰ ਡੈਡੀ ਨਹੀਂ ਰਹੇ।" "ਲੀਵ ਆਊਟ ਯਾਰ," ਰੁਪਿੰਦਰ ਨੇ ਇੰਨਾ ਕਹਿ ਕੇ ਫੋਨ ਕੱਟ ਦਿੱਤਾ।

---



# ਰੰਗਾਂ ਦਾ ਇਨਸਾਨਾਂ ਉੱਤੇ ਪ੍ਰਭਾਵ

**‘ਜ਼ਿੰਦਗੀ ਇੱਕ ਸਤਰੰਗੀ ਪੀਂਘ ਹੈ
ਜਿਸ ਦੇ ਸਾਰੇ ਰੰਗ ਮਾਨਣ ਲਈ
ਧੁੱਪ ਅਤੇ ਮੀਂਹ ਦੋਵੇਂ ਜ਼ਰੂਰੀ ਹਨ’**

‘ਰੰਗ’ ਇੱਕ ਬਹੁਤ ਹੀ ਸੁੰਦਰ ਤੇ ਰੰਗੀਨ ਸ਼ਬਦ ਹੈ। ਅੱਖਾਂ ਨਾਲ ਅਨੁਭਵ ਹੋਣ ਵਾਲੇ ਪਦਾਰਥ ਦੇ ਆਕਾਰ ਅਤੇ ਰੂਪ ਤੋਂ ਭਿੰਨ ਇੱਕ ਗੁਣ ਹੈ ‘ਰੰਗ’। ਇਸੇ ਤਰ੍ਹਾਂ ਰੰਗਾਂ ਦੇ ਸਾਡੇ ਦਿਮਾਗ ਅਤੇ ਮਨ ਉੱਤੇ ਬਹੁਤ ਗਹਿਰਾ ਪ੍ਰਭਾਵ ਪੈਂਦਾ ਹੈ। ਰੰਗ ਅਤੇ ਜਜ਼ਬਾਤ ਬਹੁਤ ਨੇੜਿਓ ਜੁੜ੍ਹੇ ਹੋਏ ਹਨ। ਗੂੜੇ ਰੰਗ, ਠੰਡੇ ਰੰਗ ਜਾਂ ਚਟਕ ਰੰਗ ਵੱਖ-ਵੱਖ ਤਰ੍ਹਾਂ ਦੇ ਜਜ਼ਬਾਤਾਂ ਤੇ ਅਸਰ ਕਰਦੇ ਹਨ।

ਇਸੇ ਤਰ੍ਹਾਂ ਹੀ ਕਪੜਿਆਂ ਦੇ ਰੰਗਾਂ ਦਾ ਜਾਂ ਸਾਡੇ ਆਲੇ-ਦੁਆਲੇ ਦੀਆਂ ਚੀਜ਼ਾਂ ਦੇ ਰੰਗਾਂ ਦਾ ਸਾਡੇ ਤੇ ਕੀ ਅਸਰ ਪੈਂਦਾ ਹੈ ? ਸਾਨੂੰ ਇਹ ਸਮਝਣਾ ਹੋਵੇਗਾ। ਕੋਈ ਰੰਗ ਜਿਸ ਤਰ੍ਹਾਂ ਦਾ ਦਿਸ ਰਿਹਾ ਹੈ ਇਹੋ ਜਿਹਾ ਕਿਉਂ ਦਿਸਦਾ ਹੈ। ਚਿੱਟਾ ਰੰਗ ਵੀ ਸਫੈਦ ਕਿਉਂ ਹੈ ਜਦੋਂ ਕਿਸੇ ਰੰਗ ’ਤੇ ਰੋਸ਼ਨੀ ਪੈਂਦੀ ਹੈ ਜੇ ਉਹ ਪੂਰੀ ਰੋਸ਼ਨੀ ਨੂੰ ਪ੍ਰਤੀਬਿੰਬ ਕਰ ਦਿੰਦਾ ਹੈ ਤਾਂ ਚਿੱਟਾ ਜਾਪਦਾ ਹੈ। ਰੰਗਾਂ ਵਿੱਚ ਇੰਨੀ ਤਾਕਤ ਹੈ ਇਹ ਸਾਨੂੰ, ਖੁਸ਼ ਕਰ ਸਕਦੇ ਹਨ ਜਾਂ ਦੁਖੀ ਵੀ ਮਹਿਸੂਸ ਕਰਾ ਸਕਦੇ ਹਨ। ਇਥੋਂ ਤੱਕ ਕੇ ਸਾਨੂੰ ਭੁੱਖ ਜਾਂ ਆਰਾਮ ਵੀ ਮਹਿਸੂਸ ਕਰਾ ਸਕਦੇ ਹਨ।

ਗੂੜੇ ਰੰਗ ਜਿਵੇਂ ਕਿ ਲਾਲ, ਸੰਤਰੀ ਅਤੇ ਪੀਲਾ ਇਹ ਇਨਸਾਨ ਵਿੱਚ ਖੁਸ਼ੀ, ਉਤਸ਼ਾਹ ਅਤੇ ਸਕਾਰਾਤਮਕ ਸੋਚ ਨੂੰ ਉਜਾਗਰ ਕਰਦੇ ਹਨ। ਠੰਡੇ ਰੰਗ ਜਿਵੇਂ ਕਿ ਹਰਾ, ਨੀਲਾ ਬੈਂਗਨੀ ਆਦਿ ਸ਼ਾਂਤੀ ਅਤੇ ਟਿਕਾਓ ਦੇ ਪ੍ਰਤੀਕ ਹਨ ਪਰ ਕਦੇ ਕਦੇ ਉਦਾਸੀ ਵੀ ਦਰਸਾਉਂਦੇ ਹਨ। ਇਸ ਤਰ੍ਹਾਂ ਹਰ ਤਰ੍ਹਾਂ ਦੇ ਰੰਗ ਮਨੁੱਖ ਦੇ ਵੱਖ ਵੱਖ ਪ੍ਰਭਾਵ ਪਾਉਂਦੇ ਹਨ। ਕਲਾਕਾਰ ਅਤੇ ਜਿਹੜੇ ਲੋਕ ਘਰਾਂ ਨੂੰ ਸਜਾਉਣ ਦਾ ਕੰਮ ਕਰਦੇ ਹਨ, ਉਨ੍ਹਾਂ ਦੀ ਧਾਰਨਾ ਹੈ ਕਿ ਸਾਡੇ ਸੁਭਾਅ, ਮਹਿਸੂਸ ਕਰਨ ਤੇ ਸਾਡੇ ਜਜ਼ਬਾਤਾਂ ਤੇ ਬਹੁਤ ਅਸਰ ਕਰਦੇ ਹਨ। ਕੁਝ ਵਿਗਿਆਨੀ ਅਤੇ ਡਾਕਟਰ ਮੰਨਦੇ ਹਨ ਕਿ ਰੰਗ ਸਾਡੇ ਬਲੱਡ ਪ੍ਰੇਸ਼ਰ, ਭੁੱਖ ਲੱਗਣ ਅਤੇ ਅੱਖਾਂ ਤੇ ਵੀ ਅਸਰ ਕਰਦੇ ਹਨ। ਕੁਝ ਰੰਗ ਤਾਂ ਅੱਖਾਂ ਦੇਖ ਸਕਦੀਆਂ ਹਨ ਕੁਝ ਪਰਾ ਬੈਂਗਨੀ ਰੰਗ ਅੱਖਾਂ ਦੀ ਹੋਂਦ ਤੋਂ ਪਰੇ ਹਨ। ਉਦਾਹਰਣ ਵਜੋਂ ਤਿੱਤਲੀ ਲੱਗਭਗ 3000 ਰੰਗਾਂ ਨੂੰ ਦੇਖ ਸਕਦੀ ਹੈ ਜੋ ਕਿ ਇਨਸਾਨ ਦੀ ਪਹੁੰਚ ਤੋਂ ਬਹੁਤ ਜ਼ਿਆਦਾ ਹੈ।



ਕਿਰਨਦੀਪ ਕੌਰ
ਉਸਾਹਨ

ਧਰਤੀ ਸਾਨੂੰ ਰੰਗੀਨ ਦਿਸਦੀ ਹੈ ਉਹ ਇਸ ਕਰਕੇ ਕਿ ਰੰਗ ਸਿਰਫ਼ ਅੱਖਾਂ ਵਿੱਚ ਵੱਸਦੇ ਹਨ। ਭਾਵ ਲਾਲ, ਨੀਲਾ, ਹਰਾ, ਪੀਲਾ ਇਹ ਸਭ ਅੱਖਾਂ ਦੀ ਰਸਾਇਣਿਕ ਕਿਰਿਆ ਦਾ ਨਤੀਜਾ ਹੈ। ਕੁਝ ਜਾਨਵਰਾਂ ਨੂੰ ਤਾਂ ਕਾਲਾ ਅਤੇ ਚਿੱਟਾ ਹੀ ਦਿਸਦਾ ਹੈ।

ਜੇਕਰ ਅਸੀਂ ਰੰਗਾਂ ਤੋਂ ਬਿਨ੍ਹਾਂ ਦੁਨੀਆਂ ਬਾਰੇ ਸੋਚਾਂਗੇ ਤਾਂ ਦਿਮਾਗ ਇਕਦਮ ਖਾਲੀ ਹੋ ਜਾਵੇਗਾ। ਕਿਉਂਕਿ ਦੁਨੀਆਂ ਦੀ ਸ਼ੁਰੂਆਤ ਤੋਂ ਲੈ ਕੇ ਅੰਤ ਤੱਕ ਰੰਗ ਹੋਂਦ ਵਿੱਚ ਸੀ ਅਤੇ ਰਹਿਣਗੇ। ‘ਰੰਗ’ ਕੁਦਰਤ ਦੀ ਖੂਬਸੂਰਤ ਹੋਂਦ ਦਾ ਨਮੂਨਾ ਹੈ। ਪੇੜ-ਪੌਂਦੇ, ਫਲ, ਸਬਜ਼ੀਆਂ ਹਰ ਚੀਜ਼ ਰੰਗਦਾਰ ਹੈ। ਜਿਵੇਂ ਕੁਦਰਤੀ ਗੈਸਾਂ ਹੋਂਦ ਵਿੱਚ ਹਨ ਉਸ ਤਰ੍ਹਾਂ ਹੀ ਰੰਗਾਂ ਦਾ ਵੀ ਆਪਣਾ ਵਜੂਦ ਹੈ।

**“ਕੁਦਰਤ ਦਾ ਹਰ ਇੱਕ ਰੰਗ ਖਾਸ ਹੈ
ਹਰ ਰੰਗ ਵਿੱਚ ਅਹਿਸਾਸ ਹੈ।”**

# ਸਕੂਨ ਅਤੇ ਸੇਧ

ਲੇਖਕ : ਕਰਨੈਲ ਸਿੰਘ ਸੋਮਲ
ਸੰਪਰਕ: 98141-57137



ਉਹ ਗੁਜ਼ਰ ਗਈ, ਨੱਬੇ ਨੂੰ ਢੁਕਣ ਵਾਲੀ ਸੀ। ਘਰ ਵਿੱਚ ਇਕੱਲੀ ਰਹਿੰਦੀ ਸੀ। ਘਰਵਾਲੇ ਦਾ ਦੇਹਾਂਤ ਬਹੁਤ ਸਾਲ ਪਹਿਲਾਂ ਹੋ ਗਿਆ ਸੀ। ਉਹ ਫ਼ੌਜ ਤੋਂ ਰਿਟਾਇਰ ਹੋਇਆ ਸੀ। ਉਸ ਦੀ ਪੈਨਸ਼ਨ ਫਿਰ ਉਸ ਦੀ ਪਤਨੀ ਨੂੰ ਲੱਗ ਗਈ ਸੀ। ਬਾਲ-ਬੱਚਾ ਕੋਈ ਨਹੀਂ ਸੀ। ਪਿਛਲੇ ਕੁਝ ਸਾਲਾਂ ਤੋਂ ਉਹ ਵਧਦੀ ਉਮਰ ਦੀਆਂ ਕਈ ਬਿਮਾਰੀਆਂ ਤੋਂ ਪੀੜਤ ਸੀ। ਪਹਿਲਾਂ ਨੇਮ ਨਾਲ ਗੁਰਦੁਆਰੇ ਜਾਂਦੀ ਸੀ। ਜਦ ਤੋਂ ਤੁਰਨਾ-ਫਿਰਨਾ ਮੁਸ਼ਕਿਲ ਹੋ ਗਿਆ, ਉਹ ਬਹੁਤਾ ਸਮਾਂ ਘਰੇ ਰਹਿੰਦੀ ਸੀ। ਪਿੰਡ ਵਿੱਚ ਆਮ ਘਰਾਂ ਦੇ ਦਰਵਾਜ਼ੇ ਹੁਣ ਬੰਦ ਹੀ ਰਹਿੰਦੇ ਹਨ। ਪਹਿਲਾਂ ਕੁੱਤੇ-ਬਿੱਲੀ ਤੋਂ ਸਿਰਫ਼ ਫਟਕਣੀ ਜਿਹੀ ਲਾਈ ਹੁੰਦੀ ਸੀ। ਹੁਣ ਵੱਡੇ ਤੇ ਉੱਚੇ ਫਾਟਕ ਹਨ। ਉਸ ਬਜ਼ੁਰਗ ਔਰਤ ਦਾ ਬੂਹਾ ਪਰ ਅਕਸਰ ਖੁੱਲ੍ਹਾ ਰਹਿੰਦਾ। ਇਸ ਕਾਰਨ ਗ਼ਲੀ ਵਿੱਚੋਂ ਲੰਘਦੀ ਕੋਈ ਆਂਢਣ-ਗੁਆਂਢਣ ਉਸ ਨੂੰ ਦੇਖ ਕੇ ਅੰਦਰ ਆ ਜਾਂਦੀ। ਜੇ ਇੱਕ ਜਾਂਦੀ ਤਾਂ ਕੋਈ ਹੋਰ ਆ ਬੈਠਦੀ। ਕਈ ਵਾਰੀ ਤਿੰਨ-ਚਾਰ ਔਰਤਾਂ ਵੀ ਬੈਠੀਆਂ ਹੁੰਦੀਆਂ। ਹਾਸਾ ਠੱਠਾ ਹੁੰਦਾ ਰਹਿੰਦਾ। ਉਹ ਆਪਣੀਆਂ ਇਨ੍ਹਾਂ ਸਹੇਲੀਆਂ ਨੂੰ ਚਾਹ ਆਦਿ ਵੀ ਪਿਲਾ ਦਿੰਦੀ। ਇਵੇਂ ਉਸ ਔਰਤ ਦਾ ਵਕਤ ਸੋਹਣਾ ਲੰਘ ਜਾਂਦਾ। ਬਾਹਰ ਦੀ ਖ਼ਬਰ-ਸਾਰ ਉਸ ਨੂੰ ਘਰੇ ਹੀ ਮਿਲੀ ਜਾਂਦੀ। ਪੈਨਸ਼ਨ ਦੇ ਪੈਸਿਆਂ ਨਾਲ ਉਸ ਦਾ ਗ਼ੁਜ਼ਾਰਾ ਖੁੱਲ੍ਹਾ ਹੋਈ ਜਾਂਦਾ। ਉਹ ਤਾਂ ਸਗੋਂ ਕਈ ਲੋੜਵੰਦਾਂ ਦੀਆਂ ਬੁੱਤੀਆਂ ਵੀ ਸਾਰ ਦਿੰਦੀ।

ਅਜਿਹੇ ਕਈ ਮੌਕੇ ਆਏ ਕਿ ਜਦੋਂ ਉਸ ਨੂੰ ਸਿਹਤ ਵਿਗਾੜ ਕਰ ਕੇ ਕਿਸੇ ਹਸਪਤਾਲ ਜਾਣ ਬਾਰੇ ਸੋਚਣਾ ਪਿਆ। ਇੱਥੇ ਉਸ ਨੂੰ ਦੋ ਗੱਲਾਂ ਬੜੀਆਂ ਸਹਾਈ ਹੋਈਆਂ। ਪਹਿਲੀ ਇਹ ਕਿ ਫ਼ੌਜੀ ਦੀ ਪਤਨੀ ਹੋਣ ਕਾਰਨ ਉਸ ਦਾ ਇਲਾਜ ਕਿਸੇ ਵੀ ਨਾਮੀ ਪ੍ਰਾਈਵੇਟ ਹਸਪਤਾਲ ਵਿੱਚ ਮੁਫ਼ਤ ਹੋ ਜਾਂਦਾ ਸੀ। ਬਿਲ ਦੀ ਅਦਾਇਗੀ ਸਰਕਾਰ ਕਰਦੀ ਸੀ। ਉਹ ਤਾਂ ਸਿਰਫ਼ ਆਪਣਾ ਕਾਰਡ ਹੀ ਦਿਖਾਉਂਦੀ ਸੀ। ਦੂਜਾ, ਉਹ ਜਿਹੜੇ ਪਿੰਡ ਰਹਿੰਦੀ ਸੀ, ਉਹ ਕਾਫ਼ੀ ਵੱਡਾ ਸੀ। ਉੱਥੇ ਕਈ ਇਹੋ ਜਿਹੇ ਬੰਦੇ ਵੀ ਸਨ ਜਿਹੜੇ ਕਿਸੇ ਦੀ ਲੋੜ ਪਤਾ ਲੱਗਣ 'ਤੇ ਝੱਟ ਅਗਲੇ ਦੇ ਘਰ ਮਦਦ ਲਈ ਪਹੁੰਚ ਜਾਂਦੇ। ਇੰਝ ਉਹ ਤਤਕਾਲ ਗੱਡੀ ਕਰ ਕੇ ਉਸ ਨੂੰ ਹਸਪਤਾਲ ਜਾ ਦਾਖ਼ਲ ਕਰਾ ਦਿੰਦੇ ਸਨ। ਫਿਰ ਪਰਿਵਾਰ ਦੇ ਜੀਆਂ ਵਾਂਗ ਸਵੇਰੇ ਸ਼ਾਮ ਉਸ ਦੀ ਖ਼ਬਰ-ਸਾਰ ਵੀ ਲੈਂਦੇ। ਉਸ ਬਜ਼ੁਰਗ ਦੇ ਰਿਸ਼ਤੇਦਾਰ ਵੀ ਗੇੜਾ ਮਾਰਦੇ ਪਰ ਪਿੰਡ ਦੇ ਭਲੇ ਬੰਦਿਆਂ ਦੇ ਸਿਰ ਪੁਰ ਉਨ੍ਹਾਂ ਨੂੰ ਕੋਈ ਚਿੰਤਾ ਨਾ ਰਹਿੰਦੀ। ਸੋ, ਬਿਮਾਰੀ-ਠਮਾਰੀ ਸਮੇਂ ਸਾਂਭ-ਸੰਭਾਲ ਦਾ ਕੋਈ ਮਸਲਾ ਨਾ ਰਹਿੰਦਾ।

ਇੰਨਾ ਹੀ ਨਹੀਂ, ਪਿੰਡ ਦੇ ਇਸ ਭਾਂਤ ਦੀ ਸੇਵਾ ਵਿੱਚ ਲੱਗੇ ਨੌਜਵਾਨ ਬਿਮਾਰ ਬਜ਼ੁਰਗਾਂ ਦੀ ਖ਼ਬਰ-ਸਾਰ ਲੈਂਦੇ ਰਹਿੰਦੇ ਸਨ। ਕੋਈ ਦਵਾਈ-ਬੂਟੀ ਚਾਹੀਦੀ ਹੁੰਦੀ, ਝੱਟ ਲਿਆ ਦਿੰਦੇ। ਇਸ ਭਾਂਤ ਦੇ ਸਹਾਰਿਆਂ ਕਾਰਨ ਉਸ ਬਜ਼ੁਰਗ ਔਰਤ ਨੂੰ ਲੱਗਦਾ ਹੀ ਨਾ ਕਿ ਉਹ ਇਕੱਲੀ ਜਾਂ ਬੇਸਹਾਰਾ ਹੈ। ਫਿਰ ਅਜਿਹਾ ਸਮਾਂ ਆਇਆ ਕਿ ਉਹ ਆਪਣਾ ਰੋਟੀ-ਟੁੱਕ, ਘਰ ਦੀ ਸਫ਼ਾਈ ਅਤੇ ਕੱਪੜੇ-ਲੀੜੇ ਧੋਣ ਜੋਗੀ ਨਾ ਰਹੀ। ਐਪਰ ਛੇਤੀ ਹੀ ਢੋਅ ਢੁਕ ਗਿਆ। ਹੋਇਆ ਇਹ ਕਿ ਪਿੰਡ ਦੇ ਬਹੁਤੇ ਕਿਰਸਾਨਾਂ ਨੇ ਆਪਣੇ ਖੇਤਾਂ ਵਿੱਚ ਖੁੱਲ੍ਹੇ ਘਰ ਜਾ ਪਾ ਲਏ। ਉਨ੍ਹਾਂ ਦੇ ਪਿੰਡ ਵਿਚਲੇ ਘਰ ਖ਼ਾਲੀ ਰਹਿਣ ਲੱਗੇ। ਇਨ੍ਹਾਂ ਘਰਾਂ ਵਿੱਚ ਤਦ ਕਿਰਤੀ ਪਰਿਵਾਰ ਜਿਹੜੇ ਕਿਰਸਾਣੀ ਦੇ ਕੰਮਾਂ-ਧੰਦਿਆਂ ਵਿੱਚ ਸਹਾਈ ਹੁੰਦੇ ਸਨ, ਆ ਵੱਸ ਗਏ। ਇਸ ਬਜ਼ੁਰਗ ਔਰਤ ਦੇ ਗੁਆਂਢ ਵਿੱਚ ਇੱਕ ਸਾਊ ਪਰਿਵਾਰ ਆ ਵੱਸਿਆ। ਸ਼ੁਰੂ ਵਿੱਚ ਉਸ ਘਰ ਦੀ ਅਧਖੜ੍ਹ ਔਰਤ ਉਸ ਘਰ ਵਿੱਚ ਸਫ਼ਾਈ ਦਾ ਕੰਮ ਕਰਨ ਲੱਗ ਪਈ, ਨਾਲ ਕੱਪੜੇ ਵਗੈਰਾ ਵੀ ਧੋਣ ਲੱਗ ਪਈ। ਹੌਲ਼ੀ-ਹੌਲ਼ੀ ਉਹ ਉਸ ਬਜ਼ੁਰਗ ਔਰਤ ਦੀ ਰਸੋਈ ਵਿੱਚ ਜਾ ਕੇ ਚਾਹ-ਪਾਣੀ ਅਤੇ ਰੋਟੀ ਤਿਆਰ ਕਰਨ ਲੱਗ ਪਈ।

ਹੁਣ ਅਗਲਾ ਪੜਾਅ ਸੀ ਉਸ ਬਜ਼ੁਰਗ ਔਰਤ ਦੀ ਪੂਰੇ ਸਮੇਂ ਲਈ ਦੇਖ-ਭਾਲ ਕਰਨ ਦਾ। ਤਦ ਉਹ ਅਧਖੜ੍ਹ ਔਰਤ ਰਾਤ ਨੂੰ ਉਸ ਦੇ ਕੋਲ ਹੀ ਸੌਣ ਲੱਗ ਪਈ। ਉਸ ਦੀ ਨੂੰਹ ਨੇ ਸੁਝਾਇਆ ਕਿ ਇਸ ਮਾਤਾ ਨੇ ਮਸਾਂ ਇੱਕ-ਦੋ ਫੁਲਕੀਆਂ ਹੀ ਖਾਣੀਆਂ ਹੁੰਦੀਆਂ, ਸੋ ਉਸ ਲਈ ਲੋੜੀਂਦਾ ਖਾਣਾ ਉਹ ਆਪਣੇ ਟੱਬਰ ਦੇ ਨਾਲ ਹੀ ਆਪਣੇ ਘਰ ਵਿੱਚ ਬਣਾ ਕੇ ਦੇ ਦਿਆ ਕਰੇਗੀ। ਗ਼ਲੀ ਤੋਂ ਪਾਰ ਸਾਹਮਣੇ ਹੀ ਉਹ ਰਹਿੰਦੇ ਸਨ। ਸਾਫ਼-ਸੁਥਰਾ ਅਤੇ ਚੰਗੇ ਚੱਜ-ਅਚਾਰ ਵਾਲਾ ਪਰਿਵਾਰ ਸੀ ਉਹ। ਬਜ਼ੁਰਗ ਔਰਤ ਇਸ ਗੱਲੋਂ ਸਿਆਣੀ ਸੀ। ਉਹ ਆਪਣੀ ਪੈਨਸ਼ਨ ਵਿੱਚੋਂ ਇਸ ਪਰਿਵਾਰ ਦੀ ਸਹਾਇਤਾ ਨਾਲੋ-ਨਾਲ ਕਰੀ ਜਾਂਦੀ ਸੀ। ਨਾਲੇ ਉਸ ਦੀ ਬੋਲ-ਚਾਲ ਸਾਊਆਂ ਵਾਲੀ ਸੀ। ਇਸ ਬਜ਼ੁਰਗ ਔਰਤ ਦੇ ਸਾਰੇ ਸਬੰਧੀ ਖ਼ੁਸ਼ ਸਨ। ਹਰ ਇੱਕ ਦੇ ਆਪਣੇ ਘਰਾਂ ਦੇ ਝਮੇਲੇ ਸਨ। ਹਾਂ, ਕਦੇ-ਕਦਾਈਂ ਉਹ ਆ ਕੇ ਮਿਲ ਜਾਂਦੇ ਸਨ।

ਜਿਸ ਰਾਤ ਉਸ ਬਜ਼ੁਰਗ ਔਰਤ ਦਾ ਅੰਤਿਮ ਸਮਾਂ ਆਇਆ, ਸਹਾਇਤਾ ਕਰਨ ਵਾਲਾ ਇਹ ਪਰਿਵਾਰ ਉਸ ਦੇ ਕੋਲ਼ ਸੀ। ਝੱਟ ਸਮਾਜ ਸੇਵਾ ਕਰਨ ਵਾਲੇ ਇੱਕ ਨੌਜਵਾਨ ਨੂੰ ਜਾ ਜਗਾਇਆ। ਉਹ ਤਤਕਾਲ ਉਸ ਮਾਤਾ ਨੂੰ ਗੱਡੀ ਵਿੱਚ ਪਾ ਕੇ ਤੁਰ ਪਿਆ। ਨਾਲ ਦੇਖ-ਭਾਲ ਕਰਨ ਵਾਲੀ ਸੱਸ ਨੂੰਹ ਵੀ ਬੈਠ ਗਈਆਂ। ਸੱਸ ਨੇ ਉਸ ਬਜ਼ੁਰਗ ਔਰਤ ਦਾ ਸਿਰ ਆਪਣੇ ਪੱਟਾਂ ਉੱਤੇ ਰੱਖਿਆ ਹੋਇਆ ਸੀ। ਜਦੋਂ ਉਸ ਨੂੰ ਸਿਰ ਦਾ ਭਾਰ ਅਚਾਨਕ ਵਧੇਰੇ ਮਹਿਸੂਸ ਹੋਇਆ ਤਾਂ ਉਸ ਨੇ ਜਾਣ ਲਿਆ ਕਿ ਪ੍ਰਾਣੀ ਦੇ ਪੰਖੇਰੂ ਉੱਡ ਗਏ ਹਨ। ਫਿਰ ਵੀ ਉਹ ਉਸ ਨੂੰ ਇਸ ਆਸ ਨਾਲ ਹਸਪਤਾਲ ਲੈ ਗਏ ਕਿ ਸ਼ਾਇਦ ਉਸ ਦੀ ਜਾਨ ਬਚ ਜਾਵੇ। ਇਹ ਭਲੇ ਲੋਕ ਸਾਰੀ ਰਾਤ ਨੱਸ-ਭੱਜ ਵਿੱਚ ਹੀ ਫਿਰਦੇ ਰਹੇ। ਸਵੇਰੇ ਹਸਪਤਾਲ ਵਾਲਿਆਂ ਨੇ ਉਸ ਔਰਤ ਨੂੰ 'ਮ੍ਰਿਤਕ ਲਿਆਂਦੀ' ਐਲਾਨ ਕੇ ਵਾਪਸ ਭੇਜ ਦਿੱਤਾ।

ਅਗਲੇ ਦਿਨ ਸਸਕਾਰ ਸੀ। ਸਭ ਤੋਂ ਵੱਧ ਉਹ ਸੱਸ ਅਤੇ ਨੂੰਹ ਰੋ ਰਹੀਆਂ ਸਨ। ਮੈਂ ਹੈਰਾਨ ਸਾਂ ਕਿ ਉਹ ਕਥਿਤ ਦਲਿਤ ਪਰਿਵਾਰ, ਉਸ ਬਜ਼ੁਰਗ ਔਰਤ ਦਾ ਕਿੰਨਾ ਆਪਣਾ ਸੀ। ਭੱਠ ਪੈਣ ਇਹ ਜਾਤ-ਪਾਤ ਦੇ ਵਿਤਕਰੇ। ਅਸਲੀ ਸਬੰਧ ਮਨੁੱਖ ਦਾ ਮਨੁੱਖ ਨਾਲ ਭਰਪੂਰ ਹਮਦਰਦੀ ਸਦਕਾ ਹੈ।

ਸ਼ੋਰ ਸਾਈਡ ਫਿਸ਼ ਕੈਨਰੀ



ਤੁਹਾਡੀ ਸਹੂਲਤ ਲਈ ਸਰੀ 'ਚ ਨਵਾਂ ਦਫ਼ਤਰ ਖੋਲ੍ਹ ਦਿੱਤਾ ਹੈ।

ਫੋਨ : 604-594-0616
ਫੈਕਸ : 604 594 0611

STUDENTS CAN ALSO APPLY
ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਫੋਰਕ ਲਿਫਟਰ ਅਤੇ ਕਲਾਸ 4 ਡਰਾਈਵਰਾਂ ਦੀ ਤੁਰੰਤ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ।

* ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
* ਚੰਗੀ ਤਨਖ਼ਾਹ ਅਤੇ ਘਰ ਵਰਗਾ ਮਾਹੌਲ।
* ਕੰਮ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE : 604-244-1118, FAX : 604-270-3075

ਲੇਖਕ : ਡਾਕਟਰ ਅਮਨਪ੍ਰੀਤ ਸਿੰਘ ਬਰਾੜ

# ਲੋਕ ਸਭਾ ਚੋਣਾਂ ਵਿਚ ਪਾਣੀ ਮੁੱਦਾ ਹੀ ਨਹੀਂ ਬਣਿਆ



ਅੱਜ ਪੰਜਾਬ ਲਈ ਬੇਰੁਜ਼ਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ ਅਤੇ ਕਾਨੂੰਨ ਵਿਵਸਥਾ ਤੋਂ ਅੱਗੇ ਜੇ ਕੋਈ ਮੁੱਦਾ ਹੈ ਤਾਂ ਉਹ ਹੈ ਸਾਡੇ ਧਰਤੀ ਹੇਠਲੇ ਪਾਣੀ ਦੇ ਪੱਧਰ ਦਾ ਹੇਠਾਂ ਜਾਣਾ।

ਬਾਰਿਸ਼ ਘੱਟ ਰਹੀ ਹੈ ਸਾਡਾ ਨਹਿਰਾਂ ਦਾ ਪਾਣੀ ਕਾਣੀ ਵੰਡ ਕਰਕੇ ਦੂਜੇ ਸੂਬਿਆਂ ਨੂੰ ਦੇ ਦਿੱਤਾ। ਇਹ ਵਿਵਾਦ ਭਾਵੇਂ ਬੜੇ ਲੰਬੇ ਸਮੇਂ ਤੋਂ ਚੱਲ ਰਿਹਾ ਹੈ ਪਰ ਨਾ ਹੀ ਸਮੇਂ ਦੀਆਂ ਸਰਕਾਰਾਂ ਅਤੇ ਨਾ ਹੀ ਅਦਾਲਤਾਂ ਜ਼ਮੀਨੀ ਹਕੀਕਤ ਤੋਂ ਜਾਣੂੰ ਹੋਣਾ ਚਾਹੁੰਦੀਆਂ ਹਨ ਅਤੇ ਸਭ ਦੀ ਟੇਕ ਅਤੇ ਸਲਾਹ ਇਕੋ ਹੀ ਹੈ ਕਿ ਜੋ ਫ਼ੈਸਲੇ ਗਲਤ ਠੀਕ ਹੋ ਗਏ ਉਨ੍ਹਾਂ ਨੂੰ ਹੀ ਪੰਜਾਬ ਕੁਦਰਤ ਦਾ ਭਾਣਾ ਸਮਝਕੇ ਮੰਨ ਲਵੇ। ਇਹ ਕਿਹੋ ਜਿਹਾ ਵਿਕਾਸ ਅਤੇ ਰਾਜ-ਭਾਗ ਹੈ ਜਿੱਥੇ ਸਮੇਂ ਦੀ ਤਬਦੀਲੀ ਅਤੇ ਜ਼ਮੀਨੀ ਹਕੀਕਤ ਤੋਂ ਅੱਖਾਂ ਮੀਚ ਲਈਆਂ ਜਾਣ।

ਪਾਣੀ ਦਾ ਪ੍ਰਦੂਸ਼ਨ-ਪਾਣੀ ਦੇ ਪ੍ਰਦੂਸ਼ਨ ਨੂੰ ਲੈ ਕੇ ਜਿਥੇ ਸਮੇਂ ਦੀਆਂ ਸਰਕਾਰਾਂ ਦੀ ਬੇਰੁਖ਼ੀ ਰਹੀ ਹੈ ਉਥੇ ਹੀ ਆਮ ਲੋਕਾਂ ਨੇ ਵੀ ਕਦੇ ਸੋਚਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਅਸੀਂ ਜਿਹੜਾ ਪਾਣੀ ਪੀ ਰਹੇ ਹਾਂ ਉਹ ਆ ਕਿਥੋਂ ਰਿਹਾ ਹੈ। ਇਸ ਵਿਚ ਕਈ ਬੁੱਧੀਜੀਵੀ ਅਤੇ ਸਰਕਾਰੀ ਕਰਮਚਾਰੀ ਜੋ ਕਾਰਪੋਰੇਟ ਦੇ ਨਾਲ ਰਲ ਕੇ ਚਲਦੇ ਹਨ ਉਨ੍ਹਾਂ ਨੇ ਬੜੀ ਚਲਾਕੀ ਨਾਲ ਇਸ ਨੂੰ ਕਿਸਾਨਾਂ ਵਲੋਂ ਫ਼ਸਲ ਨੂੰ ਪਾਈਆਂ ਜਾਣ ਵਾਲੀਆਂ ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕਾਂ ਦੇ ਗਲ ਪਾ ਕੇ ਲੋਕਾਂ ਦਾ ਧਿਆਨ ਹੋਰ ਪਾਸੇ ਲਿਜਾਣ ਦੀ ਕੋਸ਼ਿਸ਼ ਵਿਚ ਲੱਗੇ ਹਨ। ਲੋਕਾਂ ਨਾਲ ਗੱਲ ਕਰੋ ਤਾਂ ਉਹ ਆਪਣਾ ਦਿਮਾਗ਼ ਲਾਏ ਬਿਨਾਂ ਇਹਨਾਂ ਵੱਲੋਂ ਸਿਰਜੇ ਗਏ ਬਿਰਤਾਂਤ ਦੇ ਪਿਛੇ ਲਗ ਜਾਂਦੇ ਹਨ ਅਤੇ ਸੱਚਾਈ ਜਾਨਣ ਦੀ ਕੋਸ਼ਿਸ ਨਹੀਂ ਕਰਦੇ।

ਇਸ ਵੇਲੇ ਸਾਰਾ ਮਾਲਵਾ ਖੇਤਰ ਕੈਂਸਰ ਦਾ ਸ਼ਿਕਾਰ ਹੋਇਆ ਹੈ। ਇਥੇ ਇਕ ਲੱਖ ਮਗਰ 136 ਲੋਕ ਕੈਂਸਰ ਨਾਲ ਪ੍ਰਭਾਵਿਤ ਹਨ। ਜਦਕਿ ਇਹ ਅੰਕੜਾ ਅੰਮ੍ਰਿਤਸਰ ਲਈ 41 ਹੈ। ਮਾਲਵੇ ਖੇਤਰ ਦੇ ਲੋਕ ਇਲਾਜ ਲਈ ਬੀਕਾਨੇਰ, ਫਰੀਦਕੋਟ, ਸੰਗਰੂਰ, ਲੁਧਿਆਣਾ ਅਤੇ ਚੰਡੀਗੜ੍ਹ ਆਦਿ ਸ਼ਹਿਰਾਂ ਵਲ ਜਾ ਰਹੇ ਹਨ। ਸਰਕਾਰਾਂ ਨਵੇਂ ਹਸਪਤਾਲ ਤਾਂ ਖੋਲ ਰਹੀਆਂ ਹਨ ਪਰ ਇਸ ਸਮੱਸਿਆ ਦਾ ਸਥਾਈ ਹੱਲ ਨਹੀਂ ਕਰ ਰਹੀਆਂ। ਦਿਨ-ਬ-ਦਿਨ ਪਾਣੀ ਦੇ ਪ੍ਰਦੂਸ਼ਨ ਦੀ ਸਮੱਸਿਆ ਵੱਧ ਰਹੀ ਹੈ। ਇਥੇ ਮੇਰਾ ਭਾਵ ਹੈ ਕਿ ਉਦਯੋਗ ਜਿਨ੍ਹਾਂ ਵਿਚ ਪਾਣੀ ਵਰਤਿਆ ਜਾਂਦਾ ਹੈ ਉਹ ਬਹੁਤੇ ਜਾਂ ਤਾਂ ਗੰਦਾ ਕੈਮੀਕਲ ਵਾਲਾ ਪਾਣੀ ਧਰਤੀ ਦੇ ਹੇਠਾਂ ਪਾਈ ਜਾਂਦੇ ਹਨ ਜਾਂ ਫਿਰ ਸਿੱਧਾ ਨਾਲਿਆਂ ਵਿਚ ਪਾ ਕੇ ਦਰਿਆਵਾਂ ਵਿਚ ਸੁੱਟੀ ਜਾਂਦੇ ਹਨ। ਇਸ ਦੀ ਜਿਉਂਦੀ ਜਾਗਦੀ ਤਸਵੀਰ ਹੈ ਲੁਧਿਆਣੇ ਦਾ ਬੁੱਢਾ ਨਾਲਾ ਜੋ ਸਤਲੁਜ ਦਾ ਪਾਣੀ ਖ਼ਰਾਬ ਕਰ ਰਿਹਾ ਹੈ। ਕੁਦਰਤ ਦਾ ਦਿੱਤਾ ਸਾਫ਼ ਪਾਣੀ ਧਰਤੀ ਉੱਪਰਲਾ ਅਤੇ ਹੇਠਲਾ ਅਸੀਂ ਆਪ ਖਰਾਬ ਕਰਕੇ ਬੀਮਾਰੀਆਂ ਸਹੇੜ ਰਹੇ ਹਾਂ। ਸੁਣਨ ਵਿਚ ਆਇਆ ਹੈ ਸਮਾਰਟ ਸਿਟੀ ਸਕੀਮ ਅਧੀਨ 650 ਕਰੋੜ ਬੁੱਢੇ ਨਾਲੇ ਦੇ ਪਾਣੀ ਨੂੰ ਸਾਫ਼ ਕਰਨ ਲਈ ਰੱਖੇ ਸਨ। ਪੈਸੇ ਪਤਾ ਨਹੀਂ ਕਿੰਨੇ ਖ਼ਰਚ ਕੀਤੇ ਪਰ ਗੰਦਾ ਪਾਣੀ ਸਤਲੁਜ ਵਿਚ ਪੈ ਕੇ ਕਾਲੀ ਲਕੀਰ ਮੀਲਾਂ ਤੱਕ ਬਣਾਉਂਦਾ ਵੇਖਿਆ ਜਾ ਸਕਦਾ ਹੈ। ਇਹੋ ਪਾਣੀ ਹਰੀਕੇ ਪੱਤਣ ਤੋਂ ਨਿਕਲਦੀਆਂ ਨਹਿਰਾਂ ਵਿਚ ਹੁੰਦਾ ਹੋਇਆ ਅੱਗੇ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਕੁਝ ਖੇਤਰਾਂ ਨੂੰ ਪੀਣ ਲਈ ਦਿੱਤਾ ਜਾਂਦਾ ਹੈ।

ਇਥੇ ਜ਼ਿਕਰਯੋਗ ਹੈ ਕਿ ਜਿਨ੍ਹਾਂ ਸ਼ਹਿਰਾਂ ਦਾ ਗੰਦਾ ਪਾਣੀ ਹੈ ਓਨੀ ਕਪੈਸਟੀ ਦੇ ਟ੍ਰੀਟਮੈਂਟ ਪਲਾਂਟ ਨਹੀਂ ਹਨ। ਦੂਜਾ ਜਿਹੜੇ ਪਲਾਂਟ ਹੈ ਵੀ ਉਹ ਵੀ ਪੂਰੀ ਤਰ੍ਹਾਂ ਪਾਣੀ ਸਾਫ਼ ਕਰਨ ਦੇ ਕਾਬਿਲ ਨਹੀਂ ਹਨ। ਇਸ ਕਰਕੇ ਸੀਵਰ ਪਾਣੀ ਟ੍ਰੀਟ ਕਰਕੇ ਵੀ ਅੱਡ ਵਰਤਿਆ ਜਾਣਾ ਚਾਹੀਦਾ ਹੈ ਸਾਫ ਪਾਣੀ ਵਿਚ ਮਿਲਾਉਣਾ ਨਹੀਂ ਚਾਹੀਦਾ ਅਤੇ ਨਾ ਹੀ ਇਸ ਨੂੰ ਧਰਤੀ ਵਿਚ ਬੋਰ ਕਰਕੇ ਪਾਉਣਾ ਚਾਹੀਦਾ ਹੈ।

ਪੰਜਾਬ ਦੇ ਦਰਿਆਈ ਪਾਣੀ:-ਪੰਜਾਬ ਵਿਚ ਇਸ ਵੇਲੇ ਤਿੰਨ ਦਰਿਆ ਵੱਗਦੇ ਹਨ, (ਸਤਲੁਜ, ਬਿਆਸ ਤੇ ਰਾਵੀ) ਸਤਲੁਜ ਦੇ ਪਾਣੀ ਵਿਚੋਂ 1.11 ਮਿਲੀਅਨ ਏਕੜ ਪਾਣੀ ਗੰਗ ਨਹਿਰ ਵਿਚ ਦੀ ਰਾਜਸਥਾਨ ਜਾਂਦਾ ਹੈ ਅਤੇ 15.22 ਫ਼ੀਸਦੀ ਹਿੱਸਾ ਭਾਖੜਾ ਨਹਿਰ ਵਿਚੋਂ ਜਾਂਦਾ ਹੈ। ਭਾਖੜਾ ਨਹਿਰ ਵਿਚੋਂ 49% ਹਿੱਸਾ ਹਰਿਆਣਾ ਅਤੇ 35% ਹਿੱਸਾ ਪੰਜਾਬ ਵਿਚ ਵਰਤਿਆ ਜਾਂਦਾ ਹੈ। ਰਾਵੀ ਅਤੇ ਬਿਆਸ ਦੇ ਪਾਣੀ ਨੂੰ ਉਸ ਵੇਲੇ ਫਾਲਤੂ ਕਰਾਰ ਦਿੱਤਾ ਗਿਆ ਸੀ। ਉਸ ਦਾ ਅੰਦਾਜ਼ਾ 15.22 ਐਮ ਏ.ਐਫ. ਮਿਲੀਅਨ ਏਕੜ ਫੁੱਟ ਲਾਇਆ ਗਿਆ ਸੀ। ਜਿਸ ਵਿਚੋਂ 8.0 ਐਮ ਏ ਐਫ ਰਾਜਸਥਾਨ ਨੂੰ ਦੇ ਦਿੱਤਾ ਅਤੇ 7.22 ਐਮ ਏ ਐਫ 1966 ਤੋਂ ਪਹਿਲੇ ਪੰਜਾਬ ਕੋਲ ਰਹਿ ਗਿਆ। ਇਸ ਵਿਚੋਂ ਹਰਿਆਣਾ ਬਣਨ ਤੇ 3.5 ਐਮ.ਏ.ਐਫ. ਹਰਿਆਣਾ ਨੂੰ ਦੇ ਦਿੱਤਾ ਗਿਆ ਅਤੇ 372 ਐਮ. ਏ. ਐਫ. ਪੰਜਾਬ ਕੋਲ ਰਹਿ ਗਿਆ। ਡਾ. ਵਿਸ਼ਿਸ਼ਟ ਦੀ 2008 ਦੀ ਰਿਪੋਰਟ ਮੁਤਾਬਿਕ ਉਸ ਵੇਲੇ ਸਾਰੇ ਵਸੀਲਿਆਂ (ਧਰਤੀ ਉਪਰਲੇ ਅਤੇ ਹੇਠਲੇ) ਨੂੰ ਮਿਲਾ ਕੇ ਸਿੰਚਾਈ ਦੀ ਲੋੜਾਂ ਦਾ ਸਿਰਫ਼ 75 ਫ਼ੀਸਦੀ ਪਾਣੀ ਉੱਪਲਬਧ ਸੀ। ਯਾਨੀ ਇਥੇ ਇਹ ਗੱਲ ਹੈ ਜੋ ਪਾਣੀ ਸਿੰਚਾਈ ਲਈ 25 ਫੀਸਦੀ ਘੱਟ ਹੈ ਜੇ ਉਸ ਵਿਚ ਉਦਯੋਗਿਕ ਵਰਤੋਂ ਤੇ ਘਰੇਲੂ ਖੱਪਤ ਜੋੜ ਲਈਏ ਤਾਂ ਇਹ ਘਾਟਾ ਹੋਰ ਵੱਧ ਜਾਵੇਗਾ। ਜ਼ਿਕਰਯੋਗ ਹੈ ਜੋ ਪਾਣੀ ਰਾਜਸਥਾਨ ਦੇ ਟਿੱਬਿਆਂ ਨੂੰ ਜਾ ਰਿਹਾ ਹੈ ਉਸੇ ਪਾਣੀ ਕਾਰਨ ਪੰਜਾਬ ਦੀ ਉਪਜਾਊ ਧਰਤੀ ਮਾਰੂਥਲ ਬਣਰਹੀ ਹੈ। ਰਾਜਸਥਾਨ ਨਹਿਰ ਦੀ ਦੂਜੀ ਸਟੇਜ ਜਿੱਥੇ ਨਹਿਰ ਦੀ ਲੰਬਾਈ 256 ਕਿਲੋਮੀਟਰ ਅਤੇ ਕਮਾਂਡ ਏਰੀਆ 1.41 ਮਿਲੀਅਨ ਹੈਕਟੇਅਰ ਹੈ। ਇਥੇ ਵਾਟਰ ਅਲਾਊਂਸ 2 ਕਿਊਸਿਕ ਪ੍ਰਤੀ 1000 ਹੈਕਟੇਅਰ ਹੈ ਯਾਨੀ ਪਹਿਲੀ ਸਟੇਜ ਦੇ ਸੇਮ ਦੇ ਡਰ ਤੋਂ ਪਾਣੀ ਥੋੜਾ-ਥੋੜਾ ਜ਼ਿਆਦਾ ਰਕਬੇ ਵਿਚ ਖਲਾਰ ਦਿੱਤਾ ਗਿਆ। ਇਸ ਸਟੇਜ ਦੀਆਂ ਆਪਣੀਆਂ ਸਮੱਸਿਆਵਾਂ ਹਨ। ਇਥੇ ਗਰਮੀ ਵਿਚ ਹਵਾ ਔਸਤਨ 25 ਤੋਂ 27 ਕਿਲੋਮੀਟਰ ਦੀ ਰਫਤਾਰ ਤੇ ਚਲਦੀ ਹੈ ਅਤੇ 50 ਤੋਂ 100 ਕਿਲੋਮੀਟਰ ਪ੍ਰਤੀ ਘੰਟੇ ਦੇ ਹਿਸਾਬ ਨਾਲ ਹਨੇਰੀ ਆਉਂਦੀ ਉਸ ਵੇਲੇ ਜੇ ਟਿੱਬੇ ਨੂੰ ਛੇੜਿਆ ਗਿਆ ਵਾਹੀ ਲਈ ਤਾਂ ਉਹ ਉੱਡ ਕੇ ਅਗਾਂਹ ਜਾ ਕੇ ਟਿੱਬਾ ਲੱਗ ਜਾਂਦਾ ਹੈ। ਇਹ ਰਿਪੋਰਟ ਕਾਜਰੀ,(31ਗ੍ਰ9 ਸੈਂਟਰਲ ਔਰਿਡ ਜੋਨ ਰਿਸਰਚ ਇੰਸੀਟੀਚਿਊਟ) ਦੀ ਹੈ। ਇਥੇ ਸਿੱਧੀ ਪਾਣੀ ਦੀ ਬਰਬਾਦੀ ਹੈ। ਕਿਉਂਕਿ 45 ਤੋਂ 48 ਡਿਗਰੀ ਸੈਂਟੀਗਰੇਡ ਤਾਪਮਾਨ ਅਤੇ 25 ਤੋਂ 100 ਕਿਲੋਮੀਟਰ ਦੀ ਰਫ਼ਤਾਰ ਦੀ ਤੇਜ਼ ਹਵਾ ਵਿਚ ਪਾਣੀ ਫਸਲ ਨੂੰ ਘੱਟ ਮਿਲੇਗਾ ਅਤੇ ਹਵਾ ਵਿਚ ਜ਼ਿਆਦਾ ਉਡੇਗਾ। ਪੀਣ ਵਾਲਾ ਪਾਣੀ ਬੰਦ ਪਾਈਪਾਂ ਰਾਹੀਂ ਲਿਜਾਇਆ ਜਾ ਸਕਦਾ ਹੈ ਇਸ ਤੋਂ ਇਲਾਵਾ ੨੯।ਫੇਜ਼ ਦੀ ਸਾਰੀ ਸਿੰਚਾਈ ਲਿਫਟ ਨਾਲ ਹੈ।

ਪਾਣੀ ਦੀ ਉਦਯੋਗਿਕ ਵਰਤੋਂ:- ਕਿਸੇ ਵੀ ਖਿੱਤੇ ਦੀ ਤਰੱਕੀ ਲਈ ਉਦਯੋਗ ਜ਼ਰੂਰੀ ਹੈ ਕਿਉਂਕਿ ਖਾਣ-ਪੀਣ ਤੋਂ ਇਲਾਵਾ ਜ਼ਿੰਦਗੀ ਦੀਆਂ ਬਾਕੀ ਲੋੜਾਂ ਪੂਰੀਆਂ ਕਰਨ ਲਈ ਵਸਤੂਆਂ ਉਦਯੋਗਾਂ ਵਿਚ ਹੀ ਪੈਦਾ ਹੁੰਦੀਆਂ ਹਨ। ਇਕ ਅਨੁਮਾਨ ਅਨੁਸਾਰ ਇਸ ਵੇਲੇ ਭਾਰਤ ਵਿਚ ਪਾਣੀ ਦੀ ਕੁੱਲ ਲਾਗਤ ਦਾ 15% ਉਦਯੋਗਾਂ ਵਿਚ ਲੱਗਦਾ ਹੈ। ਪਾਣੀ ਦੀ ਜ਼ਿਆਦਾ ਖਪਤ ਵਾਲੇ ਉਦਯੋਗ ਹਨ ਸਾਫਟ ਡਰਿੰਕ, ਕਪੜਾ, ਚਮੜਾ, ਕਾਗਜ਼, ਇਸਪਾਤ, ਥਰਮਲ ਪਾਵਰ ਅਤੇ ਏਥਨੋਲ ਆਦਿ। ਇਸ ਵਿਚ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਜਿੱਥੇ ਕਿਤੇ ਹੋ ਸਕੇ ਪਾਣੀ ਨੂੰ ਦੁਬਾਰਾ ਵਰਤੋਂ ਵਿਚ ਲਿਆਉਣਾ ਚਾਹੀਦਾ ਹੈ ਅਤੇ ਸਭ ਤੋਂ ਵੱਡੀ ਗੱਲ ਉਦਯੋਗ ਦਾ ਗੰਦਾ ਪਾਣੀ ਧਰਤੀ ਹੇਠਾਂ ਨਾ ਪਾਓ। ਸਰਕਾਰ ਨੂੰ ਚਾਹੀਦਾ ਹੈ ਕਿ ਸੀਵਰ ਦੇ ਪਾਣੀ ਨੂੰ ਟ੍ਰੀਟਮੈਂਟ ਪਲਾਟਾਂ ਵਿਚ ਸਾਫ ਕਰਕੇ ਅੱਡ ਨਹਿਰਾਂ ਕੱਢ ਕੇ ਖੇਤੀ ਲਈ ਵਰਤਿਆ ਜਾਵੇ ਨਾਂ ਕੇ ਦਰਿਆਵਾਂ ਵਿਚ ਸੁੱਟ ਕੇ ਸਾਫ਼ ਪਾਣੀ ਖ਼ਰਾਬ ਕੀਤਾ ਜਾਵੇ।

ਅੱਜ ਇਕ ਨਵੇਂ ਉਦਯੋਗ ਨੂੰ ਅੱਗੇ ਵਧਾਇਆ ਜਾ ਰਿਹਾ ਹੈ ਜਿਸ ਦਾ ਕੱਚਾ ਮਾਲ ਖੇਤੀ ਅਧਾਰਤ ਹੈ। ਮੇਰੀ ਮੁਰਾਦ ਹੈ ਏਥਨੋਲ ਅਤੇ ਬਾਇਓਡੀਜ਼ਲ ਤੋਂ। ਇਹ ਦੋਨੋਂ ਪਦਾਰਥ ਗੰਨੇ ਦਾ ਰੱਸ, ਖੰਡ ਅਤੇ ਦਾਣਿਆਂ ਤੋਂ ਬਣਦੇ ਹਨ ਦਾਣਿਆਂ ਵਿਚ ਮੁੱਖ ਤੌਰ 'ਤੇ ਮੱਕੀ ਅਤੇ ਚੌਲ ਆਉਂਦੇ ਹਨ। ਹੁਣ ਸਵਾਲ ਇਹ ਹੈ ਕਿ ਗੰਨਾ ਅਤੇ ਚਾਵਲ ਦੋਨੋਂ ਫਸਲਾਂ ਵਿਚ ਹੀ ਪਾਣੀ ਦੀ ਖਪਤ ਜ਼ਿਆਦਾ ਹੈ। ਭਾਰਤ ਸਰਕਾਰ ਨੇ ਪੈਟਰੋਲ ਵਿਚ 20 ਪ੍ਰਤੀਸ਼ਤ ਏਥਨੋਲ ਮਿਲਾਉਣ ਦਾ ਟੀਚਾ ਰੱਖਿਆ ਹੈ ਜਿਹੜੀ ਹੁਣ 12 ਪ੍ਰਤੀਸ਼ਤ ਹੈ। ਇਸੇ ਕਰਕੇ ਪਾਣੀ ਦੀ ਥੋੜ ਵਾਲੇ ਇਲਾਕਿਆਂ ਵਿਚ ਕਿਹੜੀ ਇੰਡਸਟਰੀ ਨੂੰ ਅੱਗੇ ਵਧਾਉਣਾ ਹੈ ਉਸ ਦੀ ਲੰਮੇਂ ਸਮੇਂ ਦੀ ਵਿਉਂਤਬੰਦੀ ਜ਼ਰੂਰੀ ਹੈ।

ਘਰੇਲੂ ਖਪਤ:-ਵਰਲਡ ਹੈਲਥ ਆਰਗੇਨਾਈਜ਼ੇਸ਼ਨ ਮੁਤਾਬਕ ਪ੍ਰਤੀ ਜੀਅ ਪ੍ਰਤੀ ਦਿਨ 50 ਤੋਂ 100 ਲੀਟਰ ਪਾਣੀ ਨਾਲ ਇਨਸਾਨ ਦੀਆਂ ਮੁਢਲੀਆਂ ਲੋੜਾਂ (ਜਿਸ ਵਿਚ ਪਾਣੀ ਪੀਣ, ਖਾਣਾ ਪਕਾਉਣ ਅਤੇ ਆਪਣੀ ਸਫਾਈ) ਪੂਰੀਆਂ ਹੋ ਸਕਦੀਆਂ ਹਨ। ਭਾਰਤ ਦੇ ਬਹੁਤੇ ਸ਼ਹਿਰਾਂ ਵਿਚ ਪਾਣੀ ਦੀ ਔਸਤ ਲਾਗਤ 135 ਲੀਟਰ ਪ੍ਰਤੀ ਜੀਅ ਪ੍ਰਤੀ ਦਿਨ ਹੈ। ਪਾਣੀ ਦੀ ਲਾਗਤ ਆਮਦਨ ਨਾਲ ਵੱਧਦੀ ਹੈ। ਇਸ ਦੀ ਸੁਚੱਜੀ ਵਰਤੋਂ ਲਈ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ। ਜਿਥੇ ਪਾਣੀ ਦੀ ਕਮੀ ਹੈ ਉਥੇ ਦੁਨੀਆ ਵਿਚ ਵਖੋ-ਵੱਖਰੇ ਸਿਸਟਮ ਬਣਾਏ ਹਨ। ਮਿਸਾਲ ਦੇ ਤੌਰ 'ਤੇ ਦੱਖਣੀ ਅਫਰੀਕਾ ਦੇ ਸ਼ਹਿਰ 'ਫਿਰੀ' ਵਿਚ ਆਟੋਮੇਟਿਕ ਵਾਟਰ ਮੀਟਰ ਲੱਗੇ ਹਨ ਜੋ ਪ੍ਰਤੀ ਜੀਅ ਪ੍ਰਤੀ ਦਿਨ 25 ਲੀਟਰ ਪਾਣੀ ਦਿੰਦੇ ਹਨ ਜਾਂ ਵੱਧ ਤੋਂ ਵੱਧ ਮਹੀਨੇ ਦਾ 6000 ਲੀਟਰ ਇਕ ਟੱਬਰ ਨੂੰ। ਲੋਕਾਂ ਦੀ ਅਪੀਲ ਅਤੇ ਸਰਕਾਰ ਦੀ ਦਲੀਲ ਨਾਲ ਉਥੇ ਦੀ ਹਾਈਕੋਰਟ ਨੇ 42 ਲੀਟਰ ਪ੍ਰਤੀ ਜੀਅ ਪ੍ਰਤੀ ਦਿਨ ਕਰ ਦਿੱਤਾ। ਸਾਨੂੰ ਇਥੇ ਇੰਨੇ ਸਖ਼ਤ ਕਦਮਾਂ ਦੀ ਲੋੜ ਤਾਂ ਨਹੀਂ ਪਰ ਜਿਹੜੇ ਲੋਕ ਟੱਬਾਂ ਵਿਚ ਲੇਟੇ ਮਾਰਦੇ ਹਨ ਜਾਂ ਸ਼ਾਵਰਾਂ ਹੇਠਾਂ ਖੜੇ ਰਹਿੰਦੇ ਹਨ ਉਨ੍ਹਾਂ ਨੂੰ ਪਾਣੀ ਦੇ ਡਿੱਗਦੇ ਪੱਧਰ ਤੋ ਸੁਚੇਤ ਕਰਨ ਦੀ ਲੋੜ ਹੈ।

ਸੁਝਾਅ:- ਇਸ ਵੇਲੇ ਪੰਜਾਬ ਵਿਚ 12 ਬਿਲੀਅਨ ਕਿਊਬਕ ਮੀਟਰ ਪਾਣੀ ਦੀ ਘਾਟ ਹੈ ਜੋ ਕੁੱਲ ਲਾਗਤ ਦਾ ਤਕਰੀਬਨ 33 ਫੀਸਦੀ ਜਾਂ ਕਹਿ ਲਓ ਤੀਜਾ ਹਿੱਸਾ ਘੱਟ ਹੈ ਜੋ ਅਸੀਂ ਧਰਤੀ ਹੇਠੋਂ ਕੱਢ ਕੇ ਪੂਰਾ ਕਰਦੇ ਹਨ ਜਿਸ ਨਾਲ ਧਰਤੀ ਤੇ ਹੇਠਲੇ ਪਾਣੀ ਦਾ ਪੱਧਰਟ ਨੀਵਾਂ ਹੁੰਦਾ ਜਾਂਦਾ ਹੈ। ਨੈਸ਼ਨਲ ਗ੍ਰੀਨ ਟ੍ਰਬਿਊਨਲ ਦੀ ਮਾਨੀਟਰਿੰਗ ਕਮੇਟੀ ਮੁਤਾਬਕ ਸਾਲ 2039 ਤੱਕ ਪਾਣੀ ਦੀ ਸਤਰ 300 ਮੀਟਰ ਤੋਂ ਹੇਠਾਂ ਚਲੀ ਜਾਵੇਗੀ। ਇਸ ਕਰਕੇ ਪੰਜਾਬ ਦੇ ਹਰ ਵਾਸੀ ਦਾ ਇਹ ਫਰਜ਼ ਬਣਦਾ ਹੈ ਕਿ ਇਸ ਮੁੱਦੇ ਨੂੰ ਗੰਭੀਰਤਾ ਨਾਲ ਉਠਾਇਆ ਜਾਵੇ ਅਤੇ ਸਰਕਾਰ ਤੇ ਦਬਾਅ ਵਧਾਇਆ ਜਾਵੇ ਕਿ ਇਸ ਦੇ ਸਥਾਈ ਹੱਲ ਲਈ ਕੋਈ ਪਾਲਿਸੀ ਬਣਾਈ ਜਾਵੇ। ਅਫਸੋਸ ਹੈ ਅੱਜ ਚੋਣਾਂ ਵੇਲੇ ਵੀ ਪਾਣੀ ਮੁੱਦਾ ਹੀ ਨਹੀਂ ਬਣਿਆ।

ਲੇਖਕ : ਦਰਸ਼ਨ ਸਿੰਘ
ਸੰਪਰਕ: 94667-37933

# ਦਰਿਆ ਜਦ ਗਲੀਆਂ 'ਚ ਵਗਦੈ...

ਰੋਜ਼ ਵਾਂਗ ਅਖ਼ਬਾਰ ਵਿੱਚ ਦੇਸ਼ ਵਿਦੇਸ਼ ਦੀਆਂ ਵੱਡੀਆਂ ਖ਼ਬਰਾਂ ਪੜ੍ਹੀਆਂ। ਦੁਬਈ ਵਿਚ ਭਾਰੀ ਮੀਂਹ, ਚੀਨ ਤੇ ਕੀਨੀਆ 'ਚ ਆਏ ਭਿਆਨਕ ਹੜ੍ਹਾਂ 'ਚ ਟੁੱਟੇ ਕਈ ਬੰਨ੍ਹ ਅਤੇ ਰੁੜ੍ਹੇ ਘਰਾਂ ਦੀਆਂ ਖ਼ਬਰਾਂ ਨੇ ਚਿੰਤਾ ਵਿੱਚ ਡੁਬੋ ਦਿੱਤਾ।

ਜਲ ਹੀ ਜੀਵਨ ਹੈ। ਜਲ ਹੈ ਤਾਂ ਕੱਲ੍ਹ ਹੈ। ਸਾਡੇ ਸਮਿਆਂ ਨੇ ਵੀ ਮੀਂਹ ਦੇਖੇ ਹਨ। ਕਦੇ ਨਿੱਕੀ-ਨਿੱਕੀ ਕਣੀ ਦਾ ਮੀਂਹ, ਕਦੇ ਫੁਹਾਰਾਂ, ਕਦੀ ਝੜੀਆਂ ਤੇ ਕਦੀ ਛਮਾਛਮ ਵਰਖਾ। 'ਰੱਬਾ ਰੱਬਾ ਮੀਂਹ ਵਸਾ, ਸਾਡੀ ਕੋਠੀ ਦਾਣੇ ਪਾ'। ਰੱਬ ਨੂੰ ਮੀਂਹ ਲਈ ਕੀਤੀਆਂ ਅਰਜ਼ੋਈਆਂ ਤੇ ਪੈਂਦੇ ਮੀਂਹ 'ਚ ਭੱਜਣਾ ਤੇ ਭਿੱਜਣਾ ਹੁਣ ਵੀ ਚੇਤਿਆਂ ਵਿਚ ਹਨ। ਸ਼ਾਇਦ ਇਹ ਬੀਤੇ ਦੀਆਂ ਗੱਲਾਂ ਹੋ ਗਈਆਂ ਹਨ। ਮੀਂਹ ਕਣੀ ਦੀ ਹੁਣ ਕੋਈ ਰੁੱਤ ਹੀ ਨਹੀਂ ਰਹੀ। ਮੌਸਮ ਅੱਗੇ ਪਿੱਛੇ ਤੇ ਬੇਤਰਤੀਬਾ ਹੋ ਗਿਆ ਹੈ। ਪਹਾੜ ਖ਼ੁਰਨ ਅਤੇ ਗਲੇਸ਼ੀਅਰ ਪਿਘਲਣ ਲੱਗੇ ਹਨ। ਮੌਸਮ ਬਾਰੇ 'ਚਿਤਾਵਨੀ' ਜਾਰੀ ਹੋਣ ਲੱਗੀ ਹੈ। ਨਦੀਆਂ ਦਰਿਆ ਕਿਧਰੇ ਸੁੱਕਣ ਲੱਗੇ ਹਨ, ਕਿਧਰੇ ਮੁੱਕਣ। ਪਾਣੀ ਨੇ ਆਪਣਾ ਰੁਖ਼ ਹੇਠਾਂ ਪਤਾਲ ਵੱਲ ਕਰ ਲਿਆ ਹੈ। ਡਰ ਤੇ ਵੱਡੇ ਫਿਕਰਾਂ ਦੀ ਗੱਲ ਇਹ ਵੀ ਹੈ।

ਕਿਵੇਂ ਨਾ ਕਿਵੇਂ, ਅਸੀਂ ਤਾਂ ਆਪਣੀ ਜ਼ਿੰਦਗੀ ਲੰਘਾ ਹੰਢਾ ਲਈ; ਕੱਲ੍ਹ ਨੂੰ ਨਵੀਂ ਪੀੜ੍ਹੀ ਦਾ ਕੀ ਬਣੂ? ਨਲਕਿਆਂ ਨੂੰ ਸਾਡੀਆਂ ਅੱਖਾਂ ਨੇ ਮਰਦੇ ਦੇਖਿਆ। ਸਾਡੇ ਹੱਥ ਬਾਜ਼ਾਰ ਤੋਂ ਪੀਣ ਲਈ ਪਾਣੀ ਦੀਆਂ ਬੋਤਲਾਂ ਫੜ ਕੇ ਘਰੋ ਘਰੀ ਲੈ ਆਏ। ਕਦੀ ਖਾ਼ਲਾਂ 'ਚ ਵਗਦੇ ਪਾਣੀ ਬੁੱਕਾਂ ਭਰ-ਭਰ ਪੀਤੇ। 'ਪੀਣ ਯੋਗ' ਪਾਣੀ ਨਾ ਹੋਣ ਦਾ ਹੁਣ ਸ਼ੱਕ ਹੋਣ ਲੱਗਾ ਹੈ।

ਗਲੀ ਵਿਚ ਬੱਚੇ ਖੇਡ ਰਹੇ ਹਨ। ਹੱਸਦੇ ਚਿਹਰਿਆਂ ਦੀਆਂ ਰੌਣਕਾਂ ਮਨ ਨੂੰ ਅਨੂਠੇ ਸਕੂਨ ਅਤੇ ਚਿਹਰੇ ਨੂੰ ਹਾਸੇ ਨਾਲ ਭਰ ਰਹੀਆਂ ਹਨ ਪਰ ਮੇਰੇ ਹਾਸੇ ਪਿੱਛੇ ਕੋਈ ਦਰਦ ਲੁਕਿਆ ਹੋਇਆ ਹੈ। ਸੋਚਦਿਆਂ ਡਰ ਨਾਲ ਕੰਬਦਾ ਹਾਂ ਕਿ ਇਹ ਬਚਪਨ ਕਦੀ ਬਾਲਟੀਆਂ ਫੜ ਕੇ ਪਾਣੀ ਲਈ ਕਿਤੇ ਲੰਮੀ ਕਤਾਰ 'ਚ ਨਾ ਖੜ੍ਹਾ ਹੋਵੇ!

ਰੁੱਤ ਕੋਈ ਵੀ ਹੋਵੇ, ਪਾਣੀ ਰੂਹ 'ਚ ਉਤਰਦਾ। ਨਸਾਂ ਨਾੜੀਆਂ 'ਚ ਠੰਢ ਵਰਤਾਉਂਦਾ, ਤ੍ਰੇਹ ਮਿਟਾਉਂਦਾ, ਫਾਲਤੂ ਪਦਾਰਥਾਂ ਦੀ ਨਿਕਾਸੀ ਕਰਦਾ ਤੇ ਸਾਹਾਂ ਦੀ ਧੜਕਣ ਦੀ ਪਹਿਰੇਦਾਰੀ ਕਰਦਾ। ਅੰਦਰ ਪਾਣੀ ਦੀ ਘਾਟ ਹੋਵੇ, ਬੇਚੈਨੀ ਹੁੰਦੀ, ਚੱਕਰ ਆਉਂਦੇ, ਮੂੰਹ ਸੁੱਕਦਾ। ਬੇਹੋਸ਼ ਹੋਏ ਬੰਦੇ ਦੀ ਪਹਿਲੀ ਲੋੜ ਪਾਣੀ ਹੀ ਹੁੰਦੀ। ਰੁੱਖ, ਝਾੜੀਆਂ, ਫ਼ਸਲਾਂ, ਜੰਗਲ ਸਭ ਪਾਣੀ ਦੇ ਰਿਣੀ। ਨਹਾਉਣ-ਧੋਣ ਜਾਂ ਜੂਠੇ ਭਾਂਡੇ ਮਾਂਜਣ ਲਈ ਇਹ ਆਮ ਜਿਹੀ ਚੀਜ਼ ਨਹੀਂ ਹੈ। ਰਸੋਈ ਵਿੱਚ ਇਸ ਬਿਨਾਂ ਕੁਝ ਬਣਾਇਆ ਪਕਾਇਆ ਜਾ ਸਕਦਾ ਹੈ? ਘਰ ਦੀ ਉਸਾਰੀ ਸਮੇਂ ਨੀਹਾਂ, ਕੰਧਾਂ, ਛੱਤਾਂ ਸਭ ਪਾਣੀ ਮੰਗਦੀਆਂ। ਜੀਵਨ ਦਾ ਆਰੰਭ ਪਾਣੀ ਤੋਂ ਹੀ ਮੰਨਿਆ ਜਾਂਦਾ ਹੈ। ਜਗਤ ਦੇਖਣ ਵਾਲੀਆਂ ਅੱਖਾਂ 'ਚ ਵੀ ਪਾਣੀ ਵਹਿੰਦਾ। ਪਾਣੀ ਜਿਹੀ ਹੋਰ ਵਸਤੂ ਦਰਅਸਲ ਹੈ ਹੀ ਨਹੀਂ।

ਗੁਰਬਾਣੀ ਅਨੁਸਾਰ ਪਾਣੀ 'ਪਿਤਾ' ਹੈ। ਚਾਹੁੰਦਾ ਹਾਂ, ਹਰ ਕੋਈ ਪਾਣੀ ਦੀ ਗੱਲ ਕਰੇ, ਸਮਝੇ। ਧਰਤੀ ਹੇਠਲੇ ਪਾਣੀ ਦੀਆਂ ਬਹੁਤੀਆਂ ਪਰਤਾਂ ਤਾਂ ਅਸੀਂ ਮੁਕਾ ਦਿੱਤੀਆਂ। ਛੋਟੇ ਹੁੰਦੇ ਸਾਂ, ਸਾਉਣ ਮਹੀਨੇ ਦੇ ਮੀਂਹਾਂ ਨਾਲ ਬਿਨ ਗੇੜਿਉਂ ਹੀ ਨਲਕਿਆਂ 'ਚੋਂ ਪਾਣੀ ਆਪਮੁਹਾਰਾ ਵਗਣ ਲਗਦਾ। ਹੁਣ ਕੀ ਹੋ ਗਿਐ? ਸੋਚਿਆ ਕਦੀ ਨਹੀਂ। ਹਰ ਸਹੂਲਤ ਇਕੱਠੀ ਕਰਨ ਲਈ ਭੱਜੇ-ਨੱਠੇ ਫਿਰਦੇ ਹਾਂ। ਗਲੀਆਂ, ਬਾਜ਼ਾਰਾਂ 'ਚੋਂ ਲੰਘਦੇ ਸਮੇਂ ਦੇਖ ਕੇ ਮਨ ਬੜਾ ਦੁਖੀ ਹੁੰਦਾ ਹੈ। ਰੋੜ੍ਹੀ ਜਾਉ ਪਾਣੀ, ਜਿੰਨਾ ਜੀਅ ਕਰੇ। ਨਾ ਕੋਈ ਰੋਕਣ ਵਾਲਾ, ਨਾ ਟੋਕਣ ਵਾਲਾ।

ਕਿੰਨਾ ਪਵਿੱਤਰ ਹੈ ਪਾਣੀ! ਪਵਿੱਤਰਤਾ ਦੇ ਪ੍ਰਤੀਕ ਖੂਹਾਂ, ਸਰੋਵਰਾਂ, ਬਉਲੀਆਂ ਵੱਲ ਜਾਈਏ ਤਾਂ ਪਤਾ ਲੱਗੇ। ਮਾਵਾਂ ਵੀ ਪਾਣੀ ਵਾਰ ਕੇ ਪੀਂਦੀਆਂ। ਪਾਠ ਵੇਲੇ ਵੀ ਪਾਣੀ ਕੋਲ ਰੱਖਿਆ ਜਾਂਦਾ, ਦੇਵੀ ਦੇਵਤਿਆਂ ਨੂੰ ਚੜ੍ਹਾਇਆ ਵੀ ਜਾਂਦਾ। ਅੰਮ੍ਰਿਤ ਦਾ ਰੁਤਬਾ ਹੈ ਇਸ ਦਾ। ਵਗਦੇ ਦਰਿਆਵਾਂ ਦੇ ਕਿਨਾਰੇ ਕਿਨਾਰੇ ਸਭਿਆਚਾਰ ਤੇ ਪਿਆਰ ਮੁਹੱਬਤਾਂ ਪਲੀਆਂ। ਜਾਪਦਾ, ਹੁਣ ਜਿਵੇਂ ਇਹ ਪਾਣੀ ਸਰਾਪੇ ਗਏ ਹੋਣ। ਕੀਟਨਾਸ਼ਕ ਦਵਾਈਆਂ, ਫੈਕਟਰੀਆਂ ਦੇ ਫੋਕਟ ਪਦਾਰਥ ਤੇ ਹੋਰ ਅੰਧਵਿਸ਼ਵਾਸਾਂ ਦੀ ਨਿੱਕ-ਸੁੱਕ ਨਾਲ ਇਹ ਪਲੀਤ ਤੇ ਜ਼ਹਿਰੀ ਹੋ ਗਿਆ। ਨੀਲੀ ਭਾਅ ਮਾਰਦੀ ਪਾਰਦਰਸ਼ੀ ਹਿੱਕ ਵੀ ਗੰਧਲੀ ਹੋ ਗਈ। ਇਸ ਦੇ ਕੁਦਰਤੀ ਰਾਹਾਂ 'ਚ ਅਸੀਂ ਵਿਕਾਸ ਦੇ ਭਰਮ 'ਚ ਅੜਿੱਕੇ ਡਾਹ ਦਿੱਤੇ। ਭੁੱਲ ਗਏ ਕਿ ਆਪਣੇ ਰਾਹ 'ਚ ਉਸਰੀਆਂ ਵੱਡੀਆਂ-ਵੱਡੀਆਂ ਕੰਧਾਂ ਨੂੰ ਵੀ ਆਪਣੇ ਨਾਲ ਵਹਾ ਕੇ ਲੈ ਜਾਣਾ ਪਾਣੀਆਂ ਦਾ ਸੁਭਾਅ ਹੁੰਦਾ ਹੈ।

ਮੁਫ਼ਤ 'ਚ ਮਿਲੀ ਚੀਜ਼ ਦੀ ਕਦਰ ਕੋਈ ਘੱਟ ਹੀ ਪਾਉਂਦਾ ਹੈ। ਮਨੁੱਖੀ ਸੁਭਾਅ ਹੈ ਇਹ। ਸ਼ਾਇਦ ਇਸੇ ਲਈ ਕੁਦਰਤ ਵੀ ਆਪਣੀ ਬੇਕਦਰੀ ਕਾਰਨ ਗੁੱਸੇ 'ਚ ਹੈ ਤੇ ਬੇਕਾਬੂ ਹੋ ਕੇ ਆਪਣਾ ਹੱਕ ਖੋਹਣ ਤੇ ਸਬਕ ਸਿਖਾਉਣ ਦੇ ਰਾਹ ਤੁਰ ਪਈ ਹੈ। ਬੱਦਲ ਬੇਹਿਸਾਬਾ ਪਾਣੀ ਡੋਲ੍ਹਣ ਲੱਗੇ ਹਨ। ਸਮਝਦਾਰ ਨੂੰ ਕੁਦਰਤ ਦਾ ਇਸ਼ਾਰਾ ਕਾਫੀ ਹੈ। ਨਾ ਸੋਕੇ ਚੰਗੇ, ਨਾ ਡੋਬੇ; ਨਾ ਹੀ ਚੰਗਾ ਧਰਤੀ ਦੀਆਂ ਪਰਤਾਂ 'ਚੋਂ ਗੁਆਚਦਾ ਪਾਣੀ। ਅਸੀਂ ਪਾਣੀ ਬਾਰੇ ਬਹੁਤ ਸੁਣਦੇ ਹਾਂ, ਪੜ੍ਹਦੇ ਹਾਂ ਤੇ ਦੇਖ ਵੀ ਰਹੇ ਹਾਂ ਪਰ ਚੁੱਪ ਇਉਂ ਹਾਂ ਜਿਵੇਂ ਗੁੰਗੇ ਤੇ ਬੋ਼ਲੇ ਹੋਈਏ। ਕਹਿੰਦੇ, ਤੀਜੇ ਸੰਸਾਰ ਯੁੱਧ ਦੀਆਂ ਜੜ੍ਹਾਂ ਪਾਣੀ'ਚ ਹੀ ਹੋਣਗੀਆਂ।

ਗਲੀ 'ਚ ਖੇਡਦੇ ਬੱਚੇ ਹੁਣ ਆਪੋ-ਆਪਣੇ ਘਰਾਂ ਨੂੰ ਮੁੜਨ ਲੱਗੇ ਹਨ। ਇਕ ਬੱਚੇ ਨੇ ਮੇਰੇ ਕੋਲੋਂ ਪਾਣੀ ਮੰਗਿਆ ਹੈ। ਫਿਲਟਰ ਕੀਤਾ ਬੇਸੁਆਦਾ ਜਿਹਾ ਗਲਾਸ ਭਰ ਪਾਣੀ ਉਸ ਨੇ ਪੀਤਾ ਹੈ। ਜੀਅ ਕਰਦਾ, ਇਸ ਬੱਚੇ ਨੂੰ ਉਹੋ ਅੰਮ੍ਰਿਤ ਵਰਗਾ ਪਾਣੀ ਦਿਆਂ ਜੋ ਮੈਂ ਆਪਣੇ ਬਚਪਨ 'ਚ ਗਟ-ਗਟ ਕਰ ਕੇ ਪੀ ਜਾਂਦਾ ਸੀ ਪਰ ਅਜਿਹਾ ਦੋ ਘੁੱਟ ਪਾਣੀ ਕਿੱਥੋਂ ਲੱਭਾਂ?... ਗਲੀਆਂ 'ਚ ਵਹਿੰਦੇ ਹੜ੍ਹਾਂ ਦੇ ਦਰਿਆ ਤੇ ਸਾਗਰਾਂ ਦੇ ਹੁੰਦੇ-ਸੁੰਦੇ! ਮੇਰੀ ਸੋਚ ਇਸੇ ਸਵਾਲ 'ਚ ਹੀ ਉਲਝ ਜਾਂਦੀ ਹੈ।

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113

# ਲਾਲ ਬੱਤੀ ਦਾ ਰੌਲਾ



## ਪਿੰਡ ਦੀ ਸੱਥ ਵਿੱਚੋਂ

ਸੱਥ ਵਿੱਚ ਤਾਸ਼ ਖੇਡੀ ਜਾਂਦੇ ਪ੍ਰੀਤੇ ਨਹਿੰਗੇ ਨੇ ਤਾਸ਼ ਵੰਡ ਕੇ, ਬਾਬੇ ਸੁੱਚਾ ਸਿਉਂ ਨਾਲ ਗੱਲਾਂ ਕਰੀ ਜਾਂਦੇ ਕੈਲੇ ਬੁੜ੍ਹੇ ਨੂੰ ਪੁੱਛਿਆ, ''ਸਰਕਾਰੀ ਅਹਿਲਕਾਰ ਸੋਨੂੰ ਵੀ ਪੈਂਸੇ ਦੇ ਗੇ ਤਾਇਆ ਕੁ ਨਹੀਂ?''

ਪ੍ਰੀਤੇ ਨੇ ਕੈਲੇ ਬੁੜ੍ਹੇ ਨੂੰ ਇਸ ਕਰਕੇ ਪੁੱਛਿਆ ਸੀ ਕਿਉਂਕਿ ਭਾਰੀ ਮੀਂਹ ਅਤੇ ਗੜੇ ਪੈਣ ਨਾਲ ਬਹੁਤੇ ਪਿੰਡਾਂ ਦੀ ਫ਼ਸਲ ਤਬਾਹ ਹੋ ਗਈ ਸੀ ਜੀਹਦੇ ਬਾਰੇ ਬਾਬਾ ਸੁੱਚਾ ਸਿਉਂ ਤੇ ਕੈਲਾ ਬੁੜ੍ਹਾ ਉਨ੍ਹਾਂ ਪੈਸਿਆਂ ਦੀ ਗੱਲ ਕਰ ਰਹੇ ਸਨ ਜਿਹੜੇ ਫ਼ਸਲ ਮਾਰੀ ਦੇ ਪੈਸੇ ਤਹਿਸੀਲਦਾਰ ਤੇ ਹੋਰ ਵੱਡੇ ਛੋਟੇ ਅਫਸਰ ਪਿੰਡ 'ਚ ਵੰਡਣ ਆਏ ਸੀ।

ਬਾਬਾ ਸੁੱਚਾ ਸਿਉਂ ਪ੍ਰੀਤੇ ਨਹਿੰਗ ਦੀ ਗੱਲ 'ਤੇ ਹੱਸ ਕੇ ਕੈਲੇ ਬੁੜ੍ਹੇ ਵੱਲ ਇਸ਼ਾਰਾ ਕਰਦਾ ਨਹਿੰਗ ਨੂੰ ਕਹਿੰਦਾ, ''ਲੈ ਤਾਂ ਭਾਮੇਂ ਗਏ ਹੋਣ ਪੈਂਸੇ ਇਹਤੋਂ ਦੇਣੇ ਕੀਹਨੇ ਸੀ ਇਹਨੂੰ। ਇਹਨੂੰ ਗਰੀਬ ਬੁੜ੍ਹੇ ਨੂੰ ਕਿਹੜਾ ਦਿੰਦਾ ਟੌਂਹਟੇ?''

ਮਾਹਲਾ ਨੰਬਰਦਾਰ ਕੈਲੇ ਬੁੜ੍ਹੇ ਵਿੱਚਦੀ ਗੱਲ ਕੱਢ ਕੇ ਬਾਬੇ ਸੁੱਚਾ ਸਿਉਂ ਨੂੰ ਕਹਿੰਦਾ, ''ਇਹ ਬੁੜ੍ਹਾ ਗਰੀਬ ਐ ਤਾਇਆ। ਚੌਦਾਂ ਘਮਾਂ ਦਾ ਮਾਲਕ ਐ। ਜੇ ਇਹੋ ਜੇ ਗਰੀਬ ਹੋਏ ਤਾਂ ਸਾਡੇ ਅਰਗਿਆਂ ਦਾ ਕੀ ਬਣਦਾ ਹੋਊ ਫਿਰ?''

ਰੇਸ਼ਮ ਕਾ ਗੀਸਾ ਕੈਲੇ ਬੁੜ੍ਹੇ ਦੀ ਹਾਮੀ ਭਰਦਾ ਬੋਲਿਆ, ''ਗਰੀਬ ਨ੍ਹੀ ਤਾਂ ਹੈ ਹੋਰ ਕੀਐ੍ਹ ਇਹੇ। ਝੱਗਾ ਤਾਂ ਵੇਖ ਵਚਾਰੇ ਦਾ ਥਾਂ ਥਾਂ ਟਾਕੀਆਂ ਲੱਗੀਐਂ ਵੀਐਂ ਜਿਮੇਂ ਚੂਚਿਆਂ ਆਲੇ ਡੱਬੇ 'ਚ ਮੋਰੀਆਂ ਕੱਢੀਆਂ ਹੁੰਦੀਐਂ।''

ਨਾਥਾ ਅਮਲੀ ਕੈਲੇ ਬੁੜ੍ਹੇ ਨੂੰ ਹੋਈ ਜਾਂਦੀਆਂ ਟਿੱਚਰਾਂ ਸੁਣ ਕੇ ਟਿੱਚਰ 'ਚ ਕਹਿੰਦਾ, ''ਟਾਕੀਆਂ ਨ੍ਹੀ, ਇਹ ਤਾਂ ਤਾਏ ਨੇ ਟਿੱਚ ਗਦਾਮਾਂ ਨਾਲ ਢੱਕਣ ਲਵਾਏ ਵੇ ਐ। ਸਿਆਲ 'ਚ ਇਹ ਢੱਕਣ ਲਾ ਲੈਂਦੈ, ਗਰਮੀਆਂ 'ਚ ਹਵਾ ਲੱਗਣ ਨੂੰ ਖੋਹਲ ਕੇ ਰੱਖ ਲੈਂਦਾ। ਨਾਲੇ ਝੱਗਾ ਸੁੱਥੂ ਵੀ ਗਾਂਧੀ ਖੱਦਰ ਦੈ।''

ਸੀਤਾ ਮਰਾਸੀ ਟਿੱਚਰ 'ਚ ਕਹਿੰਦਾ, ''ਮੈਂ ਵੀ ਤਾਹੀਂ ਸੋਚਦਾਂ ਕਈਆਂ ਦਿਨਾਂ ਦਾ ਬਈ ਝੱਗੇ ਸੁੱਥੂ ਨਾਲੋਂ ਟਾਕੀਆਂ ਜੀਆਂ ਦਾ ਰੰਗ ਅੱਡ ਦਾ ਕਿਉਂ ਐਂ।''

ਨਾਥਾ ਅਮਲੀ ਕਹਿੰਦਾ, ''ਝੱਗਾ ਸੁੱਥੂ ਧੋਣ ਵੇਲੇ ਤਾਈ ਟਾਕੀਆਂ ਲਾਹ ਕੇ ਰੱਖ ਦਿੰਦੀ ਹੋਊ ਬਈ ਇਹ ਕਾਹਨੂੰ ਭਿਆਉਣੀਐਂ। ਤਾਹੀਉਂ ਝੱਗੇ ਤੇ ਸੁੱਥੂ ਦਾ ਅੱਡ ਧੋਣ ਨਾਲ ਰੰਗ ਫਿੱਟ ਕੇ ਅਧਰੰਗ ਹੋਏ ਵੇ ਘੋਟੂ ਬੁੜ੍ਹੇ ਅਰਗਾ ਹੋਇਆ ਪਿਐ ਤੇ ਟਾਕੀਆਂ ਵੇਖਣ ਨੂੰ ਇਉਂ ਲੱਗਦੀਆਂ ਜਿਮੇਂ ਜੀਰੋ ਦਾ ਬਲਬ ਲਾਹ ਕੇ ਸੌ ਪਾਵਰ ਦਾ ਲਾ 'ਤਾ ਹੋਵੇ।''

ਬੁੱਘਰ ਦਖਾਣ ਕੈਲੇ ਬੁੜ੍ਹੇ ਨੂੰ ਹੁੰਦੀਆਂ ਟਿੱਚਰਾਂ ਸੁਣ ਕੇ ਕਹਿੰਦਾ, ''ਕਿਉਂ ਯਾਰ ਬੁੜ੍ਹੇ ਨੂੰ ਢਾਹੁਣ ਲੱਗੇ ਐਂ। ਤੁਸੀਂ ਵੀ ਤਾਂ ਬੁੜ੍ਹੇ ਹੋਣੈ ਕਿਸੇ ਦਿਨ। ਸੋਡਾ ਕੀ ਬਣੂ ਫਿਰ?''

ਨਾਥਾ ਅਮਲੀ ਕਹਿੰਦਾ, ''ਇਹ ਤਾਇਆ ਕੈਲਾ ਤਾਂ ਹਜੇ ਤਕੜਾ ਪਿਆ ਸੱਥ 'ਚ ਵੀ ਆ ਊ ਜਾਂਦਾ। ਖੇਤ ਬੰਨੇ ਵੀ ਤੀਜੇ ਚੌਥੇ ਦਿਨ ਗੇੜਾ ਕੱਢਿਆਉਂਦਾ ਤੇ ਆਹ ਜਿਹੜੇ ਬੁੜ੍ਹੇ ਨੂੰ ਟਿੱਚਰਾਂ ਕਰਦੇ ਐ, ਇਹੇ ਜਿਆ ਨੂੰ ਚਾਰ ਬੰਦੇ ਫਿਰ ਚੱਕ ਕੇ ਜੰਗਲ ਪਾਣੀ ਕਰਾਉਂਦੇ ਹੁੰਦੇ ਐ। ਚਾਰ ਬੰਦਿਆਂ ਤੋਂ ਵੀ ਮੈਨੂੰ ਇੱਕ ਗੱਲ ਯਾਦ ਆ ਗੀ। ਸੋਨੂੰ ਪਤਾ ਬਾਬਾ ਬਈ ਜਿੱਦੇਂ ਰੁਲਦੂ ਬਿੰਬਰ ਕੇ ਫਾਂਚੇ ਨਾਲ ਤੇਲੀਆਂ ਦੀ ਬੁੜ੍ਹੀ ਲੜੀ ਸੀ, ਕੀ ਗੱਲ ਹੋ ਗੀ ਸੀ?'' ਬੁੱਘਰ ਦਖਾਣ ਕਹਿੰਦਾ, ''ਰਜਾਈਆਂ ਗਦੈਲਿਆਂ ਦੀ ਭਰਾਈ ਦੇਣ ਗਿਆ ਸੀ ਫਾਂਚਾ। ਤੇਲੀ ਕਹਿੰਦੇ ਤਿੰਨ ਵੀਹਾਂ ਬਣਦੇ ਐ ਪੈਂਸੇ, ਫਾਂਚਾ ਕਹਿੰਦਾ ਦਸਾਂ ਤੇ ਦੋ ਵੀਹਾਂ ਬਣਦੇ ਐ। ਐਨੀਂ ਗੱਲ ਪਿੱਛੇ ਤੂੰ ਤੂੰ ਮੈਂ ਮੈਂ ਹੋ ਗੀ। ਆਹ ਗੱਲ ਸੀ। ਬਾਕੀ ਫੇਰ ਜੇ ਕੁਸ ਹੋਰ ਹੋ ਗਿਆ ਹੋਇਆ ਤਾਂ ਮੈਨੂੰ ਪਤਾ ਨ੍ਹੀ।''

ਨਾਥਾ ਅਮਲੀ ਕਹਿੰਦਾ, ''ਪੈਂਸਿਆਂ ਪੂੰਸਿਆਂ ਦਾ ਕਾਹਨੂੰ ਰੌਲਾ ਸੀ ਮਿਸਤਰੀਆ। ਗੱਲ ਤਾਂ ਨੱਭੇ ਤੇਲੀ ਨੂੰ ਪੁੱਠਾ ਸਿੱਧਾ ਕਹੇ ਤੋਂ ਵਿਗੜੀ ਐ। ਨੱਭੇ ਤੇਲੀ ਦਾ ਬਦਨ ਵੇਖ ਲਾ ਕਿੰਨਾ ਭਾਰੈ। ਇੱਕ ਹੈ ਬਜ਼ੁਰਗ। ਉਹਨੂੰ ਤਿੰਨ ਚਾਰ ਬੰਦੇ ਚੱਕ ਕੇ ਜੰਗਲ ਪਾਣੀ ਕਰਾਉਂਦੇ ਐ। ਇੱਕ ਦਿਨ ਕਿਤੇ ਓਧਰੋਂ ਤਾਂ ਨੱਭੇ ਤੇਲੀ ਨੂੰ ਜੰਗਲ ਪਾਣੀ ਕਰਾਉਣ ਨੂੰ ਚਾਰ ਬੰਦਿਆਂ ਨੇ ਚੱਕ ਲਿਆ, ਓਧਰੋਂ ਕਿਤੇ ਰੁਲਦੂ ਕਾ ਫਾਂਚਾ ਜਾ ਵੜਿਆ ਤੇਲੀਆਂ ਦੇ ਘਰੇ ਰਜਾਈਆਂ ਗਦੈਲਿਆਂ ਦੀ ਭਰਾਈ ਦੇਣ। ਜਦੋਂ ਫਾਂਚੇ ਨੇ ਨੱਭੇ ਨੂੰ ਚੱਕੀ ਆਉਂਦੇ ਨੂੰ ਵੇਖਿਆ ਤਾਂ ਫਾਂਚਾ ਕਹਿੰਦਾ 'ਹੁਣ ਚੱਕ ਤਾਂ ਲਿਆ ਈ, ਆਂਈਂ ਲੈ ਚੱਲੋ ਹੁਣ ਜਿੱਥੇ ਫੂਕ ਫਕਈਆ ਕਰਨਾ। ਫੇਰ ਕਿੱਥੇ ਦਬਾਰੇ ਚੱਕਦੇ ਧਰਦੇ ਫਿਰੋਂਗੇ'। ਫਾਂਚੇ ਨੇ ਇਹ ਗੱਲ ਬਾਬਾ ਤਾਂ ਕਰਕੇ ਆਖੀ ਸੀ ਕਿ ਫਾਂਚੇ ਨੇ ਸੋਚਿਆ ਬਈ ਨੱਭਾ ਕਿਤੇ ਚੱਲ ਵਸਿਆ। ਜਦੋਂ ਬਾਬਾ ਤੇਲਣ ਨੂੰ ਇਹ ਗੱਲ ਸੁਣੀ ਤਾਂ ਤੇਲਣ ਫਾਂਚੇ ਦੇ ਉੱਧੜ ਕੇ ਗਲ ਪੈ ਗੀ। ਕਹਿੰਦੀ 'ਤੇਰਾ ਪਿਉ ਜਿਉਂਦਾ ਹਜੇ, ਉਰੇ ਹੋ ਮੇਰੇ ਪਿਉ ਦਿਆ ਸਾਲਿਆ ਕਮੀਨਿਆਂ ਕਾਲੀ ਜਮਾਨ ਆਲਿਆ। ਤੇਰੇ ਪੈ ਜੇ ਤੰਦੂਆ ਤੇਰੇ'। ਜਦੋਂ ਤੇਲਣ ਨੇ ਸੰਦ ਪਰਾਗੇ ਸਣਾਏ, ਫਾਂਚੇ ਨੇ ਤਾਂ ਬਾਬਾ ਨੇਰ੍ਹੀ ਠਾ 'ਤੀ ਬਈ ਕਿੱਤੇ ਨੱਭੇ ਨੂੰ ਛੱਡ ਕੇ ਇਹ ਚਾਰੇ ਪੰਜੇ ਜਣੇ ਮੈਨੂੰ ਈ ਨਾ ਪੈ ਜਾਣ।''

ਗੱਲ ਸੁਣੀ ਜਾਂਦਾ ਬਾਬਾ ਸੁੱਚਾ ਸਿਉਂ ਸੱਥ ਕੋਲ ਦੀ ਲੰਘੇ ਜਾਂਦੇ ਜਰਨੈਲ ਮਾਸਟਰ ਦੇ ਹੱਥ 'ਚ ਮਰੋੜ ਕੇ ਫੜ੍ਹਿਆ ਅਖ਼ਬਾਰ ਵੇਖ ਕੇ ਮਾਸਟਰ ਨੂੰ ਆਵਾਜ਼ ਮਾਰ ਕੇ ਕਹਿੰਦਾ, ''ਆ ਜਾ ਜਰਨੈਲ ਸਿਆਂ! ਤੂੰ ਈ ਸਣਾ ਜਾ ਕੋਈ ਚੜ੍ਹੀ ਲੱਥੀ ਦੀ। ਇਹ ਤਾਂ ਐਮੇਂ ਹੋਰ ਈ ਜਭਲੀਆਂ ਜੀਆਂ ਮਾਰੀ ਜਾਂਦੇ ਐ।''

ਬਾਬੇ ਸੁੱਚਾ ਸਿਉਂ ਦੀ ਆਵਾਜ਼ ਸੁਣ ਕੇ ਜਿਉਂ ਹੀ ਜਰਨੈਲ ਮਾਸਟਰ ਸੱਥ ਵਾਲੇ ਥੜ੍ਹੇ 'ਤੇ ਬਾਬੇ ਦੇ ਕੋਲ ਆ ਕੇ ਬੈਠਾ ਤਾਂ ਨਾਥਾ ਅਮਲੀ ਮਾਸਟਰ ਨੂੰ ਕਹਿੰਦਾ, ''ਚੱਕ ਦੇ ਫਿਰ ਰੇਸ ਹੁਣ ਮਾਹਟਰ। ਸਣਾ ਦੇ ਬਾਬੇ ਨੂੰ ਨੱਥੂ ਆਲੇ ਦੇ ਟੇਸ਼ਨ ਦੀ ਖਬਰ ਕੋਈ। ਤੂੰ ਤਾਂ ਮਾਹਟਰ ਬਾਬੇ ਕੋਲੇ ਇਉਂ ਆ ਕੇ ਬਹਿ ਗਿਐਂ ਜਿਮੇਂ ਲੱਸੀ ਲੈਣ ਆਈ ਰੇਲੋ ਮਾਈ ਜਮੇਰੇ ਦਖਾਣ ਕੀ ਗੰਧੋਲੀ ਨਾਲ ਆ ਕੇ ਬਹਿ ਜਾਂਦੀ ਹੁੰਦੀ ਐ।''

ਜਮੇਰੇ ਦਖਾਣ ਦਾ ਨਾਂ ਸੁਣ ਕੇ ਸੀਤਾ ਮਰਾਸੀ ਨਾਥੇ ਅਮਲੀ ਨੂੰ ਕਹਿੰਦਾ, ''ਜਮੇਰੇ ਦਖਾਣ ਕੇ ਕਿਹੜਾ ਲਵੇਰਾ ਬੰਨ੍ਹਿਆ ਵਿਆ ਓਏ ਲੱਸੀ ਨੂੰ। ਦੁੱਧ ਤਾਂ ਉਹ ਢੋਲ ਆਲੇ ਵੀਰੇ ਝਿਓਰ ਤੋਂ ਲੈਂਦੇ ਐ। ਤੂੰ ਗਾਹਾਂ ਫੋਕੀਓ ਈ ਟੌਹਰ ਬਣਾਈ ਜਾਨੈਂ ਦਖਾਣ ਦੀ ਜਿਮੇਂ ਗਾਹਾਂ ਵੈਰੋ ਕਿਆਂ ਆਲਾ ਸਰਦਾਰਾ ਮੱਲ ਹੁੰਦਾ ਉਹੋ ਬਈ ਡੱਬਆਲੀ ਆਲੀਆਂ ਕੁੰਢੇ ਸਿੰਗਾਂ ਆਲੀਆਂ ਬੰਨ੍ਹੀ ਬੈਠਾ ਹੁੰਦਾ।''

ਬਾਬਾ ਸੁੱਚਾ ਸਿਉਂ ਸੀਤੇ ਮਰਾਸੀ ਤੇ ਨਾਥੇ ਅਮਲੀ ਨੂੰ ਘੂਰਦਾ ਬੋਲਿਆ, ''ਚੁੱਪ ਨ੍ਹੀ ਕਰਦੇ ਓਏ ਡਰਾਮੇ ਬਾਜੋ। ਕਿਸੇ ਪੜ੍ਹੇ ਲਿਖੇ ਦੀ ਵੀ ਕਦੇ ਸੁਣ ਲਿਆ ਕਰੋ। ਸਾਰੀ ਦਿਹਾੜੀ ਉੱਘ ਦੀਆਂ ਪਤਾਲ ਈ ਮਾਰੀ ਜਾਨੇਂ ਰਹਿਨੇਂ ਐਂ। ਤੁਰੇ ਜਾਂਦੇ ਮਾਹਟਰ ਨੂੰ ਖੜ੍ਹਾਇਆ ਤਾਂ ਇਓਂ ਐਂ ਬਈ ਕੋਈ ਖਬਾਰ ਦੀ ਖਬਰ ਬਾਰ ਸੁਣੀਏ, ਤੁਸੀਂ ਜੌਕਰੋ ਆਵਦਾ ਈ ਗੋਰਖ ਧੰਦਾ ਚਲਾ ਕੇ ਬਹਿ ਗੇ। ਚੁੱਪ ਕਰੋ ਹੁਣ ਨਾ ਬੋਲਿਓ। ਹਾਂ ਬਈ ਮਾਹਟਰ! ਹੁਣ ਤੂੰ ਸਣਾ ਬਈ ਖਬਾਰ ਕੀ ਕਹਿੰਦਾ?''

ਸੱਥ ਵਾਲੇ ਥੜ੍ਹੇ ਕੋਲ ਸਾਇਕਲ ਲਈ ਖੜ੍ਹਾ ਜੰਗੇ ਕਾ ਭੰਤਾ ਸਾਇਕਲ ਦਾ ਸਟੈਂਡ ਲਾ ਕੇ ਮਾਸਟਰ ਜਰਨੈਲ ਕੋਲ ਆ ਕੇ ਕਹਿੰਦਾ, ''ਆਹ ਲਾਲ ਬੱਤੀ ਦਾ ਮਾਹਟਰ ਕੀ ਰੌਲਾ ਪੈ ਗਿਆ ਬਈ। ਸੁਣਿਐਂ, ਅੱਧੇ ਲੀਡਰ ਕਹਿੰਦੇ ਅਸੀਂ ਤਾਂ ਲਾਲ ਲੈਟ ਲਾਮਾਂਗੇ। ਅੱਧੇ ਕਹਿੰਦੇ ਜੇ ਨਹੀਂ ਲਾਉਣ ਦਿੰਦੇ ਤਾਂ ਨਾ ਸਹੀ। ਇਹਦੇ ਬਾਰੇ ਕੋਈ ਆਈ ਐ ਖਬਰ ਕੁ ਨਹੀਂ?''

ਮਾਸਟਰ ਕਹਿੰਦਾ, ''ਖਬਰ ਤਾਂ ਆਈ ਐ, ਪਰ ਜਿਹੜੇ ਪਹਿਲੀ ਵਾਰ ਚੁਣੇ ਗਏ ਐ ਉਹੀ ਕਹਿੰਦੇ ਐ ਬਈ ਲਾਲ ਬੱਤੀ ਲਾਮਾਂਗੇ। ਬਾਕੀ ਫੇਰ ਵੇਖੋ ਕੀ ਹੁੰਦਾ।''

ਨਾਥਾ ਅਮਲੀ ਕਹਿੰਦਾ, ''ਹੋਣਾ ਕਰਨਾ ਤਾਂ ਮਾਹਟਰ ਕੀ ਐ, ਪਰ ਐਨਾ ਜਰੂਰ ਐ ਬਈ ਪਹਿਲੀ ਸਰਕਾਰ ਆਲੀਆਂ ਮੌਜਾਂ ਤਾਂ ਨ੍ਹੀ ਮਿਲਣੀਆਂ ਹੁਣ ਆਲਿਆਂ ਨੂੰ। ਹੁਣ ਤਾਂ ਕਹਿੰਦੇ ਨਸ਼ੇ ਪੱਤਿਆਂ ਨੂੰ ਵੀ ਜਿੰਦਰਾ ਮਾਰ 'ਤਾ। ਕੁੰਜੀਆਂ ਲਹੌਰ ਘੱਲ 'ਤੀਆਂ।''

ਰਾਊ ਬੁੜ੍ਹਾ ਕਹਿੰਦਾ, ''ਮੈਂ ਸੁਣਿਐਂ ਐਧਰ ਕਿਤੇ ਮਾਨਸਾ ਮੂਨਸਾ ਅੱਲੀਂ ਨਸ਼ਾ ਪੱਤਾ ਛਕਣ ਛਕਾਉਣ ਆਲਿਆਂ ਨੇ ਹੜਤਾਲ ਵੀ ਕੀਤੀ ਐ। ਕਹਿੰਦੇ ਨਮੀਂ ਸਰਕਾਰ ਦੇ ਵਰੁੱਧ ਪੁੱਠੇ ਸਿੱਧੇ ਨਾਹਰੇ ਵੀ ਲਾਏ ਐ।''

ਮਾਸਟਰ ਕਹਿੰਦਾ, ''ਅਮਲੀਆਂ ਨੇ ਵੀ ਝੰਡਾ ਚੱਕਿਐ। ਕਹਿੰਦੇ ਜਾਂ ਤਾਂ ਭੁੱਕੀ ਫੀਮ ਦੇ ਠੇਕੇ ਖੋਲ੍ਹੋ ਨਹੀਂ ਫੇਰ ਅਸੀਂ ਸੜਕਾਂ ਰੋਕਾਂਗੇ।''

ਬੁੱਘਰ ਦਖਾਣ ਕਹਿੰਦਾ, ''ਪਹਿਲੀ ਸਰਕਾਰ ਵੇਲੇ ਬਿਜਲੀ ਆਲੇ ਤੇ ਮਾਹਟਰ ਹੜਤਾਲ ਕਰਦੇ ਹੁੰਦੇ ਸੀ, ਹੁਣ ਅਮਲੀਆਂ ਨੇ ਪਾ ਲਿਆ ਕੁੱਜੀ 'ਚ ਕਾਨਾ।''

ਮਾਹਲਾ ਨੰਬਰਦਾਰ ਨਾਥੇ ਅਮਲੀ ਦਾ ਮੋਢਾ ਝੰਜੋੜ ਕੇ ਕਹਿੰਦਾ, ''ਤੇਰਾ ਕੀ ਬਣੂ ਫਿਰ ਅਮਲੀਆ। ਤੇਰਾ ਕਿਮੇਂ ਸਰੂ ਅਮਲ ਬਿਨਾਂ?''

ਅਮਲੀ ਕਹਿੰਦਾ, ''ਮੈਂ ਤਾਂ ਹੁਣ ਨ੍ਹੀ ਖਾਂਦਾ ਕੋਈ ਅਮਲ ਦਾ ਭੋਰਾ।''

ਬਾਬੇ ਸੁੱਚਾ ਸਿਉਂ ਨੇ ਪੁੱਛਿਆ, ''ਕਦੋਂ ਕੁ ਦਾ ਧਿਆਨੂੰ ਭਗਤ ਬਣ ਗਿਐਂ ਅਮਲੀਆ ਓਏ?''

ਸੀਤਾ ਮਰਾਸੀ ਟਿੱਚਰ 'ਚ ਕਹਿੰਦਾ, ''ਆਵਦਾ ਨਾਉਂ ਧਰਾ ਕੇ ਸਭ ਨਸ਼ੇ ਪੱਤੇ ਤਿਆਗ 'ਤੇ। ਇਹ ਅਮਲੀ ਆਲੀ ਪੂਛ ਹੁਣ ਕਈ ਪੀੜ੍ਹੀਆਂ ਤੱਕ ਨ੍ਹੀ ਲੱਥਣੀ। ਅਗਲੇ ਕਿਹਾ ਕਰਨਗੇ 'ਆਹ ਗੱਲ ਅਮਲੀਆਂ ਦੇ, ਆਹ ਘਰ ਅਮਲੀਆਂ ਦਾ। ਆਹ ਚੀਜ ਅਮਲੀਆਂ ਦੀ। ਬਾਕੀ ਤੈਨੂੰ ਤਾਂ ਬਾਬਾ ਪਤਾ ਈ ਐ ਬਈ ਆਪਣੀ ਸੱਥ ਆਲੇ ਨਾਂਅ ਧਰਨ ਲੱਗੇ ਤਾਂ ਫ਼ੋਰਾ ਈ ਲਾਉਂਦੇ ਐ। ਆਹ ਨੱਥੂ ਪੱਲ੍ਹੇ ਕਿਆਂ ਨੂੰ ਪਿੰਡ ਆਲੇ ਕੰਜਰਾਂ ਦੇ ਕਹਿਣ ਲੱਗ ਪੇ।''

ਬਾਬੇ ਨੇ ਪੁੱਛਿਆ, ''ਕੰਜਰਾਂ ਦੇ ਕਿਮੇਂ ਹੋਏ ਬਈ ਉਹੋ?''

ਅਮਲੀ ਕਹਿੰਦਾ, ''ਜਦੋਂ ਕਦੇ ਕੋਈ ਗੱਲ ਹੋਣੀ, ਹਰੇਕ ਨੂੰ ਕਹਿ ਦਿੰਦੇ ਐ 'ਓਏ ਕੰਜਰ ਦਿਆ'। ਜੇ ਕਿਸੇ ਬੰਦੇ ਤੋਂ ਮਾੜਾ ਮੋਟਾ ਗਲਤ ਫਲਤ ਕੰਮ ਹੋ ਜਾਂਦਾ ਤਾਂ ਆਖਣਗੇ ਆਹ ਕੀ ਓਏ ਕੰਜਰ ਦਿਆ'। ਵੱਸ! ਲੋਕ ਨੱਥੂ ਪੱਲ੍ਹੇ ਕੇ ਟੱਬਰ ਨੂੰ ਈਂ ਕੰਜਰਾਂ ਦੇ ਕਹਿਣ ਲੱਗ ਪੇ।''

ਗੱਲਾਂ ਕਰੀ ਜਾਂਦਿਆਂ ਤੋਂ ਏਨੇ ਚਿਰ ਨੂੰ ਤਿੰਨ ਚਾਰ ਬੰਦਿਆਂ ਨੇ ਸੱਥ 'ਚ ਆ ਕੇ ਪੁੱਛਿਆ ਬਈ ਐਥੇ ਮੋਚਨਿਆਂ ਦੇ ਘਰੇ ਜਾਣਾ। ਮੋਚਨਿਆਂ ਦਾ ਨਾਂਅ ਸੁਣ ਕੇ ਸਾਰੀ ਸੱਥ ਪਿੰਡ 'ਚ ਨਿਗਾ ਘੁਮਾਉਣ ਲੱਗ ਪਈ ਬਈ ਮੋਚਨਿਆਂ ਦੇ ਕਿਹੜੇ ਘਰ ਨੂੰ ਕਹਿੰਦੇ ਐ?

ਮਾਹਲੇ ਨੰਬਰਦਾਰ ਨੇ ਪੁੱਛਿਆ, ''ਹੋਰ ਕੀ ਨਾਉਂ ਐਂ ਉਨ੍ਹਾਂ ਦਾ?''

ਉਨ੍ਹਾਂ 'ਚੋਂ ਇੱਕ ਬੋਲਿਆ, ''ਉਹ ਟੁੱਟੇ ਭੱਜੇ ਅੰਗਾਂ ਦਾ ਕੰਮ ਵੀ ਕਰਦੇ ਐ।''

ਨਾਥਾ ਅਮਲੀ ਇੱਕ ਦਮ ਬੋਲਿਆ, ''ਮੋਚ ਕੱਢਣਿਆਂ ਦੇ ਐ ਬਾਈ ਓਹੋ।''

ਦੂਜਾ ਕਹਿੰਦਾ, ''ਹਾਂ, ਹਾਂ। ਅਸੀਂ ਵੀ ਗਿੱਟੇ ਦੀ ਮੋਚ ਈ ਕਢਾਉਣ ਆਏ ਆਂ।''

ਨਾਥਾ ਅਮਲੀ ਉਨ੍ਹਾਂ ਨੂੰ ਮੋਚ ਕੱਢਣਿਆਂ ਦੇ ਘਰ ਬਾਰੇ ਦੱਸਦਾ ਕਹਿੰਦਾ, ''ਆਹ ਸਿੱਧੀ ਗਲੀ ਜਾ ਕੇ ਆਟਾ ਚੱਕੀ ਕੋਲੋਂ ਘੜੀ ਆਲੇ ਹੱਥ ਮੁੜ ਕੇ ਅੱਗੋਂ ਖੂਹ ਕੋਲੋਂ ਪੁੱਛ ਲਿਉ ਬਈ ਲਮਢੀਗਾਂ ਦੇ ਜਾਣੈ। ਉਨ੍ਹਾਂ ਨੂੰ ਲਮਢੀਂਗ ਵੀ ਕਹਿੰਦੇ ਐ।''

ਅਮਲੀ ਦੀ ਗੱਲ ਸੁਣ ਕੇ ਉਹ ਬੰਦੇ ਤਾਂ ਪਿੰਡ ਵਿੱਚ ਨੂੰ ਤੁਰ ਗਏ, ਪਿੱਛੋਂ ਬਾਬੇ ਸੁੱਚਾ ਸਿਉਂ ਨੇ ਨਾਥੇ ਅਮਲੀ ਨੂੰ ਘੂਰਿਆ, ''ਸਿੱਧਾ ਨਾਂਅ ਦੱਸਿਆ ਕਰੋ ਓਏ ਅਗਲਿਆਂ ਨੂੰ। ਪੁੱਠਾ ਨਾਂਅ ਦੱਸ ਕੇ ਲੜਾਈ ਗਲ ਪਾਉਂਗੇ। ਜੇ ਇਨ੍ਹਾਂ ਨੇ ਉਨ੍ਹਾਂ ਨੂੰ ਜਾ ਕੇ ਦੱਸ 'ਤਾ ਨਾ ਬਈ ਸੱਥ 'ਚ ਇੱਕ ਕਾਗਜੀ ਜਾ ਭਲਵਾਨ ਸੀ ਉਹ ਸੋਨੂੰ ਪੁੱਠਾ ਸਿੱਧਾ ਬੋਲਦਾ ਸੀ। ਉਨ੍ਹਾਂ ਨੇ ਤੇਰੀ ਆ ਗਿੱਚੀ ਨੱਪਣੀ ਐ। ਫੇਰ ਲੜਾਈ ਪਊ। ਚੱਲੋ ਉੱਠੋ ਘਰ ਨੂੰ ਤੁਰੋ।''

ਜਿਉਂ ਹੀ ਬਾਬਾ ਸੁੱਚਾ ਸਿਉਂ ਸੱਥ 'ਚੋਂ ਉੱਠ ਕੇ ਘਰ ਨੂੰ ਤੁਰਿਆ ਤਾਂ ਬਾਕੀ ਦੀ ਸੱਥ ਵਾਲੇ ਵੀ ਸੱਥ 'ਚੋਂ ਉੱਠ ਖੜੋਤੇ।

JARNAIL SINGH



ART CLASSES
604-825-4659
604-724-6922
604-595-5885
#106- 12882-85 Ave. Surrey




## ਇੰਝ ਬਣਾਓ ਹੈਲਦੀ ਅਤੇ ਕ੍ਰੰਚੀ ਆਲੂ ਬਰੋਕਲੀ ਸਲਾਦ



**ਸਮੱਗਰੀ**

- 1/2 ਕਟੋਰੀ ਬਲਾਂਚਡ ਬ੍ਰੋਕਲੀ
- 1/4 ਬਾਊਲ ਉਬਲੇ ਆਲੂ
- 2 ਚਮਚ ਰੋਸਟੇਡ ਮੂੰਗਫਲੀ
- 2 ਚਮਚ ਚੀਜ਼
- 1/4 ਚਮਚ ਕਾਲੀ ਮਿਰਚ
- 1 ਚਮਚ ਪਦੀਨੇ ਦੀਆਂ ਪੱਤੀਆਂ
- 1 ਚਮਚ ਹਰਾ ਧਨੀਆ
- 2 ਚਮਚ ਨਿੰਬੂ ਦਾ ਰਸ
- 1-2 ਲੇਟਯੂਸ ਨਿੰਬੂ ਦੀਆਂ ਪੱਤੀਆਂ
- 1 ਚਮਚ ਮੇਯੋਨੀਜ਼
- ਨਮਕ ਸੁਆਦ ਅਨੁਸਾਰ

ਜੇਕਰ ਤੁਸੀਂ ਹਰ ਰੋਜ਼ ਸਵੇਰੇ ਇਕ ਹੀ ਤਰ੍ਹਾਂ ਦਾ ਨਾਸ਼ਤਾ ਬਣਾ ਕੇ ਥੱਕ ਗਏ ਹੋ ਤਾਂ ਇਸ ਵਾਰ ਤੁਸੀਂ ਕੁਝ ਨਵਾਂ ਟ੍ਰਾਈ ਕਰੋ। ਇਸ ਲਈ ਤੁਸੀਂ ਘਰ 'ਚ ਹੀ ਮੌਜੂਦ ਸਬਜ਼ੀਆਂ ਦੀ ਮਦਦ ਨਾਲ ਸੈਲਡ ਬਣਾ ਸਕਦੇ ਹੋ। ਨਾਸ਼ਤੇ 'ਚ ਪਰਿਵਾਰ ਨੂੰ ਕੁਝ ਹੈਲਦੀ ਖਿਲਾਓ ਤਾਂ ਕਿ ਪੂਰੇ ਦਿਨ ਉਨ੍ਹਾਂ ਦੀ ਸਿਹਤ ਤੰਦਰੁਸਤ ਰਹੇ। ਬ੍ਰੇਕਫਾਸਟ 'ਚ ਆਪਣੇ ਪਰਿਵਾਰ ਨੂੰ ਕ੍ਰੰਚੀ ਪੋਟੈਟੋ ਬ੍ਰੋਕਲੀ ਸੈਲੇਡ ਬਣਾ ਕੇ ਖਿਲਾਓ। ਆਓ ਦੱਸਦੇ ਹਾਂ ਇਸ ਨੂੰ ਬਣਾਉਣ ਦੀ ਆਸਾਨ ਵਿਧੀ ਦੇ ਬਾਰੇ 'ਚ।

ਵਿਧੀ : ਕ੍ਰੰਚੀ ਪੋਟੈਟੋ ਬ੍ਰੋਕਲੀ ਸੈਲੇਡ ਬਣਾਉਣ ਲਈ ਸਭ ਤੋਂ ਪਹਿਲਾਂ ਮਿਕਸਿੰਗ ਬਾਊਲ 'ਚ ਬ੍ਰੋਕਲੀ ਪਾਓ। ਹੁਣ ਇਸ 'ਚ ਉਬਲੇ ਆਲੂ, ਰੋਸਟੇਡ ਮੂੰਗਫਲੀ, ਚੀਜ਼, ਕਾਲੀ ਮਿਰਚ, ਪਦੀਨੇ ਦੀਆਂ ਪੱਤੀਆਂ, ਹਰਾ ਧਨੀਆ, ਨਿੰਬੂ ਦਾ ਰਸ, ਲੇਟਯੂਸ ਦੀਆਂ ਪੱਤੀਆਂ ਅਤੇ ਮੇਯੋਨੀਜ਼ ਪਾ ਕੇ ਚੰਗੀ ਤਰ੍ਹਾਂ ਮਿਲਾਓ, ਇਕ ਮਿੰਟ ਬਾਅਦ ਗੈਸ ਬੰਦ ਕਰ ਦਿਓ। ਹੁਣ ਤੁਹਾਡਾ ਸੈਲੇਡ ਤਿਆਰ ਹੈ। ਹੁਣ ਤੁਸੀਂ ਇਸ ਨੂੰ ਠੰਢਾ-ਠੰਢਾ ਖਾ ਸਕਦੇ ਹੋ।

## ਸ਼ਕਰਕੰਦੀ ਦੀ ਹੁਣ ਇੰਝ ਬਣਾਂਓ ਸਬਜ਼ੀ



**ਸਮੱਗਰੀ**

- ਸ਼ਕਰਕੰਦੀ-2
- ਪਿਆਜ਼-1 ਬਾਰੀਕ ਕੱਟਿਆ
- ਟਮਾਟਰ-1 ਬਾਰੀਕ ਕੱਟਿਆ
- ਹਰੀ ਮਿਰਚ-2 ਬਾਰੀਕ ਕੱਟੀ
- ਲਸਣ ਦਾ ਪੇਸਟ-1 ਟੀਸਪੂਨ
- ਅਦਰਕ ਦਾ ਪੇਸਟ-1 ਟੀਸਪੂਨ
- ਜੀਰਾ-1 ਟੀਸਪੂਨ
- ਹਲਦੀ ਪਾਊਡਰ-1/4 ਟੀਸਪੂਨ
- ਧਨੀਆ ਪਾਊਡਰ-1 ਟੀਸਪੂਨ
- ਜੀਰਾ ਪਾਊਡਰ-1 ਟੀਸਪੂਨ
- ਅਮਚੂਰ ਪਾਊਡਰ-1 ਟੀਸਪੂਨ
- ਤੇਲ-1 ਟੇਬਲਸਪੂਨ
- ਨਮਕ - ਸੁਆਦ ਅਨੁਸਾਰ

ਸ਼ਕਰਕੰਦੀ 'ਚ ਬਹੁਤ ਸਾਰੇ ਐਂਟੀ-ਆਕਸੀਡੈਂਟ ਤੱਤ ਅਤੇ ਵਿਟਾਮਿਨ-ਸੀ ਪਾਇਆ ਜਾਂਦਾ ਹੈ, ਜੋ ਤੁਹਾਡੇ ਵਜ਼ਨ ਨੂੰ ਬੈਲੇਂਸ ਰੱਖਣ 'ਚ ਮਦਦਗਾਰ ਹੈ। ਇਸ ਦੇ ਸੇਵਨ ਨਾਲ ਤੁਹਾਡਾ ਪੇਟ ਕਾਫੀ ਦੇਰ ਤੱਕ ਭਰਿਆ ਰਹਿੰਦਾ ਹੈ, ਜਿਸ ਵਜ੍ਹਾ ਕਾਰਨ ਬੇ-ਸਮੇਂ ਤੁਹਾਨੂੰ ਭੁੱਖ ਮਹਿਸੂਸ ਨਹੀਂ ਹੁੰਦੀ। ਆਓ ਜਾਣਦੇ ਹਾਂ ਸ਼ਕਰਕੰਦੀ ਦੀ ਸਬਜ਼ੀ ਬਣਾਉਣ ਦੀ ਵਿਧੀ ...

ਵਿਧੀ : ਸ਼ਕਰਕੰਦੀ ਨੂੰ ਸਾਫ ਕਰਕੇ ਗੋਲਾਕਾਰ ਜਾਂ ਫਿਰ ਚਕੌਰ ਟੁਕੜਿਆਂ 'ਚ ਕੱਟ ਲਓ। ਇਕ ਪੈਨ 'ਚ ਤੇਲ ਗਰਮ ਕਰੋ, ਉਸ 'ਚ ਜੀਰਾ, ਅਦਰਕ ਅਤੇ ਲਸਣ ਦਾ ਪੇਸਟ ਪਾਓ, ਹਲਕਾ ਭੁੰਨਣ ਤੋਂ ਬਾਅਦ ਉਸ 'ਚ ਪਿਆਜ਼ ਅਤੇ ਟਮਾਟਰ ਪਾ ਦਿਓ। ਪਿਆਜ਼ ਅਤੇ ਟਮਾਟਰ ਜਦੋਂ ਬਣ ਜਾਣ ਤਾਂ ਉਸ 'ਚ ਪਾਣੀ ਪਾਓ ਅਤੇ ਗੈਸ ਨੂੰ ਘੱਟ ਕਰ ਦਿਓ ਅਤੇ ਮਸਾਲੇ ਨੂੰ ਚੰਗੀ ਤਰ੍ਹਾਂ ਪਕਾਓ। ਉਸ ਤੋਂ ਬਾਅਦ ਸ਼ਕਰਕੰਦੀ ਦੇ ਟੁਕੜੇ ਪਾ ਦਿਓ ਅਤੇ 1/4 ਕੱਪ ਪਾਣੀ ਮਿਲਾਓ। ਸ਼ਕਰਕੰਦੀ ਉਦੋਂ ਤੱਕ ਪਕਾਓ ਜਦੋਂ ਤੱਕ ਪੂਰੀ ਤਰ੍ਹਾਂ ਉਹ ਗਲ ਨਾ ਜਾਵੇ। ਪਾਣੀ ਪਾਉਣ ਤੋਂ ਪਹਿਲਾਂ ਸਾਰੇ ਮਸਾਲੇ ਪਾਓ। ਹੁਣ ਤੁਹਾਡੀ ਸ਼ਕਰਕੰਦੀ ਦੀ ਚਟਪਟੀ ਸਬਜ਼ੀ ਬਣ ਕੇ ਤਿਆਰ ਹੈ, ਇਸ ਨੂੰ ਚੌਲਾਂ ਜਾਂ ਫਿਰ ਰੋਟੀ ਨਾਲ ਖਾਓ।




## ਜਾਪਾਨ ਨੇ ਬਣਾਇਆ ਹਾਈ-ਸਪੀਡ 6-ਜੀ ਫ਼ੋਨ

### 5-ਜੀ ਫ਼ੋਨ ਦੀ ਸਪੀਡ ਨਾਲੋਂ 500 ਗੁਣਾ ਤੇਜ਼




ਇਕ ਜਾਪਾਨੀ ਕੰਸੋਰਟੀਅਮ ਨੇ ਹਾਲ ਹੀ 'ਚ ਦੁਨੀਆ ਦਾ ਪਹਿਲਾ ਹਾਈ-ਸਪੀਡ 6-ਜੀ ਪ੍ਰੋਟੋਟਾਈਪ ਡਿਵਾਈਸ ਪੇਸ਼ ਕੀਤਾ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ 330 ਫੁੱਟ ਤੋਂ ਜਿਆਦਾ ਦੀ ਦੂਰੀ ਤੱਕ 100 ਗੀਗਾਬਾਈਟ ਪ੍ਰਤੀ ਸਕਿੰਟ (ਜੀ. ਬੀ. ਪੀ. ਐੱਸ.) ਦੀ ਰਫਤਾਰ ਨਾਲ ਡੇਟਾ ਟ੍ਰਾਂਸਮਿਟ ਕਰ ਸਕਦਾ ਹੈ।

ਇਕ ਮੀਡੀਆ ਰਿਪੋਰਟ 'ਚ ਕਿਹਾ ਗਿਆ ਹੈ ਕਿ ਇਹ ਸਪੀਡ ਮੌਜੂਦਾ 5-ਜੀ ਪ੍ਰੋਸੈਸਰ ਦੀ ਤੁਲਨਾ 'ਚ 20 ਗੁਣਾ ਤੇਜ਼ ਹੈ, ਨਾਲ ਹੀ ਇਸ ਦੀ ਸਮੁੱਚੀ ਸਪੀਡ ਔਸਤ 5-ਜੀ ਫੋਨ ਦੀ ਸਪੀਡ ਨਾਲੋਂ 500 ਗੁਣਾ ਤੇਜ਼ ਹੈ। ਰਿਪੋਰਟ ਮੁਤਾਬਕ 6-ਜੀ ਦੀ ਸਪੀਡ ਨਾਲ ਤੁਸੀਂ ਇਕ ਸਕਿੰਟ 'ਚ 5 ਐੱਚ. ਡੀ. ਫਿਲਮਾਂ ਡਾਊਨਲੋਡ ਕਰ ਸਕੋਗੇ।

### 100 ਮੀਟਰ ਦੀ ਦੂਰੀ 'ਤੇ ਕੀਤਾ ਗਿਆ ਟੈਸਟ

ਪ੍ਰੋਟੋਟਾਈਪ ਡਿਵਾਈਸ ਨੂੰ ਜਾਪਾਨ ਦੀਆਂ ਚਾਰ ਪ੍ਰਮੁੱਖ ਦੂਰਸੰਚਾਰ ਕੰਪਨੀਆਂ, ਡੋਕੋਮੋ, ਐੱਨ. ਟੀ. ਟੀ. ਕਾਰਪੋਰੇਸ਼ਨ, ਐੱਨ. ਈ. ਸੀ. ਕਾਰਪੋਰੇਸ਼ਨ ਅਤੇ ਫੁਜਿਤਸੂ ਨੇ ਮਿਲ ਕੇ ਤਿਆਰ ਕੀਤਾ ਹੈ। ਇਹ ਕੰਪਨੀਆਂ ਲੰਬੇ ਸਮੇਂ ਤੋਂ ਇਸ ਡਿਵਾਈਸ 'ਤੇ ਕੰਮ ਕਰ ਰਹੀਆਂ ਸਨ। ਕੰਸੋਰਟੀਅਮ ਨੇ 11 ਅਪ੍ਰੈਲ ਨੂੰ ਸਫਲ ਟੈਸਟ ਨਤੀਜਿਆਂ ਦੀ ਘੋਸ਼ਣਾ ਕੀਤੀ, ਜਿੱਥੇ ਕੰਪਨੀਆਂ ਨੇ ਖੁਲਾਸਾ ਕੀਤਾ ਕਿ ਪ੍ਰੋਟੋਟਾਈਪ ਡਿਵਾਈਸ 100 ਜੀ. ਐੱਚ. ਜ਼ੈੱਡ. ਬੈਂਡ ਦੀ ਵਰਤੋਂ ਕਰ ਕੇ ਘਰ ਅੰਦਰ ਅਤੇ 300 ਜੀ. ਐੱਚ. ਜ਼ੈੱਡ. ਬੈਂਡ ਦੀ ਵਰਤੋਂ ਕਰ ਕੇ ਆਊਟਡੋਰ 'ਚ 100 ਜੀ. ਬੀ. ਪੀ. ਐੱਸ. ਦੀ ਸਪੀਡ ਹਾਸਲ ਕਰ ਸਕਦਾ ਹੈ। ਕੰਸੋਰਟੀਅਮ ਦੇ ਨੁਮਾਇੰਦਿਆਂ ਨੇ ਦੱਸਿਆ ਕਿ ਇਹ ਟੈਸਟ 330 ਫੁੱਟ ਯਾਨੀ 100 ਮੀਟਰ ਦੀ ਦੂਰੀ 'ਤੇ ਕੀਤਾ ਗਿਆ ਸੀ।

## Google I/O 2024 ਮੈਗਾ ਈਵੈਂਟ: Gemini AI ਦਾ ਵਧਿਆ ਦਾਇਰਾ

ਤਕਨੀਕੀ ਦਿੱਗਜ ਗੂਗਲ ਨੇ ਮੈਗਾ ਈਵੈਂਟ ਗੂਗਲ I/O 2024 ਦਾ ਆਯੋਜਨ ਕੀਤਾ। ਗੂਗਲ ਨੇ ਇਸ ਈਵੈਂਟ 'ਚ ਕਈ ਵੱਡੇ ਐਲਾਨ ਕੀਤੇ ਹਨ। ਇਸ ਸਮਾਗਮ ਦਾ ਉਦਘਾਟਨ ਗੂਗਲ ਦੇ ਸੀਈਓ ਸੁੰਦਰ ਪਿਚਾਈ ਨੇ ਕੀਤਾ। ਈਵੈਂਟ ਦੀ ਸ਼ੁਰੂਆਤ 'ਚ ਕੰਪਨੀ ਨੇ ਆਪਣੇ ਲਾਰਜ ਲੈਂਗੂਏਜ ਮਾਡਲ ਯਾਨੀ ਘੲਮਨਿ ਅੀ ਬਾਰੇ ਜਾਣਕਾਰੀ ਦਿੱਤੀ।

ਜੇਕਰ ਤੁਸੀਂ ਨਹੀਂ ਜਾਣਦੇ ਤਾਂ ਤੁਹਾਨੂੰ ਦੱਸ ਦੇਈਏ ਕਿ ਗੂਗਲ I/O ਕੰਪਨੀ ਦਾ ਸਾਲਾਨਾ ਈਵੈਂਟ ਹੈ ਅਤੇ ਇਸ 'ਚ ਕੰਪਨੀ ਜ਼ਿਆਦਾਤਰ ਆਪਣੇ ਆਉਣ ਵਾਲੇ ਪ੍ਰੋਜੈਕਟਸ ਅਤੇ ਸਾਫਟਵੇਅਰ ਦੀ ਜਾਣਕਾਰੀ ਦਿੰਦੀ ਹੈ। ਦੁਨੀਆ ਭਰ ਦੇ ਮਸ਼ਹੂਰ ਡਿਵੈਲਪਰ ਅਤੇ ਤਕਨੀਕੀ ਮਾਹਰ ਘੋਗਲਏ I/O ਵਿੱਚ ਸ਼ਾਮਲ ਹੋਣ ਲਈ ਆਉਂਦੇ ਹਨ। ਆਮ ਤੌਰ 'ਤੇ ਇਹ ਇਕ ਸਾਫਟਵੇਅਰ ਈਵੈਂਟ ਹੁੰਦਾ ਹੈ ਪਰ ਕੰਪਨੀ ਇਸ 'ਚ ਕੁਝ ਨਵੇਂ ਗੈਜੇਟਸ ਅਤੇ ਹੋਰ ਹਾਰਡਵੇਅਰ ਵੀ ਲਾਂਚ ਕਰਦੀ ਹੈ।

### Google Workspace ਵਿੱਚ Gemini AI ਦਾ ਦਾਇਰਾ ਵਧੇਗਾ

ਸੁੰਦਰ ਪਿਚਾਈ ਨੇ ਦੱਸਿਆ ਕਿ Gemini AI ਨੂੰ ਗੂਗਲ ਦੇ ਵਰਕ ਸਪੇਸ ਵਿੱਚ ਲਿਆਂਦਾ ਜਾ ਰਿਹਾ ਹੈ। ਇਸ ਦੇ ਨਾਲ, ਉਪਭੋਗਤਾ ਅਨੁਭਵ ਅਤੇ ਸਰਚ ਇੰਜਣ ਦੀ ਕੁਸ਼ਲਤਾ ਨੂੰ ਵਧਾਉਣ ਲਈ Gemini AI ਦੀ ਵਰਤੋਂ ਕੀਤੀ ਜਾ ਰਹੀ ਹੈ। ਕੰਪਨੀ ਦੇ ਮੁਤਾਬਕ, Gemini AI ਨੂੰ ਜੀਮੇਲ ਅਤੇ ਗੂਗਲ ਮੀਟ ਵਰਗੇ ਆਪਣੇ ਵਰਕਸਪੇਸ 'ਚ ਲਿਆਉਣ ਨਾਲ ਯੂਜ਼ਰਸ ਦਾ ਕਾਫੀ ਸਮਾਂ ਬਚੇਗਾ। ਗੂਗਲ ਨੇ ਕਿਹਾ ਕਿ ਇਸ ਸਾਲ ਦੇ ਅੰਤ ਤੱਕ ਯੂਜ਼ਰਸ ਨੂੰ ਘੲਮਨਿ ਅੀ ਦੇ ਕੁਝ ਨਵੇਂ ਅਨੁਭਵ ਦੇਖਣ ਨੂੰ ਮਿਲਣਗੇ।

### ਨਵੀਂ ਵਿਸ਼ੇਸ਼ਤਾ ਅਸਕ Photos ਲਾਂਚ ਕੀਤੀ ਗਈ ਹੈ

ਗੂਗਲ ਫੋਟੋਜ਼ ਲਈ ਅਸਕ ਫਹੋਟੋਸ ਨਾਮ ਦਾ ਇੱਕ ਨਵਾਂ ਫੀਚਰ ਲਾਂਚ ਕੀਤਾ ਗਿਆ ਹੈ। ਜੇਮਿਨੀ ਮਾਡਲਸ ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਫੋਟੋਆਂ ਅਤੇ ਵੀਡੀਓਜ਼ ਨੂੰ ਸਰਚ ਕਰ ਸਕੋਗੇ।

### ਨਵਾਂ AI ਵੀਡੀਓ ਮਾਡਲ VEO ਲਾਂਚ

ਗੂਗਲ ਨੇ ਗੂਗਲ ਆਈ/ਓ ਈਵੈਂਟ ਦੌਰਾਨ ਆਪਣੇ ਨਵੇਂ ਜਨਰੇਟਿਵ ਵੀਡੀਓ ਏਆਈ ਮਾਡਲ ਵੀਓ ਦੀ ਘੋਸ਼ਣਾ ਕੀਤੀ। ਗੂਗਲ ਦੇ ਇਸ ਮਾਡਲ ਦੀ ਸਭ ਤੋਂ ਖਾਸ ਗੱਲ ਇਹ ਹੈ ਕਿ ਇਹ ਮਾਡਲ ਵੱਖ-ਵੱਖ ਟੈਕਸਟ ਪ੍ਰੋਂਪਟ ਤੋਂ ਸਿਨੇਮੈਟਿਕ ਸਟਾਈਲ 'ਚ 1080p ਕੁਆਲਿਟੀ ਵੀਡੀਓ ਬਣਾ ਸਕਦਾ ਹੈ। ਗੂਗਲ ਦਾ ਇਹ ਮਾਡਲ




VideoFX ਨਾਮ ਦੇ ਪਲੇਟਫਾਰਮ 'ਤੇ ਉਪਲਬਧ ਹੋਵੇਗਾ।

### ਗੂਗਲ ਨੇ ਜੇਮਿਨੀ 1.5 ਫਲੈਸ਼ ਨੂੰ ਕੀਤਾ ਪੇਸ਼

ਗੂਗਲ ਨੇ ਆਪਣੇ ਮੈਗਾ ਈਵੈਂਟ 'ਚ ਜੇਮਿਨੀ 1.5 ਫਲੈਸ਼ ਨੂੰ ਵੀ ਲਾਂਚ ਕੀਤਾ ਹੈ। ਇਹ ਗੂਗਲ ਦਾ ਲਾਈਟਵੇਟ ਆਰਟੀਫਿਸ਼ੀਅਲ ਮਾਡਲ ਹੈ। ਪ੍ਰੋ ਮਾਡਲ ਦੇ ਮੁਕਾਬਲੇ ਜੈਮਿਨੀ 1.5 ਫਲੈਸ਼ ਬਹੁਤ ਤੇਜ਼ ਹੈ ਅਤੇ ਲਾਗਤ ਕੁਸ਼ਲ ਹੈ। ਤੁਹਾਨੂੰ ਦੱਸ ਦੇਈਏ ਕਿ ਗੂਗਲ ਦੇ ਦੋਵੇਂ ਮਾਡਲ 10 ਲੱਖ ਟੋਕਨ ਤੱਕ ਸਪੋਰਟ ਕਰਦੇ ਹਨ।

### Imagen 3

Imagen 3 ਇੱਕ ਏਆਈ ਮਾਡਲ ਹੈ ਜੋ ਬਿਹਤਰ ਵੇਰਵੇ ਨਾਲ ਫੋਟੋਆਂ ਬਣਾਉਣ ਦਾ ਦਾਅਵਾ ਕਰਦਾ ਹੈ। ਇਹ ਵਧੇਰੇ ਕੁਦਰਤੀ ਅਤੇ ਮਨੁੱਖੀ ਤਰੀਕੇ ਨਾਲ ਸੰਕੇਤਾਂ ਦਾ ਵੇਰਵਾ ਪ੍ਰਦਾਨ ਕਰ ਸਕਦਾ ਹੈ। Imagen 3 ਲਈ ਸਾਈਨ-ਅੱਪ ਅੱਜ ImageFX 'ਤੇ ਸ਼ੁਰੂ ਹੁੰਦੇ ਹਨ ਅਤੇ ਜਲਦੀ ਹੀ ਡਿਵੈਲਪਰਾਂ ਅਤੇ ਐਂਟਰਪ੍ਰਾਈਜ਼ ਗਾਹਕਾਂ ਲਈ ਉਪਲਬਧ ਹੋਣਗੇ।

### ਪ੍ਰੋਜੈਕਟ Astra

ਗੂਗਲ ਨੇ ਪ੍ਰੋਜੈਕਟ ਐਸਟਰਾ ਦਾ ਐਲਾਨ ਕੀਤਾ ਹੈ। ਗੂਗਲ ਡੀਪਮਾਈਂਡ ਦੇ ਸੀਈਓ ਡੇਮਿਸ ਦੇ ਅਨੁਸਾਰ, ਇਹ ਇੱਕ ਯੂਨੀਵਰਸਲ ਏਆਈ ਏਜੰਟ ਹੈ ਜੋ ਰੋਜ਼ਾਨਾ ਜੀਵਨ ਵਿੱਚ ਮਦਦਗਾਰ ਹੋ ਸਕਦਾ ਹੈ।

# ਕਾਵਿ ਕਿਆਰੀ

## ਡੂੰਘੇ ਪਾਣੀ ਗੋਤੇ ਦੇਵੇ

ਡੂੰਘੇ ਪਾਣੀ ਗੋਤੇ ਦੇਵੇ, ਘੁੰਮਣਘੇਰੀ ਦਰਦਾਂ ਦੀ ।
ਧੌਣ ਉਤਾਂਹ ਨਾਂ ਚੁੱਕਣ ਦੇਵੇ, ਪੰਡ ਵਧੇਰੀ ਦਰਦਾਂ ਦੀ ।
ਆਪਣੇ ਜਾਣ ਕੇ ਜਾਣ ਨਾ ਦੇਵਾਂ, ਗ਼ੈਰਾਂ ਦੇ ਵਲ ਇਨ੍ਹਾਂ ਨੂੰ,
ਮੈਥੋਂ ਆਪੇ ਹੋ-ਹੂ ਜਾਂਦੀ, ਟਹਿਲ ਵਧੇਰੀ ਦਰਦਾਂ ਦੀ ।

ਜਿਹੜਾ ਇਸ ਦੀ ਛਾਵੇਂ ਬਹਿੰਦਾ, ਦੁੱਖ ਦੇ ਰੋੜੇ ਖਾਂਦਾ ਏ,
'ਆਦਮ' ਨੂੰ 'ਅਬਲੀਸ' ਦਿਖਾਈ, ਕਾਠੀ ਬੇਰੀ ਦਰਦਾਂ ਦੀ ।
ਲੋਕਾਂ ਦਾ ਗ਼ਮ ਦੇਖ ਕੇ ਅੱਖ ਤੋਂ ਹੁਣ ਵੀ ਜਰਿਆ ਜਾਂਦਾ ਨਈਂ,
ਸਾਨੂੰ ਅੰਨਿਆਂ ਕਰ ਦੇਵੇ ਜਦ, ਝੁੱਲੇ ਨੇਰ੍ਹੀ ਦਰਦਾਂ ਦੀ ।

ਤਕੜੇ ਦੇ ਵਲ ਵਖ਼ਤ ਵਰਾਗੇ, ਜਾਂਦੇ ਸੁਖ ਬਣ ਜਾਂਦੇ ਨੇ,
ਮਾੜਾ ਬੰਦਾ ਬਣ ਜਾਂਦਾ ਏ, ਆਪ ਦਲੇਰੀ ਦਰਦਾਂ ਦੀ ।
ਜਦ ਮੀਹਾਂ ਨੂੰ ਗੁੱਸਾ ਆਵੇ, ਉਹ ਵੀ ਕੱਢਣ ਲਿੱਸੇ ਤੇ,
ਨੀਵੇਂ ਘਰ ਦੇ ਕੋਠੇ ਢੈ-ਢੈ, ਬਣ ਗਈ ਢੇਰੀ ਦਰਦਾਂ ਦੀ ।

ਭੁੱਲ-ਭੁਲੇਖੇ ਹੋਰਾਂ ਦੇ ਫਾਹ, ਕਿਉਂ ਸਾਡੇ ਗਲ ਪੈਂਦੇ ਨੇ,
ਸਾਨੂੰ ਸੁਖੀ ਰਹਿਣ ਨਾ ਦੇਵੇ, ਹੇਰਾ ਫੇਰੀ ਦਰਦਾਂ ਦੀ ।
ਹੌਲ ਗ਼ਮਾਂ ਦੀ ਮੱਕੜੀ ਜਿਸ ਦਿਨ, ਤਨ ਤੇ ਜ਼ਾਲਾ ਬੁਣਦੀ ਏ,
ਸੌ ਵਰ੍ਹਿਆਂ ਦੀ ਬਣ ਜਾਂਦੀ ਏ, ਰਾਤ ਹਨ੍ਹੇਰੀ ਦਰਦਾਂ ਦੀ ।

ਦੂਰ ਕਿਤੇ ਨਹੀਂ ਜਾਣਾ ਪੈਣਾ, ਲੱਸੀ ਲੈਣ ਗਵਾਂਢੀ ਨੂੰ,
'ਅਨਵਰ' ਹੋਰਾਂ ਨੇ ਘਰ ਬੰਨੀ, ਮੱਝ ਲਵੇਰੀ ਦਰਦਾਂ ਦੀ ।

**ਲਿਖਤ : ਅਨਵਰ ਅਨੀਕ**

## ਚੌਦੇਂ ਮੱਸਿਆ

ਲੁੱਟੀ ਜਾਂਦਾ ਸ਼ਹਿਰ ਭੰਬੋਰ ਕੋਈ,
ਕੋਈ ਤਖ਼ਤ ਹਜਾਰਾ ਛੱਡ ਪਾਰ ਗਿਆ।
ਦਾਨਾਬਾਦ ਨਾ ਕਿਸੇ ਤੋਂ ਮੁੜ ਹੋਇਆ,
ਡੁੱਬ ਕਿਸੇ ਦਾ ਝਨਾਂ 'ਚ ਯਾਰ ਗਿਆ।

ਆ ਸਿਰ 'ਤੇ ਗਿਆ ਬਹਿ ਕੋਈ,
ਕੋਈ ਪੱਕਾ ਤੋਰ ਵਪਾਰ ਗਿਆ।
ਹੱਥ ਫੇਰ ਕੇ ਚਾਰ ਚੁਫੇਰਿਆਂ 'ਤੇ,
ਸਭ ਕੁਝ ਦਾ ਬਣ ਮੁਖਤਿਆਰ ਗਿਆ।

ਜਕੰਮ ਸਾਰੇ ਕੋਈ ਗਿਣਾਉਣ ਵਾਲਾ,
ਸਭ ਥਾਂਵਾਂ ਤੋਂ ਹੀ ਹਾਰ ਗਿਆ।
ਮੰਨ ਬੇਜਤੀ ਗਿਆ ਲਾ ਦਿਲ 'ਤੇ,
ਛੱਡ ਘਰ-ਬਾਰ ਲੁਕ ਬਾਹਰ ਗਿਆ।

ਆਸ਼ਕ ਰਲ ਕੋਈ ਗਿਆ ਸੰਗ ਚੋਰਾਂ,
ਨਾਲ ਲੈ ਸਾਰਾ ਪਰਿਵਾਰ ਗਿਆ।
ਕੋਈ ਗੱਪੀ ਥਾਂ ਥਾਂ ਜਾ 'ਭਗਤਾ',
ਕਰ ਗੱਪਾਂ ਦਾ ਪ੍ਰਚਾਰ ਗਿਆ।।

**ਲੇਖਕ : ਬਰਾੜ-ਭਗਤਾ ਭਾਈ ਕਾ**
**ਸੰਪਰਕ : 1-604-751-1113**

## ਆਪਣੇ 'ਚੋਂ ਆਪ ਮਨਫ਼ੀ

ਆਪਣੇ 'ਚੋਂ ਆਪ ਮਨਫ਼ੀ ਹੋ ਗਿਆ ਹੈ
ਇਸ ਕਦਰ ਬੰਦਾ ਹਿਸਾਬੀ ਹੋ ਗਿਆ ਹੈ
ਹਰ ਬਸ਼ਰ ਤ੍ਰਿਸ਼ੂਲ ਬਰਛੀ ਹੋ ਗਿਆ ਹੈ
ਭੀੜ ਦੀ ਪੂਰੀ ਸਮੱਗਰੀ ਹੋ ਗਿਆ ਹੈ

ਅੱਤਵਾਦੀ ਦੇ ਸਣੇ ਬਾਰਾਂ ਮਰੇ ਨੇ
ਆਦਮੀ ਹੁਣ ਮਹਿਜ਼ ਗਿਣਤੀ ਹੋ ਗਿਆ ਹੈ
ਮਾਣ ਹੈ ਜਿਸਦੀ ਸ਼ਹੀਦੀ 'ਤੇ ਮੁਲਕ ਨੂੰ
ਉਹ ਕਿਸੇ ਵਿਧਵਾ ਦੀ ਅਰਜ਼ੀ ਹੋ ਗਿਆ ਹੈ

ਪੌਣ ਭਟਕੀ ਨਾ ਫਿਰੇ ਤਾਂ ਕੀ ਕਰੇ ਜਦ
ਨਗਰ ਦਾ ਹਰ ਬਿਰਖ ਕੁਰਸੀ ਹੋ ਗਿਆ ਹੈ
ਅੱਗ ਦਾ ਦਰਿਆ ਨਿਰਾ ਜੇ ਇਸ਼ਕ ਹੈ ਤਾਂ
ਹੌਸਲਾ ਮੇਰਾ ਵੀ ਕਿਸ਼ਤੀ ਹੋ ਗਿਆ ਹੈ

ਤੁਰ ਗਿਆ ਸੂਰਜ ਬੁਝਾ ਕੇ ਪਿਆਸ ਅਪਣੀ
ਪਰ ਨਦੀ ਦਾ ਨੀਰ ਅਗਨੀ ਹੋ ਗਿਆ ਹੈ
ਪਿਆਰ ਉਸਨੇ ਪਾਉਂਦਿਆਂ ਨਾ ਦੇਰ ਕੀਤੀ
ਬੇਵਫ਼ਾ ਵੀ ਬਹੁਤ ਜਲਦੀ ਹੋ ਗਿਆ ਹੈ

ਆਪਣੀ ਹੀ ਭਾਲ ਵਿਚ ਸੀ ਨਿਕਲਿਆ ਜੋ
"ਗੁੰਮਸ਼ੁਦਾ ਦੀ ਭਾਲ" ਸੁਰਖੀ ਹੋ ਗਿਆ ਹੈ
ਉਮਰ ਸਾਰੀ ਭੋਗਿਆ ਹੈ ਨਰਕ ਉਸਨੇ
ਮਰਨ ਦੇ ਮਗਰੋਂ ਸਵਰਗੀ ਹੋ ਗਿਆ ਹੈ

**ਅਮਰਦੀਪ ਸੰਧਾਵਾਲੀਆ**

## ਕਰਮਾਂ ਮਾਰੀ

ਪਿੱਛੇ ਰਹਿ ਜਾਏ ਕਰਮਾਂ ਮਾਰੀ ਭੁੱਖ ਤੋਂ ਅੱਗੇ ਲੰਘੋ ।
ਚਾਵਾਂ ਦਾ ਕੋਈ ਸ਼ਹਿਰ ਵਸਾਉ ਦੁਖ ਤੋਂ ਅੱਗੇ ਲੰਘੋ ।

ਖੁਦਦਾਰੀ ਨਾਲ ਜੀਵਨ ਦਾ ਵੱਲ ਸਿੱਖੋ ਦੁਨੀਆਂ ਉੱਤੇ,
ਪੈਰੀਂ ਪੈਂਖੜ ਪਾਏ ਜੋ ਉਸ ਸੁੱਖ ਤੋਂ ਅੱਗੇ ਲੰਘੋ ।

ਸੈ ਵਰ੍ਹਿਆਂ ਦੇ ਬਾਅਦ ਵੀ ਅੱਜ ਏ ਖ਼ਾਲਮ-ਖ਼ਾਲੀ ਝੋਲੀ,
ਸਮੇਂ ਦੇ ਬਾਂਝਪੁਣੇ ਦੀ ਸੱਖਣੀ ਕੁੱਖ ਤੋਂ ਅੱਗੇ ਲੰਘੋ ।

ਹੰਝੂਆਂ ਦਾ ਦੇ ਦੇ ਕੇ ਪਾਣੀ ਪਾਲਿਆ ਏ ਰੁੱਖ ਜਿਹੜਾ,
ਠੰਢੀ ਛਾਂ ਨਾ ਦੇ ਤਾਂ ਫਿਰ ਉਸ ਰੁੱਖ ਤੋਂ ਅੱਗੇ ਲੰਘੋ ।

ਜਿੱਥੇ ਹਾਸੇ ਕਰਨ ਸਵਾਗਤ ਓਸ ਨਗਰ ਜਾ ਵੱਸੋ,
'ਰਾਹਤ ਜੀ' ਇਸ ਨਫ਼ਰਤ ਦੀ ਦੁਖਦੁਖ ਤੋਂ ਅੱਗੇ ਲੰਘੋ।

**ਲੇਖਕ : ਇਕਬਾਲ ਰਾਹਤ**

## ਵੇਖ ਹਮਾਕਤ ਹਾਕਮ ਦੀ

ਵੇਖ ਹਮਾਕਤ ਹਾਕਮ ਦੀ ਉਹ ਹੁਣ ਐਸਾ ਐਲਾਨ ਕਰੇਗਾ।
ਸਾਡੇ ਘਰ 'ਤੇ ਕਬਜ਼ਾ ਕਰਕੇ ਸਾਨੂੰ ਹੀ ਮਹਿਮਾਨ ਕਰੇਗਾ।

ਜੋ ਫੁੱਲਾਂ ਦੀ ਰਾਖੀ ਖ਼ਾਤਿਰ ਆਪ ਬਿਠਾਇਆ ਸੀ ਆਪਾਂ,
ਚਿਤ ਚੇਤੇ ਵੀ ਨਹੀਂ ਸੀ ਮਾਲੀ ਬਾਗਾਂ ਨੂੰ ਵੀਰਾਨ ਕਰੇਗਾ।

ਰੋਜ਼ ਡਰਾਉਨੈਂ ਖ਼ੌਫ਼ ਵਿਖਾਉਨੈਂ ਤੇਜ਼ ਹਨ੍ਹੇਰੀ ਦਾ ਤੂੰ ਕਿਸਨੂੰ,
ਜਿਸ ਦੇ ਦਿਲ ਵਿੱਚ ਰੀਝ ਬਲਣ ਦੀ ਉਸਨੂੰ ਕੀ ਤੂਫ਼ਾਨ ਕਰੇਗਾ।

ਸਮਝ ਲਵੋ ਜੇ ਸਮਝ ਸਕੋ ਤਾਂ ਇਸ ਦੇ ਵਿਚਲੀ ਸ਼ੈਤਾਨੀ ਨੂੰ,
"ਮੈਂ ਸਾਧੂ ਹਾਂ" ਜਦ ਕੋਈ ਨੇਤਾ ਐਦਾਂ ਦਾ ਐਲਾਨ ਕਰੇਗਾ।

ਲੁੱਟੀ ਜਾਂਦੀ ਧਿਰ ਦੇ ਹੱਕ ਵਿੱਚ ਸ਼ਬਦ ਕਦੋਂ ਆਵਾਜ਼ ਬਣਨਗੇ,
ਹਾਕਮ ਦੇ ਗੁਣ ਗਾਉਂਦਾ ਲਾਣਾ,ਕਾਨੀ ਕਦ ਕਿਰਪਾਨ ਕਰੇਗਾ।

ਮੈਂ ਕੀ ਖਾਵਾਂ,ਮੈਂ ਕੀ ਪੀਵਾਂ,ਮੈਂ ਕੀ ਬੋਲਾਂ, ਮੇਰੀ ਮਰਜ਼ੀ,
ਮੇਰੇ ਉੱਪਰ ਆਪਣੀ ਮਰਜ਼ੀ ਕਿਉਂ ਕੋਈ ਸੁਲਤਾਨ ਕਰੇਗਾ।

ਖ਼ੌਫ਼ਜ਼ਦਾ ਖ਼ਲਕਤ ਨੂੰ ਕਰਕੇ ਆਪਣੇ ਮਨ ਵਿੱਚ ਇਹ ਨਾ ਸੋਚੇ,
ਬੋਲਣ ਵਾਲੇ ਲੋਕਾਂ ਦੀ ਉਹ ਐਦਾਂ ਬੰਦ ਜ਼ੁਬਾਨ ਕਰੇਗਾ।

**ਲੇਖਕ : ਰਾਜਦੀਪ ਸਿੰਘ ਤੂਰ**

## ਤੂੰ ਕਿਉਂ ਨਹੀਂ ਬੋਲਦਾ ?

ਰਾਜਾ ਵੀ ਹੈ ਚੋਰ ਤੇ ਵਜ਼ੀਰ ਚੋਰ ਹੈ
ਭਗਵੇਂ ਲਿਬਾਸ 'ਚ ਫ਼ਕੀਰ ਚੋਰ ਹੈ

ਪਰ੍ਹੇ-ਪੰਚਾਇਤਾਂ ਦੀ ਜ਼ਮੀਰ ਚੋਰ ਹੈ
ਸਾਰਾ ਕੁਝ ਜਾਣਦੈਂ ਤੂੰ,

ਭੇਦ ਕਿਉਂ ਨਹੀਂ ਖੋਲ੍ਹਦਾ?
ਤੂੰ ਕਿਉਂ ਨਹੀਂ ਬੋਲਦਾ?

ਧੋਖਾ-ਧੜੀ ਇਥੇ ਸ਼ਰੇਆਮ ਹੋ ਰਹੀ
ਅਬਲਾ ਦੀ ਆਬਰੂ ਨੀਲਾਮ ਹੋ ਰਹੀ

ਕੂੜ ਦੇ ਦਲਾਲਾਂ ਨੂੰ ਸਲਾਮ ਹੋ ਰਹੀ
ਦਿਲ ਵਿਚ ਰਹਿਨਾਂ ਏਂ, ਤੂੰ ਵਿਸ ਘੋਲਦਾ
ਤੂੰ ਕਿਉਂ ਨਹੀਂ ਬੋਲਦਾ?

ਜਾਣਦੈਂ ਤੂੰ ਲੋਕਾਂ ਦਾ ਈਮਾਨ ਹੀ ਨਹੀਂ
ਮੂੰਹ ਵਿਚ ਕਿਸੇ ਦੇ ਜ਼ੁਬਾਨ ਹੀ ਨਹੀਂ

ਚੋਰ ਵੱਲ ਕਿਸੇ ਦਾ ਧਿਆਨ ਹੀ ਨਹੀਂ
ਸਾਡੇ ਵਿਸ਼ਵਾਸ ਦੀ ਜੋ ਪੱਤ ਰੋਲਦਾ
ਤੂੰ ਕਿਉਂ ਨਹੀਂ ਬੋਲਦਾ?

ਲੋਟੂ ਰਾਮ ਗੱਲੀਂ-ਬਾਤੀਂ ਸਾਰੀ ਜਾ ਰਿਹੈ
ਆਪਣੇ ਹੀ ਕੁਨਬੇ ਨੂੰ ਤਾਰੀ ਜਾ ਰਿਹੈ

ਦਿਨ-ਦੀਵੀਂ ਹੱਕ ਤੇਰਾ ਮਾਰੀ ਜਾ ਰਿਹੈ
ਵੋਟਾਂ ਸਾਵੀਂ ਤੱਕੜੀ 'ਚ ਝੂਠ ਤੋਲਦਾ
ਤੂੰ ਕਿਉਂ ਨਹੀਂ ਬੋਲਦਾ?

ਗਭਰੂ ਨੇ ਨਸ਼ਿਆਂ 'ਚ ਰੁੜ੍ਹੀ ਜਾ ਰਹੇ
ਡੇਰਿਆ 'ਤੇ ਧਾਮਾਂ ਨਾਲ ਜੁੜੀ ਜਾ ਰਹੇ

ਪੜ੍ਹ ਕੇ ਵਿਦੇਸ਼ਾਂ ਵੱਲ ਤੁਰੀ ਜਾ ਰਹੇ
ਡੋਲ ਗਿਐ ਸਭ ਕੁਝ ਤਖ਼ਤ ਨਹੀਂ ਡੋਲਦਾ
ਤੂੰ ਕਿਉਂ ਨਹੀਂ ਬੋਲਦਾ?

**ਲੇਖਕ : ਲਖਵਿੰਦਰ ਸਿੰਘ ਗਿੱਲ (ਡਾ.)**

## ਦਿੱਲੀ ਮੌਜ ਕਰਦੀ

ਦਿੱਲੀ ਮੌਜ ਕਰਦੀ
ਓ ਦਿੱਲੀ ਮੌਜ ਕਰਦੀ
ਮਹਿਲਾਂ 'ਚ ਕਿਲਿਆਂ ਚ
ਸੁਕਿਆਂ 'ਚ ਗਿਲਿਆਂ ਚ
ਮੀਂਹ ਜਾਂ ਹਨ੍ਹੇਰੀ ਹੋਵੇ
ਫਸਲ ਘੱਟ ਜਾਂ ਬਥੇਰੀ ਹੋਵੇ
ਦਿੱਲੀ ਮੌਜ ਕਰਦੀ
ਜਿਹਦੀ ਕੋਈ ਬਿਜਾਈ ਨਾ
ਜਿਹਦੀ ਕੋਈ ਵਾਹੀ ਨਾ
ਜਿਹਦੀ ਆਪਣੀ ਕਮਾਈ ਨਾ
ਜਿਹਨੂੰ ਕੋਈ ਮਹਿੰਗਾਈ ਨਾ
ਓ ਦਿੱਲੀ ਮੌਜ ਕਰਦੀ

ਹਵਾ ਤੇਰੇ ਸ਼ਹਿਰ ਦੀ
ਮਾਰ ਕਰੇ ਕਹਿਰ ਦੀ
ਸੜਕਾਂ ਤੇ ਬਹਿ ਖਾਨੇ ਆਂ
ਰੋਟੀ ਰਾਤ ਦੀ, ਦੁਪਹਿਰ ਦੀ
ਦਿੱਲੀ ਮੌਜ ਕਰਦੀ
ਅਸੀਂ ਕਿੰਨੇ ਹੀ ਗਵਾਏ
ਓਹਨੇ ਕਿੰਨੇ ਹਥਿਆਏ
ਜਿਹਦੇ ਸਾਰੇ ਨੇ ਸਤਾਏ
ਓ ਦਿੱਲੀ ਮੌਜ ਕਰਦੀ।

**ਨਰਿੰਦਰ ਕੁਮਾਰ**

## ਪੈਮਾਨਾ

ਇੱਕ ਦੂਜੇ ਦੀ ਜ਼ਿੰਦਗੀ ਨੂੰ,
ਅਸੀਂ ਜਦ ਵੀ ਤੱਕੀਏ ਪੈਮਾਨੇ ਨਾਲ਼।

ਨਾ ਦੇਖੀਏ ਓਹਦੇ ਵਕਤਾਂ ਮਾੜਿਆਂ ਨੂੰ,
ਨਾ ਦੇਖੀਏ ਓਹਦੇ ਨਾਲ਼ ਜੋ ਹੋਈ ਕਮਾਲ।

ਜੋ ਹੰਢਾਏ ਓਹਨੇ ਨੰਗੇ ਪਿੰਡੇ ਤੇ,
ਲੁਕ ਜਾਣ ਉਹ ਜ਼ਖ਼ਮ, ਅੱਜ ਦੀਆਂ ਚਮਕਾਂ ਨਾਲ਼।

ਕਈ ਜ਼ਖ਼ਮਾਂ ਓਹਨੂੰ ਤੋੜਿਆ, ਲੁਟਿੱਆ,
ਕਈ ਜ਼ਖ਼ਮਾਂ ਤੋਂ ਓਹਨੇ ਪਾਈ ਪਾਰ।

ਕੁਝ ਦੇ ਗਏ ਓਹਨੂੰ ਯਾਦਾਂ ਮਿੱਠੀਆਂ,
ਕਈਆਂ ਨੇ ਨਾ ਓਹਦੀ ਲਈ ਸਾਰ।

ਉਹ ਫਿਰ ਵੀ ਹੈ ਤੁਰਿਆ ਜਾਂਦਾ,
ਬੱਸ ਮੰਨ ਕੇ ਸਮੇਂ ਦੀ ਖੇਡੀ ਚਾਲ।

ਸਿੱਖਦਾ ਰਹਿ ਬੱਸ ਹਰ ਠੋਕਰ ਤੋਂ,
ਤੂੰ ਜ਼ਿੰਦਾ ਰੱਖ ਅਪਣਾ ਕਲਾਮ।

ਰੋਕੇਂਗਾ ਸਭ; ਜੇ ਰੁਕ ਗਿਆ ਤੂੰ,
ਚਲਦਾ ਰਹਿ ਕੇ, ਚਲਦਾ ਰੱਖ ਇਹ ਬਵਾਲ।

ਛੱਡ ਦੂਜਿਆਂ ਨੂੰ ਨਾਪਣਾ,
ਅਪਣੀ ਨਜ਼ਰਾਂ ਦੇ ਅਧੂਰੇ ਪੈਮਾਨੇ ਨਾਲ਼।

ਸਭ ਦੀ ਜ਼ਿੰਦਗੀ ਦੇਵੇ ਕੁਝ ਚੱਕਮੇਂ,
ਬੱਸ ਦੇਵੇ ਅਪਣੀ ਮਰਜ਼ੀ ਨਾਲ਼।

ਹਰ ਜਗ੍ਹਾ ਜਾਗਦਾ ਰਹਿ ਕੇ,
ਕੈਦ ਕਰ ਇਹ ਪਲ ਪੂਰੇ ਚਾਂਵਾਂ ਨਾਲ਼।

ਇਹੋ ਤੇਰੇ ਪੱਲੇ ਰਹਿਣੇ,
ਜਦ ਟੁਰਨਾ ਇੱਥੋਂ ਤਜ਼ਰਬੇ ਨਾਲ਼।

**ਲੇਖਕ : ਜਤਿੰਦਰ ਰਾਹੀ**

## ਪੈਲੀਆਂ

ਸਿਲ੍ਹੀਆਂ ਸਿਲ੍ਹੀਆਂ ਧਰਤੀਆਂ, ਪਿੰਡੋਂ ਬਾਹਰਵਾਰ।
ਹਾਲੀਆਂ ਨੇ ਹਲ ਜੋੜ ਲਏ, ਲੀਕਣ ਲਗੇ ਸਿਆੜ।
ਦਾਣਾ ਦਾਣਾ ਕੇਰਿਆ, ਲੈ ਕੇ ਰੱਬ ਦਾ ਨਾਂ।
ਫੁੱਟਣ ਤੂਈਆਂ ਮੋਤੀਆ, ਨਜ਼ਰੀਂ ਪੈਣ ਮਸਾਂ।
ਤੂਈਆਂ ਵਧ ਕੇ ਹੋ ਗਈਆਂ ਉਂਗਲ ਦੋ ਦੋ ਚਾਰ।
ਹਰੀਆਂ ਝਲਕਾਂ ਪੈਂਦੀਆਂ ਫਿਰ ਗਈ ਜਿਵੇਂ ਬਹਾਰ।
ਕਣੀਆਂ ਵਰ੍ਹੀਆਂ ਅੰਬਰੋਂ, ਸੂਰਜ ਡੋਲ੍ਹੀ ਧੁੱਪ।
ਸੰਝਾਂ ਵਾਰਨ ਲਾਲੀਆਂ, ਰਾਤਾਂ ਨ੍ਹੇਰੇ ਘੁੱਪ।
ਚੰਨੇ ਦਿੱਤੀ ਚਾਨਣੀ ਤਾਰਿਆਂ ਦਿੱਤੀ ਲੋਅ।
ਮੋਤੀ ਦਿੱਤੇ ਤ੍ਰੇਲ ਨੇ, ਲੂੰ ਲੂੰ ਵਿਚ ਪਰੋ।
ਪਹੁ-ਫੁਟਾਲੇ ਦੁਧੀਆ ਧੋਵਣ ਆਕੇ ਮੁੱਖ।
ਸੋਨ-ਸਵੇਰਾਂ ਸੁੱਚੀਆਂ ਪੁੱਛਣ ਆ ਕੇ ਦੁੱਖ।
ਸੀਤ ਫਰਾਟੇ ਪੌਣ ਦੇ ਝੱਲਾਂ ਦੇਂਦੇ ਆਣ।
ਗੋਡੇ ਗੋਡੇ ਪੈਲੀਆਂ ਝੂਮ ਹਿਲੋਰੇ ਖਾਣ।
ਗੋਡੇ ਗੋਡੇ ਪੈਲੀਆਂ, ਹੋਰ ਨਿਸਾਰੇ ਲੈਣ।
ਲੱਕਾਂ ਨੂੰ ਜਦ ਛੂੰਹਦੀਆਂ ਬੂਰ ਤਦੋਂ ਆ ਪੈਣ।
ਪੱਕਣ ਦੀ ਰੁਤ ਆ ਗਈ, ਲੈਂਦੀ ਨਿੱਘੇ ਸਾਹ।
ਰੰਗ ਵਟਾਇਆ ਪੈਲੀਆਂ, ਪੀਲੀ ਪੀਲੀ ਭਾਹ।
ਤੁਰੀਆਂ ਦੇ ਵਿਚ ਭਰ ਗਏ ਦਾਣੇ ਮੋਤੀਆਂ ਵਾਂਗ।
ਦਿਲਾਂ ਦਿਲਾਂ 'ਚੋਂ ਲੰਘ ਗਈ ਖ਼ੁਸ਼ੀਆਂ ਦੀ ਇੱਕ ਕਾਂਗ।
ਖੜਕਣ ਸਿੱਟੇ ਝੂਲਦੇ ਪੌਣ-ਹਿਲੋਰਾਂ ਨਾਲ।
ਟਸਰੀ ਟਸਰੀ ਪੈਲੀਆਂ ਪਕ ਪਕ ਹੋਈਆਂ ਲਾਲ।
ਭਰੀਆਂ ਭਰੀਆਂ ਪੈਲੀਆਂ ਲੱਕੋਂ ਮੁਚ ਮੁਚ ਪੈਣ।
ਸਾਗਰ ਠਾਠਾਂ ਮਾਰਦੇ ਹੋ ਹੋ ਕੇ ਬੇ-ਚੈਨ।
ਸੁਣ ਕੁੱਕੜ ਦੀ ਬਾਂਗ ਨੂੰ ਜਾਗ ਪਏ ਕਿਰਸਾਨ।
ਹੱਥੀ ਦੰਦਲ-ਦਾਤੀਆਂ, ਖੇਤਾਂ ਦੇ ਵਲ ਜਾਣ।
ਚਿੜੀ ਚੁਕਦੀ ਟਾਹਣੀਏਂ, ਨੈਣਾਂ ਵਿਚ ਖ਼ੁਮਾਰ।
ਸਾਂ ਸਾਂ ਕਰਦੀ ਸਿਰਾਂ ਤੋਂ ਉਡ ਜਾਂਦੀ ਕੋਈ ਡਾਰ।
ਰਾਹਾਂ ਦੇ ਵਿਚ ਫੁੱਟਿਆ ਸੁੱਚਾ ਸੁੱਚਾ ਨੂਰ।
ਪੈਰਾਂ ਦੇ ਵਿਚ ਉਡਦੀ ਨਿੱਕੀ ਨਿੱਕੀ ਧੂੜ।
ਖੇਤੀਂ ਪਈਆਂ ਦਾਤੀਆਂ ਪਹੁ-ਫੁੱਟਣ ਦੇ ਨਾਲ।
ਵੱਢਾਂ ਦੇ ਵਿਚ ਵਿਛ ਗਈ ਸੱਥਰੀਆਂ ਦੀ ਪਾਲ।
ਸੋਨ-ਸੁਨਹਿਰੀ ਕਰਚਿਆਂ ਦੇ ਵੱਢਾਂ ਵਿਚਕਾਰ।
ਫਲ੍ਹਿਆਂ ਥੱਲੇ ਟੁੱਟਦੇ ਨਵੀਂ ਫਸਲ ਦੇ ਭਾਰ।

**ਲੇਖਕ : ਸੰਤੋਖ ਸਿੰਘ ਧੀਰ**

# ਨਾਰੀ ਸੰਸਾਰ

## ਪਰਿਵਾਰ ਵਿਚ ਬੱਚਤ ਅਤੇ ਖਰਚ ਦਾ ਵਿਚਾਰ ਜ਼ਰੂਰੀ



ਲੇਖਕ : ਕਮਲਜੀਤ ਕੌਰ ਗੁੰਮਟੀ
ਮੋਬਾਈਲ: 98769-26873

ਹਰ ਪਰਿਵਾਰ ਵਿਚ ਬੱਚਤ ਅਤੇ ਖ਼ਰਚ ਦਾ ਵਿਚਾਰ ਕਰਨਾ ਬੜਾ ਹੀ ਜ਼ਰੂਰੀ ਹੈ। ਜਦ ਪਰਿਵਾਰ ਦਾ ਮੁੱਢ ਬੱਝਦਾ ਹੈ, ਘਰ ਦੇ ਜੀਅ ਇਕ ਤੋਂ ਦੋ ਹੁੰਦੇ ਹਨ ਤਾਂ ਕੁਝ ਬੇਪ੍ਰਵਾਹੀਆਂ ਵਰਤੀਆਂ ਜਾ ਸਕਦੀਆਂ ਹਨ। ਪਰ ਜਦ ਪਰਿਵਾਰ ਦੇ ਜੀਆਂ ਦੀ ਗਿਣਤੀ ਵਿਚ ਵਾਧਾ ਹੁੰਦਾ ਹੈ, ਦੋ ਜੀਆਂ ਤੋਂ ਤਿੰਨ ਅਤੇ ਤਿੰਨ ਤੋਂ ਚਾਰ ਹੁੰਦੇ ਹਨ ਤਾਂ ਇਸ ਵਿਚਾਰ ਵੱਲ ਧਿਆਨ ਦੇਣਾ ਹੀ ਪੈਂਦਾ ਹੈ। ਜਿਹੜਾ ਇਨਸਾਨ ਬੱਚਤ ਨਾਲ ਘਰ ਚਲਾਉਂਦਾ ਹੈ, ਉਸ ਨੂੰ ਅਸੀਂ 'ਕੰਜੂਸ' ਨਹੀਂ ਕਹਿ ਸਕਦੇ। ਬੱਚਤ ਦੀ ਜ਼ਰੂਰਤ ਇਸ ਲਈ ਹੈ ਤਾਂ ਕਿ ਸਾਡਾ ਖ਼ਰਚ ਸਾਡੀ ਆਮਦਨ ਨਾਲੋਂ ਘੱਟ ਰਹੇ। ਜਿਹੜੇ ਪਰਿਵਾਰਾਂ ਵਿਚ ਖ਼ਰਚਾ ਵਧ ਜਾਂਦਾ ਹੈ ਅਤੇ ਆਮਦਨ ਘਟ ਜਾਂਦੀ ਹੈ, ਉਹ ਪਰਿਵਾਰ ਗ਼ਰੀਬੀ ਵੱਲ ਨੂੰ ਵਧਦੇ ਹਨ। ਪੈਸਾ ਕਮਾਉਣਾ ਏਨਾ ਔਖਾ ਨਹੀਂ ਜਿੰਨਾ ਇਸ ਨੂੰ ਸਹੀ ਢੰਗ ਨਾਲ ਖ਼ਰਚ ਕਰਨਾ ਹੈ। ਸਾਡੇ ਆਮ ਹੀ ਦੇਖਣ ਵਿਚ ਆਉਂਦਾ ਹੈ। ਜਿਹੜੇ ਪਰਿਵਾਰਾਂ ਨੇ ਬੱਚਤ ਕੀਤੀ ਹੈ, ਆਮਦਨ ਨਾਲੋਂ ਆਪਣੇ ਖ਼ਰਚ ਨੂੰ ਥੱਲੇ ਰੱਖਿਆ ਹੈ, ਉਨ੍ਹਾਂ ਨੇ ਤਰੱਕੀ ਕੀਤੀ ਹੈ। ਜਿਨ੍ਹਾਂ ਪਰਿਵਾਰਾਂ ਨੇ ਖ਼ਰਚ ਜ਼ਿਆਦਾ ਤੇ ਆਮਦਨ ਘੱਟ ਕੀਤੀ ਹੈ, ਉਨ੍ਹਾਂ ਦੀਆਂ ਜੱਦੀ-ਪੁਸ਼ਤੀ ਜ਼ਮੀਨਾਂ ਜਾਇਦਾਦਾਂ ਵੀ ਖ਼ਤਮ ਹੋ ਜਾਂਦੀਆਂ ਹਨ। ਵੱਡੇ-ਵੱਡੇ ਕਾਰੋਬਾਰ ਵੀ ਠੱਪ ਹੋ ਜਾਂਦੇ ਹਨ।

ਬੱਚਤ ਦਾ ਇਹ ਮਤਲਬ ਹਰਗਿਜ਼ ਨਹੀਂ ਹੈ ਕਿ ਘਰ ਵਿਚ ਅਸੀਂ ਝੂਠ-ਮੂਠ ਦੀ ਬੱਚਤ ਕਰਨ ਨਾਲ ਆਪਣੀ ਹਸਤੀ ਮਿਟਾ ਲਈਏ ਜਿਸ ਦਾ ਖਮਿਆਜ਼ਾ ਸਾਨੂੰ ਭਵਿੱਖ ਵਿਚ ਭੁਗਤਣਾ ਪਵੇ। ਅਜਿਹੀ ਬੱਚਤ ਦਾ ਕੋਈ ਫ਼ਾਇਦਾ ਨਹੀਂ ਜੋ ਸਾਡੇ ਲਈ ਦੁੱਖ-ਤਕਲੀਫ਼ਾਂ ਪੈਦਾ ਕਰੇ। ਜੇਕਰ ਅਸੀਂ ਆਪਣੀ ਖ਼ੁਰਾਕ ਅਤੇ ਇਲਾਜ ਵਿਚੋਂ ਬੱਚਤ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਪਰਿਵਾਰ ਦੇ ਮੈਂਬਰ ਬਿਮਾਰ ਵੀ ਹੋ ਸਕਦੇ ਹਨ, ਜਿਸ 'ਤੇ ਸਾਨੂੰ ਦੁੱਗਣੇ-ਤਿੱਗਣੇ ਪੈਸੇ ਵੀ ਖ਼ਰਚ ਕਰਨੇ ਪੈ ਸਕਦੇ ਹਨ। ਜਦ ਕੋਈ ਬਿਮਾਰੀ ਸ਼ੁਰੂ ਹੁੰਦੀ ਹੈ ਪੈਸੇ ਨਾ ਖ਼ਰਚ ਕਰਨ ਕਰਕੇ ਕਈ ਵਾਰ ਅਸੀਂ ਬਿਮਾਰੀ ਨੂੰ ਏਨਾ ਵਧਾ ਲੈਂਦੇ ਹਾਂ ਕਿ ਪੈਸੇ ਦਾ ਨੁਕਸਾਨ ਤਾਂ ਹੁੰਦਾ ਹੀ ਹੁੰਦਾ ਹੈ, ਅਸੀਂ ਮਨੁੱਖੀ ਸਰੀਰ ਨੂੰ ਵੀ ਜ਼ੋਖ਼ਮ ਵਿਚ ਪਾ ਦਿੰਦਾ ਹਾਂ। ਕਈ ਵਾਰ ਖ਼ਰਾਬ ਚੀਜ਼ਾਂ ਸੁੱਟਣ ਦੀ ਬਜਾਏ ਖਾ ਲੈਣਾ, ਇਹ ਸਾਡੇ ਸਰੀਰ ਵਿਚ ਬਿਮਾਰੀ ਲੈ ਕੇ ਹੀ ਦਾਖ਼ਲ ਹੁੰਦੀਆਂ ਹਨ। ਮਨੁੱਖੀ ਜੀਵਨ ਦੀਆਂ ਮੁੱਖ ਲੋੜਾਂ ਵਿਚ ਬੱਚਤ ਕਰਨ ਦਾ ਕੋਈ ਫ਼ਾਇਦਾ ਨਹੀਂ ਜਿਨ੍ਹਾਂ ਵਿਚ ਅਸੀਂ ਜੀਵਨ ਦਾ ਸੁੱਖ ਹੀ ਗਵਾ ਲਈਏ। ਹਾਂ, ਫ਼ਜ਼ੂਲ-ਖ਼ਰਚੀ ਤੇ ਬੱਚਤ ਕਰਨ ਦਾ ਤੁਹਾਡਾ ਪੂਰਾ ਅਧਿਕਾਰ ਹੈ।

ਇਨ੍ਹਾਂ ਅਧਿਕਾਰਾਂ ਵਿਚੋਂ ਸਭ ਤੋਂ ਪਹਿਲਾ ਅਧਿਕਾਰ ਸਮੇਂ ਦੀ ਬੱਚਤ ਦਾ ਆਉਂਦਾ ਹੈ। ਜੇਕਰ ਪੈਸਾ ਖ਼ਰਚ ਕੇ ਸਮਾਂ ਬਚਦਾ ਹੋਵੇ ਤਾਂ ਉਸ ਨੂੰ ਬਚਾ ਲੈਣਾ ਚਾਹੀਦਾ ਹੈ ਕਿਉਂਕਿ ਸਮੇਂ ਦੀ ਘੜੀ ਬੇਰੋਕ ਹੈ। ਇਸ ਦੇ ਸਦਉਪਯੋਗ ਵਿਚ ਹੀ ਇਸ ਦੀ ਬੱਚਤ ਹੈ। ਸਾਡੇ ਤੋਂ ਸਮਾਂ ਬਚਾਉਣ ਦੀ ਆਦਤ ਜੇਕਰ ਸਾਡੇ ਬੱਚਿਆਂ ਤੱਕ ਪਹੁੰਚਦੀ ਹੈ ਤਾਂ ਉਹ ਵਿਦਿਆਰਥੀ ਜੀਵਨ ਵਿਚ ਸਮੇਂ ਦਾ ਸਦਉਪਯੋਗ ਕਰਕੇ ਭਵਿੱਖ ਵਿਚ ਆਪਣੀ ਰੁਚੀ ਅਨੁਸਾਰ ਆਪਣੇ ਕੰਮ ਵਿਚ ਪਰਿਪੱਕ ਹੋ ਸਕਦੇ ਹਨ। ਪੈਸਾ ਭਾਵੇਂ ਮਨੁੱਖ ਨੂੰ ਖ਼ੁਸ਼ੀ ਨਹੀਂ ਦੇ ਸਕਦਾ ਪਰ ਜ਼ਿੰਦਗੀ ਦੇ ਹਰ ਮੋੜ 'ਤੇ ਇਹ ਮਦਦ ਲਈ ਹਮੇਸ਼ਾ ਤਿਆਰ ਰਹਿੰਦਾ ਹੈ। ਕੋਈ ਵੀ ਗਿਆਨ ਲੈਣ ਲਈ ਕੀਤਾ ਗਿਆ ਖ਼ਰਚਾ ਹਮੇਸ਼ਾ ਹੀ ਲਾਹੇਵੰਦ ਹੁੰਦਾ ਹੈ। ਗਿਆਨ ਸਾਡੀ ਜ਼ਿੰਦਗੀ ਲਈ ਚਾਨਣ ਮੁਨਾਰਾ ਬਣਦਾ ਹੈ। ਖ਼ਰਚ ਕਰਕੇ ਹਾਸਲ ਕੀਤਾ ਗਿਆਨ ਮਨੁੱਖ ਨੂੰ ਫਿਰ ਤੋਂ ਕਮਾਉਣ ਦੇ ਯੋਗ ਬਣਾਉਂਦਾ ਹੈ। ਕਈ ਵਾਰ ਅਸੀਂ ਬੱਚਿਆਂ ਦੀਆਂ ਮਹਿੰਗੀਆਂ ਮੰਗਾਂ ਤਾਂ ਪੂਰੀਆਂ ਕਰ ਦਿੰਦੇ ਹਾਂ ਪਰ ਉਨ੍ਹਾਂ ਦੀ ਚੰਗੀ ਪੜ੍ਹਾਈ ਲਈ ਖ਼ਰਚ ਕਰਨ ਤੋਂ ਸੰਕੋਚ ਕਰਦੇ ਹਾਂ। ਬੇਲੋੜੀਆਂ ਮੰਗਾਂ ਦੀ ਪੂਰਤੀ 'ਤੇ ਖ਼ਰਚ ਕਰਨ ਦੀ ਬਜਾਏ, ਉਸੇ ਖ਼ਰਚ ਨਾਲ ਹੀ ਅਸੀਂ ਬੱਚੇ ਨੂੰ ਗਿਆਨ ਹਾਸਿਲ ਕਰਵਾ ਸਕਦੇ ਹਾਂ। ਕਈ ਵਾਰ ਅਸੀਂ ਬੱਚਤ ਕਰਨ ਦੇ ਚੱਕਰ ਵਿਚ ਫਸ ਕੇ ਆਪਣੇ ਨੌਜਵਾਨ ਬੱਚਿਆਂ ਨੂੰ ਉਨ੍ਹਾਂ ਦੀਆਂ ਜ਼ਰੂਰਤਾਂ ਅਨੁਸਾਰ ਪੈਸਾ ਦੇਣ ਤੋਂ ਸੰਕੋਚ ਕਰਦੇ ਹਾਂ। ਇਹੋ ਜਿਹੀ ਬੱਚਤ ਦੇ ਸਿੱਟੇ ਬੜੇ ਭਿਆਨਕ ਨਿਕਲਦੇ ਹਨ। ਫਿਰ ਨੌਜਵਾਨ ਬੱਚੇ ਆਪਣੀਆਂ ਜ਼ਰੂਰਤਾਂ ਨੂੰ ਪੂਰੀਆਂ ਕਰਨ ਲਈ ਗ਼ਲਤ ਰਸਤਿਆਂ ਉੱਪਰ ਚੱਲ ਪੈਂਦੇ ਹਨ। ਭਵਿੱਖ ਵਿਚ ਅਜਿਹੀ ਬੱਚਤ ਕਰਕੇ ਸਾਨੂੰ ਪਛਤਾਉਣਾ ਵੀ ਪੈ ਸਕਦਾ ਹੈ।

ਜਿਸ ਮਨੁੱਖ ਨੂੰ ਬੱਚਤ ਕਰਨ ਦੀ ਆਦਤ ਪੈ ਜਾਂਦੀ ਹੈ, ਉਹ ਹਰ ਇਕ ਚੀਜ਼ ਦੀ ਬੱਚਤ ਦਾ ਗੁਣ ਆਪਣੇ ਅੰਦਰ ਸਮੋ ਲੈਂਦਾ ਹੈ। ਭਾਵੇਂ ਉਹ ਬੱਚਤ ਧਨ ਦੀ ਹੋਵੇ, ਕੁਦਰਤੀ ਨਿਆਮਤਾਂ ਜਿਵੇਂ ਪਾਣੀ, ਰੁੱਖਾਂ ਦੀ ਹੋਵੇ। ਪਾਣੀ ਅਤੇ ਰੁੱਖਾਂ ਬਿਨਾਂ ਜੀਵਨ ਅਸੰਭਵ ਹੈ। ਇਨ੍ਹਾਂ ਦੀ ਬੱਚਤ ਵੱਲ ਜੇਕਰ ਅਸੀਂ ਧਿਆਨ ਨਹੀਂ ਦੇਵਾਂਗੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਅਸੀਂ ਖ਼ਤਰੇ ਵਿਚ ਪਾ ਦੇਵਾਂਗੇ। ਸਾਡੀ ਪਰਿਵਾਰ ਵਿਚੋਂ ਗ੍ਰਹਿਣ ਕੀਤੀ ਹੋਈ ਬੱਚਤ ਦੀ ਆਦਤ ਪੂਰੇ ਪਰਿਵਾਰ ਤੇ ਸਮਾਜ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰਭਾਵਿਤ ਕਰਦੀ ਹੈ। ਇਸੇ ਲਈ ਹੀ ਬੱਚਤ ਦੇ ਮਹੱਤਵ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਸਮਾਂ ਹਮੇਸ਼ਾ ਇਕਸਮਾਨ ਨਹੀਂ ਰਹਿੰਦਾ। ਜੇਕਰ ਅਸੀਂ ਧਨ ਬਚਾਉਂਦੇ ਹਾਂ ਤਾਂ ਬਚਾਇਆ ਹੋਇਆ ਧਨ ਅਚਾਨਕ ਆਏ ਖ਼ਰਚਿਆਂ ਨੂੰ ਆਪਣੇ ਅੰਦਰ ਸਮੇਟ ਲੈਂਦਾ ਹੈ। ਅਸੀਂ ਹਫੜਾ-ਦਫੜੀ ਦੀ ਬਜਾਏ ਬੜੀ ਸੂਝ-ਬੂਝ ਨਾਲ ਉਸ ਬੱਚਤ ਦੇ ਜ਼ਰੀਏ ਸਮੇਂ ਸਿਰ ਕੰਮ ਨੂੰ ਨਜਿੱਠ ਕੇ ਸਕੂਨ ਮਹਿਸੂਸ ਕਰਦੇ ਹਾਂ। ਬੱਚਤ ਦਾ ਫਾਇਦਾ ਨਿੱਜ ਨੂੰ ਹੋਣ ਦੇ ਨਾਲ-ਨਾਲ ਦੇਸ਼ ਨੂੰ ਵੀ ਪਹੁੰਚਦਾ ਹੈ। ਦੇਸ਼ ਦੀ ਆਬਾਦੀ ਵਧਣ ਕਰਕੇ ਊਰਜਾ ਦੇ ਸਾਧਨ ਜਿਵੇਂ ਪਟਰੋਲ, ਡੀਜ਼ਲ ਦੀ ਬੱਚਤ ਬਹੁਤ ਜ਼ਰੂਰੀ ਹੈ। ਜੇਕਰ ਅਸੀਂ ਇਨ੍ਹਾਂ ਸਾਧਨਾਂ ਦੀ ਬੱਚਤ ਨਾ ਕਰ ਸਕੇ ਤਾਂ ਆਉਣ ਵਾਲੇ ਕੁਝ ਸਾਲਾਂ ਵਿਚ ਹੀ ਅਸੀਂ ਮੁਸ਼ਕਿਲ ਵਿਚ ਪੈ ਜਾਵਾਂਗੇ। ਇਸ ਨਾਲ ਪੂਰੀ ਮਨੁੱਖ ਜਾਤੀ ਪ੍ਰਭਾਵਿਤ ਹੋਵੇਗੀ। ਮਨੁੱਖੀ ਜੀਵਨ ਵਿਚ ਰਿਸ਼ਤੇ ਅਤੇ ਦੋਸਤੀ ਬੜੇ ਮੁੱਲਵਾਨ ਹਨ। ਜ਼ਿੰਦਗੀ ਵਿਚ ਇਨ੍ਹਾਂ ਨੂੰ ਬਚਾ ਕੇ ਰੱਖਣਾ ਅਤਿਅੰਤ ਜ਼ਰੂਰੀ ਹੈ। ਜ਼ਿੰਦਗੀ ਵਿਚ ਦੁੱਖ-ਸੁੱਖ ਦੀ ਘੜੀ ਦੇ ਮੌਕੇ 'ਤੇ ਇਹ ਰਿਸ਼ਤੇ ਹੀ ਹਨ ਜੋ ਥੰਮ੍ਹ ਬਣ ਕੇ ਨਾਲ ਖਲੋਂਦੇ ਹਨ। ਇਹ ਰਿਸ਼ਤੇ ਸੁੱਖ ਨੂੰ ਦੁੱਗਣਾ ਅਤੇ ਦੁੱਖਾਂ ਨੂੰ ਅੱਧਾ ਕਰ ਦਿੰਦੇ ਹਨ। ਬੱਚਤ ਅਜਿਹਾ ਲਾਹੇਵੰਦ ਤੱਤ ਹੈ ਜੋ ਮਨੁੱਖ ਨੂੰ ਤਣਾਅਮੁਕਤ ਅਤੇ ਖ਼ੁਸ਼ਹਾਲ ਬਣਾਉਂਦਾ ਹੈ। ਇਸ ਨਾਲ ਜ਼ਿੰਦਗੀ ਜਿਊਣ ਦੀ ਜਾਚ ਆਉਂਦੀ ਹੈ। ਬੱਚਤ ਕਰਨ ਲਈ ਮਨ, ਦਿਮਾਗ਼ ਅਤੇ ਸਰੀਰ ਦਾ ਕਾਬੂ ਵਿਚ ਹੋਣਾ ਬਹੁਤ ਜ਼ਰੂਰੀ ਹੈ। ਬੱਚਤ ਕਰਨ ਵਾਲੇ ਲੋਕ ਬਹੁਤ ਸਾਰੀਆਂ ਕਠਿਨਾਈਆਂ ਤੋਂ ਆਪਣੇ-ਆਪ ਨੂੰ ਬਚਾ ਲੈਂਦੇ ਹਨ। ਸੱਚੀ ਬੱਚਤ ਉਹੀ ਹੈ, ਜਿਸ ਨਾਲ ਸਾਡੀਆਂ ਲੋੜਾਂ ਵੀ ਸੋਹਣੇ ਤਰੀਕੇ ਨਾਲ ਪੂਰੀਆਂ ਹੋ ਜਾਣ। ਸਾਡਾ ਬੱਚਤ ਅਤੇ ਖ਼ਰਚੇ ਦਾ ਤਾਲਮੇਲ ਵੀ ਸੋਹਣਾ ਬਣਿਆ ਰਹੇ, ਜ਼ਿੰਦਗੀ ਵੀ ਸੁਚੱਜੇ ਢੰਗ ਨਾਲ ਚਲਦੀ ਰਹੇ।

ਪਰਿਵਾਰਾਂ ਦੀ ਪੈਦਾਇਸ਼ ਮਨੁੱਖੀ ਨਸਲ ਅੱਜ ਖ਼ਤਰੇ ਵਿਚ ਪੈ ਗਈ ਜਾਪਦੀ ਹੈ ਕਿਉਂਕਿ ਨਸ਼ੀਲੇ ਪਦਾਰਥਾਂ ਅਤੇ ਡਿਜੀਟਲ ਨਸ਼ੇ ਨੇ ਆਪਣੇ ਪੈਰ ਸਾਡੇ ਪਰਿਵਾਰਾਂ ਤੱਕ ਪਸਾਰ ਲਏ ਹਨ। ਸਾਡੇ ਪਰਿਵਾਰਾਂ ਦੇ ਬੱਚੇ ਇਨ੍ਹਾਂ ਦੋਵੇਂ ਤਰ੍ਹਾਂ ਦੇ ਨਸ਼ਿਆਂ ਵਿਚ ਧੱਸਦੇ ਜਾ ਰਹੇ ਹਨ। ਇਨ੍ਹਾਂ ਨਸ਼ਿਆਂ ਤੋਂ ਬੱਚਿਆਂ ਦੀ ਬੱਚਤ ਹੋਣੀ ਬਹੁਤ ਜ਼ਰੂਰੀ ਹੈ ਨਹੀਂ ਤਾਂ ਸਿਵਾਏ ਪਛਤਾਵੇ ਤੋਂ ਸਾਡੇ ਹੱਥ ਕੁਝ ਨਹੀਂ ਲਗਣਾ। ਜੇਕਰ ਮਨੁੱਖੀ ਨਸਲ ਬਰਕਰਾਰ ਰਹੇਗੀ ਤਾਂ ਹੀ ਆਉਣ ਵਾਲੀ ਪੀੜ੍ਹੀ ਲਈ ਬਚਾ ਕੇ ਰੱਖੀਆਂ ਗਈਆਂ ਮਨੁੱਖੀ ਲੋੜਾਂ ਦੀਆਂ ਵਸਤਾਂ ਉਨ੍ਹਾਂ ਦੇ ਕੰਮ ਆ ਸਕਣਗੀਆਂ।

## ਨਾ ਸਮਝੋ ਬੇਕਾਰ ਇਨ੍ਹਾਂ ਨੂੰ...

ਲੇਖਕ : ਸੁਨੀਤਾ ਗਾਬਾ

**ਸੰਗਤਰੇ ਦੇ ਛਿਲਕੇ ਸੁੱਟੋ ਨਾ :** ਸੰਗਤਰਾ ਤੇ ਕਿੰਨੂ ਵਿਟਾਮਿਨ 'ਸੀ' ਦੇ ਭੰਡਾਰ ਹੋਣ ਕਾਰਨ ਸਾਡੀ ਸਿਹਤ ਲਈ ਤਾਂ ਬਹੁਤ ਫ਼ਾਇਦੇਮੰਦ ਹਨ ਹੀ, ਇਨ੍ਹਾਂ ਦਾ ਸਵਾਦ ਵੀ ਚੰਗਾ ਰਸਭਰਿਆ ਹੁੰਦਾ ਹੈ। ਇਨ੍ਹਾਂ ਦੇ ਛਿਲਕੇ ਵੀ ਬੜੇ ਕੰਮ ਦੇ ਹੁੰਦੇ ਹਨ। ਆਦਤਨ ਅਸੀਂ ਇਨ੍ਹਾਂ ਨੂੰ ਸੁੱਟ ਦਿੰਦੇ ਹਾਂ। ਜੇਕਰ ਸਾਵਧਾਨੀ ਨਾਲ ਇਨ੍ਹਾਂ ਦੇ ਛਿਲਕਿਆਂ ਨੂੰ ਅਸੀਂ ਧੁੱਪ ਵਿਚ ਸੁਕਾ ਲਈਏ ਅਤੇ ਮਿਕਸੀ ਵਿਚ ਪੀਹ ਕੇ ਇਸ ਦਾ ਪਾਊਡਰ ਬਣਾ ਕੇ ਰੱਖ ਲਈਏ ਤਾਂ ਇਨ੍ਹਾਂ ਛਿਲਕਿਆਂ ਦੀ ਵਰਤੋਂ ਸਕਰੱਬ ਅਤੇ ਪੈਕ ਦੀ ਤਰ੍ਹਾਂ ਕੀਤੀ ਜਾ ਸਕਦੀ ਹੈ।

ਥੋੜ੍ਹੇ ਜਿਹੇ ਵੇਸਣ ਵਿਚ ਦੁੱਧ ਜਾਂ ਗੁਲਾਬ ਜਲ ਪਾਓ। ਉਸ ਵਿਚ ਥੋੜ੍ਹਾ ਸੰਗਤਰੇ ਦੇ ਛਿਲਕਿਆਂ ਦਾ ਪਾਊਡਰ ਮਿਕਸ ਕਰਕੇ ਪੇਸਟ ਬਣਾਓ। ਚਿਹਰੇ ਅਤੇ ਗਰਦਨ 'ਤੇ 15 ਮਿੰਟ ਲਈ ਮਿਸ਼ਰਨ ਨੂੰ ਲੱਗਾ ਰਹਿਣ ਦਿਓ। ਫਿਰ ਹੱਥਾਂ ਨੂੰ ਗਿੱਲਾ ਕਰ ਕੇ ਗੋਲ ਗੋਲ ਘੁਮਾਉਂਦੇ ਹੋਏ ਉਸ ਮਿਸ਼ਰਨ ਨੂੰ ਛੁਡਾ ਲਓ। ਬਾਅਦ ਵਿਚ ਚਿਹਰਾ ਧੋ ਲਓ। ਚਿਹਰੇ ਦੀ ਚਮਕ ਵਧੇਗੀ।

**ਚਾਹ ਦੀ ਪੱਤੀ ਨਾ ਸੁੱਟੋ :** ਅਕਸਰ ਹਰ ਘਰ ਵਿਚ ਦਿਨ ਭਰ ਵਿਚ ਕਈ ਵਾਰ ਚਾਹ ਬਣਦੀ ਹੈ ਅਤੇ ਆਦਤਨ ਅਸੀਂ ਉਸ ਨੂੰ ਛਾਣ ਕੇ ਡਸਟਬਿਨ ਵਿਚ ਸੁੱਟ ਦਿੰਦੇ ਹਾਂ। ਜੇਕਰ ਅਸੀਂ ਸਾਵਧਾਨ ਰਹੀਏ ਤਾਂ ਅਸੀਂ ਇਸ ਦੀ ਵਰਤੋਂ ਗਮਲਿਆਂ ਵਿਚ ਲਾਏ ਬੂਟਿਆਂ ਲਈ ਕਰ ਸਕਦੇ ਹਾਂ। ਬੂਟਿਆਂ ਨੂੰ ਪੋਸ਼ਣ ਵੀ ਮਿਲੇਗਾ ਅਤੇ ਬੂਟੇ ਵੀ ਖਿੜ ਉੱਠਣਗੇ। ਵਰਤੀ ਹੋਈ ਚਾਹ ਪੱਤੀ ਨੂੰ ਛਾਨਣੀ ਵਿਚ ਰੱਖ ਕੇ ਪਾਣੀ ਨਾਲ ਚੰਗੀ ਤਰ੍ਹਾਂ ਧੋਵੋ। ਧੋਤੀ ਹੋਈ ਚਾਹਪੱਤੀ ਨੂੰ ਗਮਲੇ ਵਿਚ ਪਾਓ। ਇਹ ਖਾਦ ਦਾ ਕੰਮ ਕਰੇਗੀ।

**ਵਰਤੇ ਹੋਏ ਚਾਹ ਬੈਗ ਸੁੱਟੋ ਨਾ :** ਬਹੁਤ ਸਾਰੇ ਘਰਾਂ ਵਿਚ ਹੁਣ 'ਟੀ ਬੈਗਸ' ਦੀ ਵਰਤੋਂ ਹੋਣੀ ਸ਼ੁਰੂ ਹੋ ਗਈ ਹੈ। ਜ਼ਿਆਦਾਤਰ ਲੋਕ 'ਟੀ ਬੈਗਸ' ਵਰਤਣ ਤੋਂ ਬਾਅਦ ਸੁੱਟ ਦਿੰਦੇ ਹਨ। ਉਨ੍ਹਾਂ 'ਟੀ ਬੈਗਸ' ਦਾ ਵਰਤੋਂ ਕਰੋ, ਸੁੱਟੋ ਨਾ। ਵਰਤੇ ਹੋਏ 'ਟੀ ਬੈਗਸ'



ਨੂੰ ਕੁਝ ਘੰਟਿਆਂ ਲਈ ਫਰਿੱਜ ਵਿਚ ਰੱਖ ਦਿਓ ਅਤੇ ਆਪਣੀਆਂ ਥੱਕੀਆਂ ਅੱਖਾਂ ਅਤੇ ਅੱਖਾਂ ਹੇਠਾਂ ਕਾਲੇ ਘੇਰੇ ਨੂੰ ਦੂਰ ਕਰਨ ਲਈ 10 ਮਿੰਟ ਲਈ ਅੱਖਾਂ 'ਤੇ ਰੱਖ ਕੇ ਲੰਮੇ ਪੈ ਜਾਓ, ਰਾਹਤ ਮਿਲੇਗੀ। ਧਿਆਨ ਦਿਓ, ਚਾਹ ਵਿਚ ਦੁੱਧ ਮਿਲਾਉਣ ਤੋਂ ਪਹਿਲਾਂ ਉਨ੍ਹਾਂ ਨੂੰ ਕੱਢ ਲਓ।

**ਨਿੰਬੂ ਦੇ ਛਿਲਕਿਆਂ ਦੀ ਵੀ ਕਰੋ ਵਰਤੋਂ:** ਅਕਸਰ ਘਰਾਂ ਵਿਚ ਨਿੰਬੂ ਸਲਾਦ, ਸ਼ਿਕੰਜਵੀ, ਚਾਟ, ਸਬਜ਼ੀ, ਦਾਲ 'ਤੇ ਪਾਉਣ ਲਈ ਵਰਤੋਂ ਜਾਂਦੇ ਹਨ। ਜੇਕਰ ਅਸੀਂ ਉਨ੍ਹਾਂ ਨੂੰ ਸੁੱਟਣ ਦੀ ਬਜਾਏ ਚਿਹਰੇ, ਕੂਹਣੀਆਂ, ਗੋਡਿਆਂ, ਬਾਹਾਂ 'ਤੇ ਰਗੜੀਏ ਤਾਂ ਟੈਨਿੰਗ ਦਾ ਪ੍ਰਭਾਵ ਘੱਟ ਹੋ ਜਾਵੇਗਾ। ਰਗੜਨ ਤੋਂ ਬਾਅਦ ਸਾਫ਼ ਪਾਣੀ ਨਾਲ ਧੋ ਲਓ। ਨਿੰਬੂ ਦੇ ਰਗੜਨ ਨਾਲ ਚਮੜੀ ਦਾ ਵਾਧੂ ਤੇਲ ਨਿਕਲ ਜਾਂਦਾ ਹੈ ਅਤੇ ਰੰਗਤ ਵਿਚ ਵੀ ਫਰਕ ਆਉਂਦਾ ਹੈ। ਨਿੰਬੂ ਦੇ ਛਿਲਕਿਆਂ ਨਾਲ ਪਿੱਤਲ, ਫੁੱਲਦਾਨ ਸਾਫ਼ ਕਰ ਸਕਦੇ ਹੋ। ਭਾਂਡੇ ਫਿਰ ਤੋਂ ਚਮਕਣ ਲਗਦੇ ਹਨ।

## ਮਾਂ ਦੇ ਅੱਗੇ ਹਮੇਸ਼ਾ ਝੁਕਦਾ ਰਹੇਗਾ ਸੀਸ ਮੇਰਾ

ਲਿਖਤ : ਰਾਜੇਸ਼ ਰਿਖੀ ਪੰਜਗਰਾਈਆਂ, 93565-52000

ਜਗ ਜਣਨੀ ਮਾਂ ਨੂੰ ਸਾਡੇ ਗੁਰੂਆਂ-ਪੀਰਾਂ ਨੇ ਵੀ ਹਮੇਸ਼ਾ ਸਤਿਕਾਰ ਦੇਣ ਦੀ ਗੱਲ ਕਹੀ ਹੈ। ਇਕ ਮਾਂ ਹੀ ਹੈ, ਜਿਸ ਦਾ ਦੇਣ ਕੋਈ ਨਹੀਂ ਦੇ ਸਕਦਾ। ਅਸੀਂ ਕਿੰਨੀ ਵੀ ਕੋਸ਼ਿਸ਼ ਕਰ ਲਈਏ ਪਰ ਮਾਂ ਦਾ ਕਰਜ਼ ਕਦੇ ਨਹੀਂ ਉਤਾਰ ਸਕਦੇ। ਮਾਂ ਦੀ ਮਮਤਾ ਨਿਰਸੁਆਰਥ ਹੁੰਦੀ ਹੈ।

ਵੈਸੇ ਤਾਂ ਗੁਰੂਆਂ-ਪੀਰਾਂ ਦੀ ਚਰਨ ਛੋਹ ਪ੍ਰਾਪਤ ਧਰਤੀ ਪੰਜਾਬ ਦੇ ਹਰ ਪੁੱਤਰ ਲਈ ਹਰ ਰੋਜ਼ ਹੀ ਮਾਂ ਦਿਵਸ ਹੋਣਾ ਚਾਹੀਦਾ ਹੈ। ਪਰ ਫਿਰ ਵੀ 8 ਮਈ ਨੂੰ ਭਾਰਤ ਸਮੇਤ ਦੁਨੀਆ ਦੇ 86 ਦੇਸ਼ਾਂ ਵਿਚ ਮਾਂ ਦਿਵਸ ਮਨਾਇਆ ਜਾਂਦਾ ਹੈ। ਇਨ੍ਹਾਂ ਦੇਸ਼ਾਂ ਵਿਚ ਹਰ ਸਾਲ ਮਈ ਦੇ ਦੂਜੇ ਐਤਵਾਰ ਨੂੰ ਮਾਂ ਨੂੰ ਸਮਰਪਿਤ ਕੀਤਾ ਜਾਂਦਾ ਹੈ ਅਤੇ ਬਾਕੀ ਰਹਿੰਦੇ ਕਈ ਦੇਸ਼ 4 ਮਈ ਨੂੰ ਮਾਂ ਦਿਵਸ ਵਜੋਂ ਮਨਾਉਂਦੇ ਹਨ। ਅਰਬ ਦੇਸ਼ਾਂ ਵਿਚ ਇਹ ਦਿਨ 21 ਮਾਰਚ ਨੂੰ ਮਨਾਇਆ ਜਾਂਦਾ ਹੈ ਤੇ ਯੂਰਪ ਦੇ ਬਹੁਤੇ ਦੇਸ਼ ਹਰ ਸਾਲ 8 ਮਾਰਚ ਨੂੰ ਮਾਂ ਦਿਵਸ ਮਨਾਉਂਦੇ ਹਨ।



ਮਾਂ ਨੂੰ ਸਾਡੇ ਹਰ ਧਾਰਮਿਕ ਗ੍ਰੰਥ ਨੇ ਅਥਾਹ ਸਤਿਕਾਰ ਅਤੇ ਉੱਚਾ ਦਰਜਾ ਦਿੱਤਾ ਹੈ ਅਤੇ ਮਾਂ ਦੇ ਪੈਰਾਂ ਹੇਠ ਜੰਨਤ ਦੱਸੀ ਹੈ, ਜਿਸ ਦਾ ਮਲਤਬ ਹੈ ਕਿ ਜਿਹੜੇ ਮਾਂ ਦੀ ਕਦਰ ਕਰਦੇ ਹਨ, ਜਿਨ੍ਹਾਂ ਦਾ ਸੀਸ ਮਾਂ ਦੇ ਕਦਮਾਂ ਵਿਚ ਝੁਕਦਾ ਹੈ, ਉਨ੍ਹਾਂ ਨੇ ਜੰਨਤ ਪ੍ਰਾਪਤ ਕਰ ਲਈ ਹੈ ਅਤੇ ਜਿਹੜੇ ਮਾਂ ਦੀ ਬੇਕਦਰੀ ਕਰਦੇ ਹਨ ਅਰਥਾਤ ਘਰ ਵਿਚ ਮਾਂ ਦਾ ਸਤਿਕਾਰ ਨਹੀਂ ਕਰਦੇ ਅਤੇ ਖੁਦ ਧਾਰਮਿਕ ਸਥਾਨਾਂ 'ਤੇ ਜਾ ਕੇ ਸੇਵਾ ਕਰਨ ਦਾ ਵਿਖਾਵਾ ਕਰਦੇ ਹਨ, ਉਨ੍ਹਾਂ ਨੂੰ ਕਦੇ ਸੁਖ ਨਹੀਂ ਮਿਲ ਸਕਦਾ। ਸਾਰੀ ਉਮਰ ਭਾਵੇਂ ਮਾਂ ਰੋਟੀ ਲਈ ਤਰਸਾ ਕੇ ਮਾਰੀ ਹੋਵੇ, ਕਿਸੇ ਨੇ ਉਸ ਦੀ ਬਾਤ ਨਾ ਪੁੱਛੀ ਹੋਵੇ ਤੇ ਮਰਨ ਉਪਰੰਤ ਲੋਕ-ਵਿਖਾਵੇ ਲਈ ਭੋਗ 'ਤੇ ਅੱਡੀਆਂ ਚੁੱਕ ਕੇ ਜ਼ੋਰ ਲਗਾਇਆ ਜਾਂਦਾ ਹੈ।

ਇਹ ਉਹ ਮਾਂ ਹੈ ਜਿਸ ਨੇ ਖੁਦ ਲੱਖਾਂ ਤਸੀਹੇ ਝੱਲ ਕੇ ਆਪਣੇ ਬੱਚਿਆਂ ਨੂੰ ਪਾਲਿਆ ਹੈ ਅਤੇ ਖੁਦ ਖਾਲੀ ਪੇਟ ਰਹਿ ਕੇ ਬੱਚਿਆਂ ਦਾ ਪੇਟ ਭਰਿਆ ਹੈ। ਆਪਣੀਆਂ ਉਮੀਦ ਭਰੀਆਂ ਅੱਖਾਂ ਵਿਚ ਕਿੰਨੇ ਹੀ ਸੁਪਨੇ ਸਜਾ ਕੇ ਰੱਖੇ ਹੁੰਦੇ ਹਨ ਮਾਂ-ਬਾਪ ਨੇ ਕਿ ਉਨ੍ਹਾਂ ਦੇ ਬੱਚੇ ਇਹ ਬਣਨਗੇ, ਉਨ੍ਹਾਂ ਦੇ ਬੱਚੇ ਵੱਡੇ ਹੋ ਕੇ ਆਹ ਸੁਖ ਦੇਣਗੇ ਅਤੇ ਜੇਕਰ ਲੱਖਾਂ ਤਸੀਹੇ ਝੱਲ ਕੇ ਅਤੇ ਢਿੱਡ ਬੰਨ੍ਹ-ਬੰਨ੍ਹ ਕੇ ਜੋੜੀ ਅਤੇ ਸੋਨਾ ਸਮਝ ਹਿੱਕ ਨਾਲ ਲਗਾ ਕੇ ਰੱਖੀ ਚੀਜ਼ ਵੀਹ ਸਾਲ ਬਾਅਦ ਰਾਖ ਨਿਕਲ ਜਾਵੇ ਤਾਂ ਉਸ ਮਨ 'ਤੇ ਕੀ ਬੀਤਦੀ ਹੋਵੇਗੀ, ਜ਼ਰਾ ਦਿਲ 'ਤੇ ਹੱਥ ਰੱਖ ਕੇ ਸੋਚ ਕੇ ਵੇਖੋ।

ਅਫ਼ਸੋਸ, ਅੱਜ ਸਾਡਾ ਸਮਾਜ ਸਵਾਰਥਪਣ ਦੇ ਅਜਿਹੇ ਦੌਰ ਵਿਚੋਂ ਦੀ ਗੁਜ਼ਰ ਰਿਹਾ ਹੈ, ਜਿੱਥੇ ਇਨਸਾਨ ਰਿਸ਼ਤਿਆਂ ਨੂੰ ਲੀਰੋ-ਲੀਰ ਕਰਕੇ ਰਾਖ ਕਰਨ ਲਈ ਮਿੰਟ ਹੀ ਲਗਾਉਂਦੇ ਹਨ। ਅੱਜ ਸਾਡੇ ਸਮਾਜ ਵਿਚ ਕਿੰਨੀਆਂ ਹੀ ਮਾਵਾਂ ਆਪਣੀ ਔਲਾਦ ਦੀ ਬੇਕਦਰੀ ਦਾ ਸ਼ਿਕਾਰ ਹੋਈਆਂ ਬਿਰਧ ਆਸ਼ਰਮਾਂ ਵਿਚ ਦਿਨ ਕੱਟ ਰਹੀਆਂ ਹਨ। ਪਰ ਉਹ ਮਾਂ ਤਾਂ ਮਾਂ ਹੈ, ਉਹ ਤਾਂ ਉੱਥੇ ਬੈਠ ਕੇ ਵੀ ਇਹੀ ਸੋਚ ਰਹੀ ਕਿ 'ਪਤਾ ਨਹੀਂ ਪੁੱਤ ਸੁਖ ਦੀ ਨੀਂਦ ਸੌਂਦਾ ਵੀ ਹੋਵੇਗਾ ਜਾਂ ਨਹੀਂ?' ਸਾਥੀਓ, ਮਾਂ ਦੇ ਰੂਪ ਵਿਚ ਇਹ ਉਹ ਖਜ਼ਾਨਾ ਹੈ, ਜਿਸ ਦੀ ਕੋਈ ਕੀਮਤ ਹੀ ਨਹੀਂ ਹੈ। ਪੁੱਛੋ ਉਨ੍ਹਾਂ ਨੂੰ, ਜਿਨ੍ਹਾਂ ਦਾ ਇਹ ਖਜ਼ਾਨਾ ਬਚਪਨ ਵਿਚ ਹੀ ਖੁੱਸ ਗਿਆ ਸੀ ਕਿ ਉਨ੍ਹਾਂ ਨੂੰ ਕਿੰਨਾ ਕੁ ਕਿਸੇ ਨੇ ਲਾਡ ਲਡਾਇਆ, ਉਨ੍ਹਾਂ ਦੇ ਚਾਅ ਕਿੰਨੇ ਕੁ ਕਿਸੇ ਨੇ ਪੂਰੇ ਕੀਤੇ ਸਨ? ਤੁਹਾਨੂੰ ਕੋਈ ਜਵਾਬ ਨਹੀਂ ਮਿਲੇਗਾ, ਬਲਕਿ ਸਿਰਫ਼ ਹਉਕੇ ਹੀ ਦਿਸਣਗੇ।

ਅੱਜ ਦਾ ਦਿਨ ਸੰਸਾਰ ਦੀਆਂ ਸਾਰੀਆਂ ਮਾਵਾਂ ਨੂੰ ਸਮਰਪਿਤ ਹੈ, ਇਸ ਲਈ ਜੇਕਰ ਕੋਈ ਜਾਣੇ-ਅਣਜਾਣੇ ਆਪਣੇ ਮਾਂ-ਬਾਪ ਨੂੰ ਆਪਣੇ ਤੋਂ ਦੂਰ ਕਰ ਬੈਠਿਆ ਹੈ ਤਾਂ ਸਭ ਕੁਝ ਭੁੱਲ ਕੇ ਜਾ ਡਿੱਗੋ ਉਨ੍ਹਾਂ ਦੇ ਚਰਨਾਂ ਵਿਚ। ਦੇਖ ਲੈਣਾ ਮਾਂ ਦੀ ਮਮਤਾ ਐਨੀ ਕੋਮਲ ਹੁੰਦੀ ਹੈ ਕਿ ਉਨ੍ਹਾਂ ਨੇ ਇਕ ਪਲ ਵਿਚ ਤੁਹਾਨੂੰ ਫੜ ਕੇ ਹਿੱਕ ਨਾਲ ਲਗਾ ਲੈਣਾ ਹੈ। ਬੱਸ ਮਾਂ ਨੂੰ ਸਾਡੇ ਤੋਂ ਹੋਰ ਕੁਝ ਨਹੀਂ ਚਾਹੀਦਾ, ਪਿਆਰ ਭਰੇ ਦੋ ਬੋਲ ਅਤੇ ਸ਼ਾਮ ਵੇਲੇ ਥੋੜ੍ਹਾ ਜਿਹਾ ਵਕਤ ਵੀ ਅਗਰ ਉਨ੍ਹਾਂ ਨੂੰ ਦੇ ਦੇਈਏ ਤਾਂ ਏਨੇ ਵਿਚ ਹੀ ਉਹ ਖੁਸ਼ ਹੋ ਜਾਂਦੇ ਹਨ। ਇਹ ਕੋਈ ਵਿਖਾਵਾ ਨਹੀਂ, ਇਹ ਤਾਂ ਸਾਡਾ ਫਰਜ਼ ਬਣਦਾ ਹੈ। ਜਿਸ ਤਰ੍ਹਾਂ ਸਾਨੂੰ ਪਾਲ-ਪਲੋਸ ਕੇ ਉਨ੍ਹਾਂ ਨੇ ਆਪਣੇ ਵਿੱਤ ਤੋਂ ਵੀ ਬਾਹਰ ਹੋ ਕੇ ਸਾਨੂੰ ਸਹੂਲਤਾਂ ਦਿੱਤੀਆਂ ਹਨ, ਉਸੇ ਤਰ੍ਹਾਂ ਸਾਡਾ ਵੀ ਫਰਜ਼ ਬਣਦਾ ਹੈ ਕਿ ਅਸੀਂ ਉਮਰ ਦੇ ਪਿਛਲੇ ਪੜਾਅ ਵਿਚ ਉਨ੍ਹਾਂ ਦੀਆਂ ਲੋੜਾਂ ਅਤੇ ਉਨ੍ਹਾਂ ਨੂੰ ਬਣਦਾ ਸਤਿਕਾਰ ਦੇਈਏ, ਤਾਂ ਹੀ ਸਾਡੇ ਬੱਚੇ ਜੋ ਘਰ ਦੇ ਸਾਰੇ ਵਾਤਾਵਰਨ ਨੂੰ ਵੇਖ ਰਹੇ ਹਨ, ਮਹਿਸੂਸ ਕਰ ਰਹੇ ਹਨ, ਸਾਨੂੰ ਸਤਿਕਾਰ ਦੇਣਗੇ। ਨਹੀਂ ਤਾਂ ਇਕ ਕਹਾਵਤ ਹੈ ਕਿ ਜਿਹੋ ਜਿਹਾ ਬੀਜੋਗੇ ਉਹੋ ਜਿਹਾ ਹੀ ਵੱਢੋਗੇ। ਇਸ ਲਈ ਹਮੇਸ਼ਾ ਸਰਵਣ ਪੁੱਤਰ ਬਣਨ ਦੀ ਕੋਸ਼ਿਸ਼ ਕਰੋ, ਜਿਸ ਦੀ ਸ਼ੁਰੂਆਤ ਅੱਜ ਤੋਂ ਹੀ ਕੀਤੀ ਜਾਣੀ ਚਾਹੀਦੀ ਹੈ, ਕਿਉਂਕਿ ਅੱਜ ਤੋਂ ਵੱਡਾ ਦਿਨ ਹੋਰ ਕੋਈ ਨਹੀਂ ਹੈ।

# CLASSIFIEDS & MATRIMONIALS

## GROOM WANTED

Jat Sikh Groom wanted for beautiful, 31 year old 5ft 3" girl Canadian Citizen, Bachleor of Law (India) Master in HR Management (Vancouver), Working as a Conveyancer. Ideal candidate must be Jat Sikh, either a Permanent Resident or a Citizen, well educated. For more information, please call Harmit Virk at 604-537-5806

..............................................

ਗ੍ਰੇਟਰ ਵੈਨਕੂਵਰ ਵਿੱਚ ਰਹਿ ਰਹੀ ਕੈਨੇਡੀਅਨ ਜੰਮਪਲ ਜੱਟ ਸਿੱਖ ਲੜਕੀ, ਉਮਰ 31 ਸਾਲ, ਲੜਕੀ ਨੇ 2 ਯੂਨੀਵਰਸਿਟੀ ਦੀਆਂ ਡਿਗਰੀਆਂ ਕੀਤੀਆਂ ਹੋਈਆਂ ਹਨ, ਲਈ ਚੰਗੇ ਪੜ੍ਹੇ ਲਿਖੇ, ਮਿਹਨਤੀ ਕੈਨੇਡੀਅਨ ਜੰਮਪਲ ਜਾਂ ਕੈਨੇਡਾ ਵਿੱਚ ਵੱਡੇ ਹੋਏ ਲੜਕੇ ਦੀ ਲੋੜ ਹੈ। ਪਰਿਵਾਰ 1980 ਤੋਂ ਕੈਨੇਡਾ ਵਿੱਚ ਰਹਿ ਰਿਹਾ ਹੈ। ਸੰਪਰਕ ਕਰੋ : 604-657-6533

..............................................

Family Oriented Canadian Born Jatt Sikh Girl, living in Greater Vancouver, age 31 years, height 5 feet 2 inches, holding 2 university degrees, looking for a hard working, educated, Canadian Born or raised in Canada boy. Contact : 604-657-6533

## BRIDE WANTED

ਇੰਗਲੈਂਡ ਵਿੱਚ ਜੰਮਿਆ ਅਤੇ ਵੱਡਾ ਹੋਇਆ ਲੜਕਾ ਜੋ ਹੁਣ ਕੈਨੇਡਾ, ਬੀ.ਸੀ. ਵਿੱਚ ਰਹਿ ਰਿਹਾ ਪੀ.ਆਰ. ਲੜਕਾ, ਉਮਰ 28 ਸਾਲਾ, ਕੱਦ 6 ਫੁੱਟ, ਆਪਣਾ ਪਰਿਵਾਰਕ ਬਿਜ਼ਨਸ, ਮਾਸਟਰ ਇਨ ਫਾਰਮੇਸੀ ਦੀ ਡਿਗਰੀ, ਨਸ਼ਿਆਂ ਤੋਂ ਰਹਿਤ ਲੜਕੇ (Short Time Divorce) ਲਈ ਕੈਨੇਡਾ ਵਿੱਚ ਯੋਗ ਲੜਕੀ ਦੀ ਭਾਲ ਹੈ। ਲੜਕੇ ਦਾ ਵੱਡਾ ਭਰਾ ਬ੍ਰਿਟੇਨ ਵਿੱਚ ਰਹਿ ਰਿਹਾ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ : +1 (236) 332-6769 AP 12-03

..............................................

ਅਮਰੀਕਾ ਸਿਟੀਜਨ ਅੰਮ੍ਰਿਤਧਾਰੀ ਸਿੱਖ, ਕੰਬੋਜ ਲੜਕਾ ਉਮਰ 39 ਸਾਲ, ਕੱਦ 5 ਫੁੱਟ 11 ਇੰਚ, ਐਸੋਸੀਏਟ ਅਕਾਊਂਟਿੰਗ, ਬੁੱਕਕੀਪਰ ਦਾ ਕੰਮ ਕਰਦੇ ਮਿਹਨਤੀ ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। ਲੜਕੇ ਦੇ ਮਾਤਾ-ਪਿਤਾ ਮੈਨੇਜਰ ਅਤੇ ਦੋ ਭੈਣਾਂ ਚੰਗੀ ਨੌਕਰੀ ਕਰ ਰਹੀਆਂ ਹਨ। ਇੱਕ ਭੈਣ ਵਿਆਹੀ ਹੋਈ ਹੈ। ਸੰਪਰਕ ਕਰੋ : 604-720-5687 AP 29-12

..............................................

ਇੰਡੀਆ ਰਹਿੰਦੇ ਜੱਟ ਸਿੱਖ ਇਕਲੌਤਾ ਲੜਕਾ ਉਮਰ 27 ਸਾਲ ਕੱਦ 6 ਫੁੱਟ 2 ਇੰਚ ਲਈ ਕੈਨੇਡੀਅਨ ਇੰਮੀਗਰਾਂਟ/ਸਿਟੀਜਨ ਲੜਕੀ ਦੀ ਲੋੜ ਹੈ। ਪੜ੍ਹਾਈ ਤੌਰ ਆਈ ਲੜਕੀ ਬਾਰੇ ਵੀ ਵਿਚਾਰਿਆ ਜਾ ਸਕਦਾ ਹੈ।ਲੜਕਾ ITI ਡੀਜਲ ਕੋਰਸ ਹੋਲਡਰ ਹੈ। ਹੋਰ ਵਧੇਰੇ ਜਾਣਕਾਰੀ ਲਈ +1-604-938-4400 ਫੋਨ ਜ਼ਰੀਏ ਸੰਪਰਕ ਕੀਤਾ ਜਾ ਸਕਦਾ ਹੈ। BH 01-03


# CLASSIFIED & MATRIMONIAL

ਜੇਕਰ ਤੁਸੀਂ ਆਪਣਾ ਵਪਾਰ ਅਤੇ ਕਾਰੋਬਾਰ ਨੂੰ ਹੋਰ ਵਧਾਉਣਾ ਚਾਹੁੰਦੇ ਹੋ ਤਾਂ ਪੰਜਾਬੀ ਭਾਈਚਾਰੇ ਦੇ ਹਰਮਨ ਪਿਆਰੇ ਅਖ਼ਬਾਰ ਕੈਨੇਡੀਅਨ ਪੰਜਾਬ ਟਾਈਮਜ਼ 'ਚ ਇਸ਼ਤਿਹਾਰ ਦੇ ਕੇ ਆਪਣੇ ਵਪਾਰ ਅਤੇ ਕਰੋਬਾਰ ਨੂੰ ਹੋਰ ਵਧਾਓ।

JUST $20 ONLY

ਕੈਨੇਡੀਅਨ ਪੰਜਾਬ ਟਾਈਮਜ਼ ਹੁਣ ਤੁਸੀਂ ਆਪਣੇ ਕਾਰੋਬਾਰ ਸਬੰਧੀ ਇਸ਼ਤਿਹਾਰ ਜਾਂ ਮੈਟਰੀਮੋਨੀਅਲ ਸਬੰਧੀ ਇਸ਼ਤਿਹਾਰ ਸਿਰਫ਼ 20 ਡਾਲਰ ਵਿੱਚ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ 604-338-7310



# ਓਸ਼ਨ ਵਿਊ ਫਿਸ਼ ਕੈਨਰੀ

## OCEAN VIEW FISH CANARY

ਤੁਹਾਡੀ ਸਹੂਲਤ ਲਈ ਸਰੀ 'ਚ ਨਵਾਂ ਦਫ਼ਤਰ ਖੋਲ੍ਹ ਦਿੱਤਾ ਹੈ।

ਫੋਨ : 604-594-0616, ਫੈਕਸ : 604 594 0611

ਫੋਰਕ ਲਿਫਟਰ ਅਤੇ ਕਲਾਸ 4 ਡਰਾਈਵਰਾਂ ਦੀ ਤੁਰੰਤ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ।

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ

ਲੜਕੇ ਅਤੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਆ ਜਾਓ। ਕੰਮ ਲਗਾਤਾਰ ਦੋ ਸ਼ਿਫ਼ਟਾਂ ਵਿੱਚ ਚੱਲ ਰਿਹਾ ਹੈ।

ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
ਚੰਗੀ ਤਨਖਾਹ ਤੇ ਘਰ ਵਰਗਾ ਮਾਹੌਲ

ਯੋਗ ਸਟੂਡੈਂਟ ਵੀ ਸੰਪਰਕ ਸਕਦੇ ਹਨ।
ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।



ਸੰਪਰਕ ਕਰੋ : 604-594-0616

# ਪਾਠਕਾਂ ਦੇ ਖ਼ਤ

ਫੇਸਬੁੱਕ ਕਾਲਮ ਤੋਂ

## ਵਿਦਿਆਰਥੀਆਂ ਦਾ ਮਾਨਸਿਕ ਸੰਤੁਲਨ ਅਤੇ ਨਤੀਜੇ

**ਵਲੋਂ : ਸ਼ਰਦ ਐੱਸ ਚੌਹਾਨ**

ਅਠਾਰਾਂ ਸਾਲਾਂ ਦੀ ਇੱਕ ਲੜਕੀ ਵੱਲੋਂ ਆਪਣੇ ਖ਼ੁਦਕੁਸ਼ੀ ਨੋਟ 'ਚ ਲਿਖੇ ਸ਼ਬਦ ਕਿੰਨੇ ਖੌਫ਼ਨਾਕ ਹਨ- "ਮੰਮੀ, ਪਾਪਾ ਮੈਂ ਜੇਈਈ ਨਹੀਂ ਕਰ ਸਕਦੀ। ਇਸ ਲਈ ਮੈਂ ਖ਼ੁਦਕੁਸ਼ੀ ਕਰ ਲਈ, ਮੈਂ ਹਾਰ ਗਈ ਹਾਂ। ਮੈਂ ਬਹੁਤ ਮਾੜੀ ਧੀ ਹਾਂ। ਮੈਨੂੰ ਮੁਆਫ਼ ਕਰ ਦਿਓ, ਮੰਮੀ ਪਾਪਾ। ਮੇਰੇ ਕੋਲ ਇਹੀ ਆਖ਼ਰੀ ਰਾਹ ਬਚਿਆ ਹੈ।" ਇਨ੍ਹਾਂ ਸ਼ਬਦਾਂ 'ਚੋਂ ਇੱਕ ਕਠੋਰ ਹਕੀਕਤ ਝਲਕਦੀ ਹੈ। ਸਕੂਲੀ ਪ੍ਰੀਖਿਆਵਾਂ ਤੇ ਦਾਖਲਾ ਪ੍ਰੀਖਿਆ ਦੇ ਨਤੀਜੇ ਆਉਣ ਦੇ ਨਾਲ ਹੀ, ਅਸੀਂ ਲਾਜ਼ਮੀ ਤੌਰ 'ਤੇ ਵਿਦਿਆਰਥੀ ਪੀੜਾ ਦੇ ਉਸ ਜਾਣੇ-ਪਛਾਣੇ ਸੰਕਟ ਵੱਲ ਵਧਦੇ ਜਾਂਦੇ ਹਾਂ, ਜਿਸ ਦਾ ਸਭ ਤੋਂ ਭਿਆਨਕ ਸਿੱਟਾ ਖ਼ੁਦਕੁਸ਼ੀ ਦੇ ਰੂਪ 'ਚ ਸਾਡੇ ਸਾਹਮਣੇ ਆਉਂਦਾ ਹੈ।

ਇੱਕ ਵਾਰ ਫੇਰ ਅਕਾਦਮਿਕ ਕੇਂਦਰਾਂ ਦੇ ਅੱਖਾਂ ਚੁੰਧਿਆਉਣ ਵਾਲੇ ਪੋਸਟਰ, ਜਿਨ੍ਹਾਂ 'ਚ ਬੇਮਿਸਾਲ ਸਫ਼ਲਤਾ ਦੀ ਸ਼ੇਖ਼ੀ ਮਾਰੀ ਜਾਂਦੀ ਹੈ, ਵਿਦਿਆਰਥੀਆਂ ਤੇ ਮਾਪਿਆਂ ਦਾ ਬਰਾਬਰ ਧਿਆਨ ਖਿੱਚਦੇ ਹਨ। ਇਸ ਧਾਰਨਾ ਨਾਲ ਚੱਲਦੇ ਕਿ ਟਿਊਸ਼ਨ ਤੋਂ ਬਿਨਾਂ ਨਹੀਂ ਸਰੇਗਾ, ਏਸ਼ੀਅਨ ਡਿਵੈਲਪਮੈਂਟ ਬੈਂਕ ਨੇ ਇਨ੍ਹਾਂ ਸੈਂਟਰਾਂ ਨੂੰ ਤਾਲੀਮ ਦੇ ਬਾਜ਼ਾਰ ਦਾ ਹੀ ਇੱਕ ਹੋਰ ਰੂਪ ਜਾਂ ਸਾਇਆ ਕਰਾਰ ਦਿੱਤਾ ਹੈ। ਪੂਣੇ ਦੀ ਇੱਕ ਸਲਾਹਕਾਰ ਫਰਮ 'ਇਨਫਿਨੀਅਮ ਗਲੋਬਲ ਰਿਸਰਚ' ਮੁਤਾਬਿਕ ਭਾਰਤ ਵਿਚ ਕੋਚਿੰਗ ਉਦਯੋਗ ਵਰਤਮਾਨ 'ਚ 58,088 ਕਰੋੜ ਰੁਪਏ ਦਾ ਮਾਲੀਆ ਪੈਦਾ ਕਰ ਰਿਹਾ ਹੈ। ਅਨੁਮਾਨਾਂ ਮੁਤਾਬਕ ਇਹ ਖੇਤਰ ਤੇਜ਼ੀ ਨਾਲ ਵਧੇਗਾ ਅਤੇ 2028 ਤੱਕ 1,33,995 ਕਰੋੜ ਰੁਪਏ ਤੱਕ ਪਹੁੰਚ ਜਾਵੇਗਾ।

ਵਿਦਿਆਰਥੀਆਂ ਵੱਲੋਂ ਕੀਤੀ ਜਾਂਦੀ ਅਕਾਦਮਿਕ ਚੋਣ ਨੂੰ ਵਾਰ-ਵਾਰ ਨਜ਼ਰਅੰਦਾਜ਼ ਕੀਤਾ ਗਿਆ ਹੈ, ਪਹਿਲਾਂ ਜਿਹੜੀ ਚੋਣ ਡਾਕਟਰੀ ਤੇ ਇੰਜਨੀਅਰਿੰਗ ਦੋਵਾਂ ਤੱਕ ਸੀਮਤ ਸੀ, ਉਸ ਦਾ ਹੁਣ 'ਸਟੈੱਮ' (ਵਿਗਿਆਨ, ਤਕਨੀਕ, ਇੰਜਨੀਅਰਿੰਗ ਤੇ ਮੈਡੀਸਨ) ਦੇ ਰੂਪ 'ਚ ਵਿਸਤਾਰ ਹੋ ਚੁੱਕਾ ਹੈ। ਬੱਚਿਆਂ ਦੀ ਸਫ਼ਲਤਾ ਲਈ ਮਾਪਿਆਂ ਦੀਆਂ ਖ਼ਾਹਿਸ਼ਾਂ ਨੇ ਇੱਕ ਅਜਿਹੇ ਤੰਤਰ ਨੂੰ ਜਨਮ ਦਿੱਤਾ ਜੋ ਸ਼ਹਿਰੀ ਕੋਚਿੰਗ ਕੇਂਦਰਾਂ ਦੇ ਪ੍ਰਫੁੱਲਿਤ ਹੋਣ ਦਾ ਕਾਰਨ ਬਣਿਆ। ਜਦਕਿ, ਜਿਵੇਂ ਕਿ ਆਈਆਈਟੀਜ਼ (ਭਾਰਤ ਦੀਆਂ ਚੋਟੀ ਦੀਆਂ ਤਕਨੀਕੀ ਸੰਸਥਾਵਾਂ) ਨੂੰ ਚਲਾਉਂਦੀ 'ਜੁਆਇੰਟ ਇੰਪਲੀਮੈਂਟੇਸ਼ਨ ਕਮੇਟੀ' ਦੀ ਇੱਕ ਰਿਪੋਰਟ ਵਿੱਚ ਦੱਸਿਆ ਗਿਆ ਹੈ, ਇਸ ਦੌੜ ਨੇ ਸੰਤੁਲਨ ਵਿਗਾੜ ਦਿੱਤਾ ਹੈ। ਰਿਪੋਰਟ 'ਚ ਖੁਲਾਸਾ ਕੀਤਾ ਗਿਆ ਹੈ ਕਿ 76 ਪ੍ਰਤੀਸ਼ਤ ਤੋਂ ਵੱਧ ਵਿਦਿਆਰਥੀ ਸ਼ਹਿਰੀ ਇਲਾਕਿਆਂ 'ਚੋਂ ਆਉਂਦੇ ਹਨ ਜਿਨ੍ਹਾਂ 'ਚ ਸੂਬਾਈ ਬੋਰਡਾਂ ਦੇ ਵਿਦਿਆਰਥੀਆਂ ਦੀ ਗਿਣਤੀ ਬਹੁਤ ਥੋੜ੍ਹੀ ਹੁੰਦੀ ਹੈ। ਅਜਿਹੀ ਫ਼ਰਜ਼ੀ ਜਾਂ ਸ਼ੈਡੋ ਸਿੱਖਿਆ ਵਿਦਿਆਰਥੀਆਂ 'ਚ ਵੰਡੀਆਂ ਪਾਉਂਦੀ ਹੈ ਜਿਸ ਨਾਲ ਸਕੂਲੀ ਸਿੱਖਿਆ ਦੀ ਬਿਹਤਰੀ 'ਚ ਅੜਿੱਕੇ ਖੜ੍ਹੇ ਹੁੰਦੇ ਹਨ ਕਿਉਂਕਿ ਰੱਜੇ-ਪੁੱਜੇ ਮਾਪੇ 'ਪਰਛਾਵੇਂ' ਵਾਂਗ ਚੱਲਦੀਆਂ ਇਨ੍ਹਾਂ ਸੰਸਥਾਵਾਂ ਵੱਲ ਭੱਜਦੇ ਹਨ। ਨਤੀਜੇ ਵਜੋਂ, ਸਮਾਜੀ ਪੱਧਰ 'ਤੇ, ਇਸ ਨਾਲ ਮੁਕਾਬਲੇ ਵਿੱਚ ਬਰਾਬਰੀ ਦੀ ਸਥਿਤੀ ਨਹੀਂ ਰਹਿੰਦੀ।

ਰਵਾਇਤੀ ਸਕੂਲੀ ਸਿੱਖਿਆ ਨੂੰ ਪ੍ਰਾਈਵੇਟ ਕੋਚਿੰਗ ਸੰਸਥਾਵਾਂ ਦੀ ਨਕਲ ਕਰਨ ਜਾਂ ਇਨ੍ਹਾਂ ਨੂੰ ਪਹਿਲ ਦੇਣ ਤੋਂ ਬਚਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਗਿਣਤੀ ਦੇ ਹੀ ਕੁਝ ਵਿਦਿਆਰਥੀਆਂ ਵੱਲ ਧਿਆਨ ਦਿੱਤਾ ਜਾ ਸਕੇਗਾ ਜਦੋਂਕਿ ਵੱਡੀ ਗਿਣਤੀ ਵਿਦਿਆਰਥੀਆਂ ਦੀ ਅਣਦੇਖੀ ਹੋਵੇਗੀ। ਇਸ ਤਰ੍ਹਾਂ ਦੀ ਪਹੁੰਚ ਦਰਮਿਆਨੇ ਵਿਦਿਆਰਥੀਆਂ ਨੂੰ ਹੋਰ ਹਾਸ਼ੀਏ 'ਤੇ ਧੱਕ ਦੇਵੇਗੀ।

ਭਾਰਤ ਵਿੱਚ 'ਸਟੈੱਮ' ਸਿੱਖਿਆ 'ਚ ਮੁਕਾਬਲੇਬਾਜ਼ੀ ਬਹੁਤ ਜ਼ਿਆਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਵੱਕਾਰੀ ਆਈਆਈਟੀਜ਼ 50 ਅਰਜ਼ੀਕਰਤਾਵਾਂ ਵਿੱਚੋਂ ਕੇਵਲ ਇੱਕ ਨੂੰ ਚੁਣਦੀਆਂ ਹਨ, ਜਦੋਂਕਿ ਹਾਰਵਰਡ 19 ਜਣਿਆਂ 'ਚੋਂ ਇੱਕ ਤੇ ਆਕਸਫੋਰਡ ਛੇ ਵਿਚੋਂ ਇੱਕ ਨੂੰ ਚੁਣ ਲੈਂਦੀ ਹੈ। ਜੇਈਈ ਤੇ 'ਨੀਟ' ਵਰਗੀਆਂ ਪ੍ਰੀਖਿਆਵਾਂ ਦਾ ਸਰੂਪ ਹੀ ਬੇਹੱਦ ਜਟਿਲ ਹੈ ਜਿੱਥੇ ਚੁਣ-ਚੁਣ ਕੇ ਵਿਦਿਆਰਥੀ ਲਏ ਜਾਂਦੇ ਹਨ ਅਤੇ ਇੱਕ ਅੰਕ ਘਟਣ ਦੇ ਨਾਲ ਹੀ ਵਿਦਿਆਰਥੀ ਦਾ ਰੈਂਕ ਹਜ਼ਾਰਾਂ ਨੰਬਰ ਹੇਠਾਂ ਖਸਿਕ ਜਾਂਦਾ ਹੈ। ਇਸ ਲਈ ਮਾਪੇ ਅਕਸਰ ਅਣਜਾਣੇ ਵਿੱਚ ਤੇ ਕੋਚਿੰਗ ਸੈਂਟਰ ਸਪੱਸ਼ਟ ਰੂਪ 'ਚ ਵਿਦਿਆਰਥੀਆਂ ਨੂੰ ਇੱਕ ਵਸਤੂ ਵਾਂਗ ਸਮਝਦੇ ਹਨ। ਗੁਮਰਾਹ ਹੋਏ ਮਾਪੇ ਹਾਲਾਂਕਿ ਨੇਕਨੀਅਤੀ ਨਾਲ ਆਪਣੇ ਵਿੱਤੀ ਸਰੋਤਾਂ ਦੇ ਆਧਾਰ 'ਤੇ ਬੱਚਿਆਂ ਲਈ ਨਿਵੇਸ਼ ਕਰਨ ਲਈ ਤਿਆਰ ਹੋ ਜਾਂਦੇ ਹਨ।

ਇਸ ਸਭ ਦੇ ਨਤੀਜੇ ਵਿਨਾਸ਼ਕਾਰੀ ਹੋ ਸਕਦੇ ਹਨ। 'ਇੰਡੀਅਨ ਜਰਨਲ ਆਫ ਸਾਇਕੈਟਰੀ' ਮੁਤਾਬਕ ਭਾਰਤ 'ਚ ਹਾਈ ਸਕੂਲ ਵਿਦਿਆਰਥੀਆਂ 'ਤੇ ਕੀਤੇ ਸਰਵੇਖਣ ਦੱਸਦੇ ਹਨ ਕਿ ਇਨ੍ਹਾਂ 'ਚ ਖ਼ੁਦਕੁਸ਼ੀ ਦੇ ਵਿਚਾਰਾਂ ਦਾ ਪ੍ਰਚਲਨ ਕਾਫੀ ਜ਼ਿਆਦਾ ਹੈ, ਜੋ ਕਿ 6 ਤੋਂ 22 ਪ੍ਰਤੀਸ਼ਤ ਤੱਕ ਹੈ। ਸਾਡਾ ਸਿੱਖਿਆ ਤੇ ਸਮਾਜੀ ਢਾਂਚਾ ਇਸ ਵਿਚਾਰ ਨੂੰ ਪਕੇਰਾ ਕਰਦਾ ਹੈ ਕਿ ਸਖ਼ਤ ਮਿਹਨਤ ਰਾਹੀਂ ਸਫ਼ਲਤਾ ਸੌਖਿਆਂ ਹੀ ਹਾਸਲ ਕੀਤੀ ਜਾ ਸਕਦੀ ਹੈ, ਤੇ ਇਸ ਤਰ੍ਹਾਂ ਇਸ ਧਾਰਨਾ ਨੂੰ ਆਮ ਕੀਤਾ ਜਾਂਦਾ ਹੈ ਕਿ ਨੌਜਵਾਨਾਂ ਨੂੰ ਆਪਣੀਆਂ ਕਥਿਤ 'ਨਾਕਾਮੀਆਂ' ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ।

ਐੱਨਸੀਆਰਬੀ (ਕੌਮੀ ਅਪਰਾਧ ਰਿਕਾਰਡ ਬਿਊਰੋ) ਮੁਤਾਬਕ, 2020 'ਚ, ਭਾਰਤ 'ਚ ਹਰੇਕ 42 ਮਿੰਟਾਂ ਵਿਚ ਇਕ ਵਿਦਿਆਰਥੀ ਨੇ ਖ਼ੁਦਕੁਸ਼ੀ ਕੀਤੀ ਹੈ, ਕੁੱਲ 34 ਖ਼ੁਦਕੁਸ਼ੀਆਂ ਰੋਜ਼ਾਨਾ ਹੋਈਆਂ ਹਨ। ਚਿੰਤਾਜਨਕ ਹੈ ਕਿ ਇਸ ਗੰਭੀਰ ਸੰਕਟ ਨੂੰ ਅਕਸਰ ਇਕ ਨਿੱਜੀ ਮਾਮਲੇ ਵਜੋਂ ਦੇਖਿਆ ਜਾਂਦਾ ਹੈ ਜੋ ਸਮਾਜ ਨੂੰ ਜ਼ਿੰਮੇਵਾਰੀ ਤੋਂ ਮੁਕਤ ਕਰਦਾ ਹੈ ਅਤੇ ਢਾਂਚਾਗਤ ਨਾਕਾਮੀਆਂ ਨੂੰ ਨਜ਼ਰਅੰਦਾਜ਼ ਕਰ ਦਿੰਦਾ ਹੈ। 2020 'ਚ, ਕੁੱਲ ਖ਼ੁਦਕੁਸ਼ੀਆਂ ਵਿਚੋਂ 7 ਪ੍ਰਤੀਸ਼ਤ ਕਿਸਾਨਾਂ ਨੇ ਕੀਤੀਆਂ ਸਨ ਜਿਸ ਨੇ ਖੇਤੀ ਸੰਕਟ ਦੀ ਗੰਭੀਰਤਾ ਨੂੰ ਉਭਾਰਿਆ ਸੀ। ਫੇਰ ਵੀ, ਇਹ ਤੱਥ ਸਾਹਮਣੇ ਆਉਣ ਦੇ ਬਾਵਜੂਦ ਕਿ ਕੁੱਲ ਖ਼ੁਦਕੁਸ਼ੀਆਂ 'ਚੋਂ 8 ਪ੍ਰਤੀਸ਼ਤ ਵਿਦਿਆਰਥੀਆਂ ਦੀਆਂ ਹਨ, ਸਮਾਜ ਇਸ ਗੱਲ ਨੂੰ ਕਬੂਲਣ 'ਚ ਨਾਕਾਮ ਹੋ ਗਿਆ ਕਿ ਇਹ ਅਕਾਦਮਿਕ ਬੋਝ ਦਾ ਸੰਕੇਤ ਹੈ। ਇਹ ਨਾਕਾਮੀ ਫਕਿਰਮੰਦ ਕਰਨ ਵਾਲੀ ਹੈ ਕਿਉਂਕਿ ਸਿੱਖਿਆ ਦਾ ਮੰਤਵ ਰਾਸ਼ਟਰ-ਨਿਰਮਾਤਾਵਾਂ ਦੀ ਅਗਲੀ ਪੀੜ੍ਹੀ ਨੂੰ ਤਿਆਰ ਕਰਨਾ ਹੈ। ਵਾਈਐੱਮਈਆਰ ਜਰਨਲ ਦਾ ਇਕ ਹੋਰ ਅਧਿਐਨ ਗੰਭੀਰ ਅਸਲੀਅਤ ਨੂੰ ਪ੍ਰਗਟ ਕਰਦਾ ਹੈ: 80 ਪ੍ਰਤੀਸ਼ਤ ਵਿਦਿਆਰਥੀ ਮਾਪਿਆਂ ਦੀਆਂ ਆਸਾਂ-ਉਮੀਦਾਂ ਉੱਤੇ ਖ਼ਰੇ ਉਤਰਨ ਦੇ ਦਬਾਅ ਕਾਰਨ ਤਣਾਅ ਮਹਿਸੂਸ ਕਰਦੇ ਹਨ ਜਦਕਿ 55 ਪ੍ਰਤੀਸ਼ਤ ਵਿਦਿਆਰਥੀ ਵਧੇਰੇ ਤਣਾਅ ਲਈ ਮਾਪਿਆਂ ਵੱਲੋਂ ਥੋਪੀ ਕਿਸੇ ਚੋਣ ਦਾ ਹਵਾਲਾ ਦਿੰਦੇ ਹਨ। ਇਨ੍ਹਾਂ ਲੱਭਤਾਂ 'ਚ ਮਾਪਿਆਂ ਦੀ ਮਹੱਤਵਪੂਰਨ ਭੂਮਿਕਾ ਨੂੰ ਸਮਝਣ 'ਚ ਰਹਿ ਗਈਆਂ ਗੰਭੀਰ ਖਾਮੀਆਂ ਸਾਹਮਣੇ ਆਈਆਂ ਹਨ। ਇਸ ਤੋਂ ਇਲਾਵਾ ਮਾਨਸਿਕ ਤੰਦਰੁਸਤੀ ਦੀਆਂ ਚੁਣੌਤੀਆਂ ਨਾਲ ਨਜਿੱਠਣ 'ਚ ਕਾਊਂਸਲਿੰਗ ਦੀ ਕਮੀ ਵੀ ਰੜਕਦੀ ਹੈ।

ਕੋਟਾ ਦੇ ਹੋਸਟਲਾਂ 'ਚ ਸਪਰਿੰਗ ਵਾਲੇ ਪੱਖੇ ਜੋ 40 ਕਿਲੋ ਤੋਂ ਵੱਧ ਭਾਰ ਨਹੀਂ ਸਹਿ ਸਕਦੇ ਤੇ 'ਐਂਟੀ-ਸੁਸਾਈਡ ਨੈੱਟ' ਲੱਗਣਾ, ਵਿਦਿਆਰਥੀ ਖ਼ੁਦਕੁਸ਼ੀਆਂ ਰੋਕਣ ਲਈ ਕੀਤੀ ਗਈ ਖੋਖ਼ਲੀ ਕਾਰਵਾਈ ਨੂੰ ਉਜਾਗਰ ਕਰਦਾ ਹੈ ਜੋ ਕਿ ਬੇਦਰਦ ਤੇ ਅਣਮਨੁੱਖੀ ਹੈ। ਵਿਦਿਆਰਥੀਆਂ 'ਚ ਤਣਾਅ ਦੀ ਜੜ੍ਹ ਤੱਕ ਨਾ ਜਾਣਾ ਇੱਕ ਸਮਾਜਿਕ ਨਾਕਾਮੀ ਹੈ।

ਸੁਨਹਿਰੇ ਭਵਿੱਖ ਦੇ ਵਾਅਦੇ ਉੱਤੇ ਵਧ-ਫੁੱਲ ਰਹੇ, ਕੋਚਿੰਗ ਸੈਂਟਰ ਸਿੱਖਿਆ ਦੇ ਖੇਤਰ 'ਚ ਪ੍ਰਮੁੱਖਤਾ ਨਾਲ ਉੱਭਰੇ ਹਨ। ਫੇਰ ਵੀ, ਇਨ੍ਹਾਂ ਸੰਸਥਾਵਾਂ ਨੂੰ ਦਾਖਲਾ ਲੈਣ ਵਾਲੇ ਉਨ੍ਹਾਂ ਆਸਵੰਦ ਨੌਜਵਾਨਾਂ ਲਈ, ਹੁਣ ਪਹਿਲਾਂ ਨਾਲੋਂ ਵੀ ਵੱਧ, ਕੈਦ ਵਰਗੇ ਸਮਝਿਆ ਜਾਣ ਲੱਗਾ ਹੈ, ਜਿੱਥੇ ਉਨ੍ਹਾਂ ਦੀਆਂ ਇੱਛਾਵਾਂ, ਆਤਮਾਵਾਂ ਤੇ ਉਮੰਗਾਂ ਦਾ ਗਲ਼ ਘੁੱਟਿਆ ਜਾ ਰਿਹਾ ਹੈ।

ਫ਼ਰਜ਼ੀ ਸਿੱਖਿਆ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਫੈਲ ਚੁੱਕੀਆਂ ਹਨ। ਨੀਤੀਘਾੜਿਆਂ ਨੂੰ ਹੁਣ ਸਹਿਹੋਂਦ ਦੇ ਢੰਗ ਤਰੀਕਿਆਂ ਦੀ ਤਲਾਸ਼ ਕਰਨੀ ਪਵੇਗੀ ਅਤੇ ਟਕਰਾਅ ਦੀ ਥਾਂ ਮੇਲ ਮਿਲਾਪ ਦੀ ਅਭਿਲਾਸ਼ਾ ਕਰਨੀ ਪਵੇਗੀ। ਸਾਂਝੇਦਾਰੀਆਂ ਬਣਾਉਣ ਸਮਾਜਿਕ ਨਿਆਂ ਨੂੰ ਅਗਾਂਹ ਵਧਾਉਣ ਦੇ ਰਾਹ ਦਾ ਅਹਿਮ ਪੜੁੱਲ ਸਾਬਿਤ ਹੋ ਸਕਦਾ ਹੈ। ਕੋਚਿੰਗ ਕੇਂਦਰਾਂ ਨੂੰ ਨੇਮਬੱਧ ਕਰਨ ਲਈ ਭਾਰਤ ਸਰਕਾਰ ਵਲੋਂ ਜਾਰੀ ਕੀਤੀਆਂ ਗਈਆਂ ਸੇਧਾਂ ਉੱਤੇ ਸੂਬਿਆਂ ਵਲੋਂ ਸਖ਼ਤੀ ਨਾਲ ਪਾਲਣਾ ਕਰਨ ਦੀ ਲੋੜ ਹੈ। ਇਹ ਫ਼ਰਜ਼ੀ ਸਿੱਖਿਆ ਖੇਤਰ ਇੱਕ ਕਾਰੋਬਾਰੀ ਮਾਡਲ ਦੇ ਰੂਪ ਵਿੱਚ ਚੱਲ ਰਿਹਾ ਹੈ ਜਿਸ ਕਰ ਕੇ ਇਸ ਨੂੰ ਕਾਰਪੋਰੇਟ ਸਮਾਜਕ ਜ਼ਿੰਮੇਵਾਰੀ ਲਈ ਜਵਾਬਦੇਹ ਬਣਾਇਆ ਜਾਣਾ ਚਾਹੀਦਾ ਹੈ ਜਿਸ ਵਿੱਚ ਆਰਥਿਕ ਤੌਰ 'ਤੇ ਪੱਛੜੇ ਵਰਗਾਂ ਦੇ ਕਮਜ਼ੋਰ ਵਿਦਿਆਰਥੀਆਂ, ਲੜਕੀਆਂ ਅਤੇ ਪੇਂਡੂ ਪਿਛੋਕੜ ਵਾਲੇ ਬੱਚਿਆਂ ਲਈ ਰਿਆਇਤੀ ਫ਼ੀਸਾਂ ਦੀ ਵਿਵਸਥਾ ਵੀ ਸ਼ਾਮਲ ਹੋਵੇ।

ਅਧਿਆਪਕਾਂ ਅਤੇ ਮਾਪਿਆਂ ਨੂੰ ਇਹ ਮੰਨਣਾ ਪਵੇਗਾ ਕਿ ਪੇਸ਼ੇਵਰ ਅਵਸਰਾਂ ਦੀ ਕੋਈ ਕਮੀ ਨਹੀਂ ਹੈ। ਸਾਡੇ ਸੱਭਿਆਚਾਰ ਵਿਚ ਪ੍ਰੀਖਿਆਵਾਂ ਦੇ ਨਤੀਜਿਆਂ ਦੀ ਬਜਾਏ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਨੂੰ ਤਰਜੀਹ ਦੇਣ ਅਤੇ ਵਿਦਿਅਕ ਸਫ਼ਲਤਾ ਤੋਂ ਇਲਾਵਾ ਧੀਰਜ, ਦ੍ਰਿੜਤਾ ਅਤੇ ਸਬਰ ਜਿਹੀਆਂ ਖੂਬੀਆਂ ਦਾ ਸੰਚਾਰ ਕਰਨ ਨੂੰ ਤਰਜੀਹ ਦੇਣ ਦੀ ਜ਼ਰੂਰਤ ਹੈ। ਇੱਕ ਅਜਿਹੀ ਦੁਨੀਆ ਜੋ ਬਹੁਤ ਹੀ ਸਖ਼ਤ ਪ੍ਰੀਖਿਆ ਸਾਬਿਤ ਹੋ ਸਕਦੀ ਹੈ, ਵਿੱਚ ਹਰੇਕ ਨੌਜਵਾਨ ਨੂੰ ਇੱਕ ਮਜ਼ਬੂਤ ਸਹਾਇਕ ਪ੍ਰਣਾਲੀ ਦੀ ਲੋੜ ਪੈਂਦੀ ਹੈ। ਉਨ੍ਹਾਂ ਨੂੰ ਇਸ ਗੱਲ ਦੇ ਧਾਰਨੀ ਬਣਾਉਣ ਦੀ ਲੋੜ ਹੈ ਕਿ ਖ਼ੁਦਕੁਸ਼ੀ ਕਦੇ ਕੋਈ ਹੱਲ ਨਹੀਂ ਹੋ ਸਕਦੀ, ਖ਼ਾਸਕਰ ਉਦੋਂ ਜਦੋਂ ਸਾਰੀਆਂ ਪ੍ਰਣਾਲੀਆਂ ਇਸ ਢੰਗ ਨਾਲ ਵਿਰੋਧਭਾਸੀ ਰੂਪ ਵਿਚ ਘੜੀਆਂ ਗਈਆਂ ਹਨ ਤਾਂ ਕਿ ਉਨ੍ਹਾਂ ਨੂੰ ਚੁਣਿਆ ਨਾ ਜਾਵੇ ਸਗੋਂ ਰੱਦ ਕੀਤਾ ਜਾਵੇ। ਇਸ ਭਖਵੇਂ ਮੁੱਦੇ ਨੂੰ ਮੁਖ਼ਾਤਬ ਹੋਣ ਲਈ ਪ੍ਰੇਸ਼ਾਨ ਵਿਦਿਆਰਥੀਆਂ ਲਈ ਵੱਖ ਵੱਖ ਮਾਹਿਰਾਨਾ ਸੇਵਾਵਾਂ ਦੀਆਂ ਹੈਲਪਲਾਈਨਾਂ ਸਥਾਪਿਤ ਕਰਨਾ ਇਕ ਅਹਿਮ ਸ਼ੁਰੂਆਤੀ ਨੁਕਤਾ ਹੋ ਸਕਦਾ ਹੈ।

ਸੱਚੀ ਖੁਸ਼ੀ ਲਈ ਸਾਡੀਆਂ ਗਹਿਰੀਆਂ ਇੱਛਾਵਾਂ ਦੀ ਪੈਰਵੀ ਕਰਦਿਆਂ ਐਪੀਕੁਰਸ ਦੇ ਵਿਸ਼ਵਾਸ ਤੋਂ ਲੈ ਕੇ ਵਿਸ਼ਵ ਭਾਰਤੀ ਵਿੱਚ ਰਾਬਿੰਦਰਨਾਥ ਟੈਗੋਰ ਦੇ ਇਸ ਕਥਨ ਕਿ 'ਕੋਈ ਵੀ ਯਤਨ ਬਿਰਥਾ ਨਹੀਂ ਹੁੰਦਾ' ਤੱਕ -ਇਸ ਸੰਕਟ ਦੀ ਨਿਸ਼ਾਨਦੇਹੀ ਕਰਨ, ਪ੍ਰਵਾਨ ਕਰਨ ਅਤੇ ਇਸ ਦੇ ਹੱਲ ਲਈ ਫ਼ੌਰੀ ਸਮਾਜਿਕ ਕਾਰਵਾਈ ਜ਼ਰੂਰੀ ਹੈ।

## Important Contacts

### EMERGENCY

Fire | Police | Ambulance
**911**

Occupational First Aid
(Vancouver Campus)
**604-822-4444**

UBC Hospital Urgent Care
(8:00 a.m. – 10:00 p.m.)
**604-822-7662**

Poison Control Centre
**604-682-5050**

Campus Security
**604-822-2222**

### NON-EMERGENCY

Access & Diversity
**604-822-5844**

Ambulance (E-Comm)
**604-872-5151**

AMS Sexual Assault Support Centre
**604-827-5180**

Building Operations Call Centre
**604-822-2173**

Employee & Family Assistance Plan
**1-800-387-4765**

Counselling Services (Students)
**604-822-3811**

Equity & Inclusion Office
**604-822-6353**

Fire Department (Fire Prevention)
**311**

Office of the Ombudsperson for Students
**604-822-6149**

RCMP – University Detachment
**604-224-1322**

Safety & Risk Services
**604-822-2029**

Student Health Services
**604-822-7011**

### SIKH GURDWARAS

**Khalsa Diwan Society, New Westminster, BC**
604-759-2691

**Khalsa Diwan Society, Vancouver**
(604) 568-9500, (604) 324-2010

**Sri Guru Singh Sabha Gurdwara**
604-590-3232

**Gurdwara Sahib Brookside**
604-502-0602

**Gurdwara Kalgidhar Darbar**
604-504-5530

**BC Khalsa Darbar Society**
604-325-2290

**Guru Nanak Sikh Gurdwara**
604-598-1300

**Akali Singh Sikh Society**
604-254-3572

# ਡੈਂਟਿਸਟ ਗਗਨ ਚਾਹਲ ਵਲੋਂ ਕੈਨੇਡਾ ਦੇ ਨਵੇਂ ਡੈਂਟਲ ਕੇਅਰ ਪ੍ਰੋਗਰਾਮ ਸਬੰਧੀ ਜਾਗਰੂਕਤਾ ਕੈਂਪ ਦਾ ਆਯੋਜਨ







ਸਰੀ, (ਇਸ਼ਪ੍ਰੀਤ ਕੌਰ): ਡੈਂਟਰਿਸਟ ਗਗਨ ਚਾਹਲ ਵਲੋਂ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਵਿਖੇ ਇੰਡੋ ਕੈਨੇਡੀਅਨ ਸੀਨੀਅਰ ਸੁਸਾਇਟੀ ਦੀ ਮਦਦ ਦੇ ਨਾਲ ਡੈਂਚਰਜ਼ ਦੀ ਸੰਭਾਲ ਸਬੰਧੀ ਮੁਫ਼ਤ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਵਿੱਚ ਸ਼ਾਮਲ ਹੋਏ ਵੱਡੀ ਗਿਣਤੀ 'ਚ ਲੋਕਾਂ ਨੂੰ ਕੈਨੇਡਾ ਸਰਕਾਰ ਵਲੋਂ ਨਵੇਂ ਜਾਰੀ ਕੀਤੇ ਗਏ ਡੈਂਟਲ ਪਲੈਨ ਬਾਰੇ ਕੀਤੀ ਗਈ ਅਤੇ ਇਸ ਪ੍ਰੋਗਰਾਮ ਦੇ ਫਾਇਦੇ ਕਿਵੇਂ ਲਏ ਜਾ ਸਕਦੇ ਹਨ ਉਸ ਬਾਰੇ ਵਿਸਥਾਰ ਵਿੱਚ ਕੈਂਪ 'ਚ ਮੌਜੂਦ ਲੋਕਾਂ ਨੂੰ ਦੱਸਿਆ ਗਿਆ। ਕਿਉਂਕਿ ਬਹੁਤ ਸਾਰੇ ਬਜ਼ੁਰਗਾਂ ਨੂੰ ਇਸ ਡੈਂਟਲ ਪਲੈਨ ਬਾਰੇ ਪੂਰੀ ਜਾਣਕਾਰੀ ਨਹੀਂ ਸੀ ਅਤੇ ਉਹ ਇਸ ਦੇ ਲਾਭ ਲੈਣ ਲਈ ਕਈ ਸਵਾਲਾਂ 'ਚ ਘਿਰੇ ਹੋਏ ਸਨ ਕਿ ਇਸ ਸਰਕਾਰੀ ਡੈਂਟਲ ਪਲੈਨ ਦੇ ਲਈ ਜੋ ਕਾਰਡ ਬਣਾਏ ਜਾ ਰਹੇ ਹਨ ਉਨ੍ਹਾਂ ਲਈ ਕਿਵੇਂ ਅਪਲਾਈ ਕਰਨਾ ਹੈ। ਬਹੁਤ ਸਾਰੇ ਬਜ਼ੁਰਗਾਂ ਦਾ ਇਹ ਵੀ ਕਹਿਣਾ ਸੀ ਕਿ ਜਦੋਂ ਕੈਨੇਡਾ ਵਿੱਚ ਇਸ ਡੈਂਟਲ ਪ੍ਰੋਗਰਾਮ ਦੀ ਸ਼ੁਰੂਆਤ ਹੋਈ ਅਤੇ ਇਸ ਸਬੰਧੀ ਚਿੱਠੀਆਂ ਆਈਆਂ ਤਾਂ ਕਈ ਬਜ਼ੁਰਗ ਜਿਹੜੇ ਕੈਨੇਡਾ ਤੋਂ ਬਾਹਰ ਪੰਜਾਬ ਵਿੱਚ ਸਨ, ਅਤੇ ਜਦੋਂ ਤੱਕ ਉਹ ਵਾਪਸ ਕੈਨੇਡਾ ਆਏ ਤਾਂ ਉਨ੍ਹਾਂ ਚਿੱਠੀਆਂ ਦੀ ਸਮੇਂ-ਸੀਮਾਂ ਸਮਾਪਤ ਹੋ ਚੁੱਕੀ ਸੀ। ਹੁਣ ਗਗਨ ਚਾਹਲ ਵਲੋਂ ਲਗਾਏ ਗਏ ਇਸ ਕੈਂਪ ਦੌਰਾਨ ਇਨ੍ਹਾਂ ਬਜ਼ੁਰਗਾਂ ਦੇ ਸਾਰੇ ਸਵਾਲਾਂ ਦੇ ਜਵਾਬ ਦਿੱਤੇ ਗਏ ਅਤੇ ਇਸ ਪ੍ਰੋਗਰਾਮ ਲਈ ਦੁਬਾਰਾ ਕਿਵੇਂ ਅਪਲਾਈ ਕੀਤਾ ਜਾ ਸਕਦਾ ਹੈ ਅਤੇ ਚਿੱਠੀਆਂ 'ਤੇ ਜੋ 100 ਫੀਸਦੀ ਕਵਰੇਜ਼ ਲਿਖੀ ਗਈ ਹੈ ਉਸ ਦੀ ਪੂਰੀ ਜਾਣਕਾਰੀ ਕੀ ਹੈ, ਇਸ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਕਿਵੇਂ ਕੈਨੇਡਾ ਸਰਕਾਰ ਦੀ ਵੈਬਸਾਈਟ 'ਤੇ ਜਾ ਕਿ ਡੈਂਟਲ ਪ੍ਰੋਗਰਾਮ ਲਈ ਅਪਲਾਈ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਗਗਨ ਚਾਹਲ ਨੇ ਕਿਹਾ ਕਿ ਜੇਕਰ ਕਿਸੇ ਨੂੰ ਇਸ ਪ੍ਰੋਗਰਾਮ ਲਈ ਅਪਲਾਈ ਕਰਨ ਵਿੱਚ ਕੋਈ ਪ੍ਰੇਸ਼ਾਨੀ ਆਉਂਦੀ ਹੈ ਤਾਂ ਉਹ ਉਨ੍ਹਾਂ ਨਾਲ ਸੰਪਰਕ ਕਰ ਸਕਦਾ ਹੈ। ਗਗਨ ਚਾਹਲ ਨੇ ਡੈਂਟਲ ਕੇਅਰ ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਕੀ ਕੀ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਜਿਨ੍ਹਾਂ ਵਿੱਚ ਮੁੱਖ ਹਨ : ਜੇਕਰ ਦੰਦ (ਡੈਂਚਰਜ਼) ਢਿੱਲੇ ਹੋ ਗਏ ਹਨ, ਜੇਕਰ ਦੰਦ (ਡੈਂਚਰਜ਼) ਟੁੱਟ ਜਾਂਦੇ ਹਨ ਉਸ ਦਾ ਇਲਾਜ ਕੀਤਾ ਜਾਵੇਗਾ ਪਰ ਇਸ ਇਲਾਜ ਸਬੰਧੀ ਕਈ ਸ਼ਰਤਾਂ ਵੀ ਹਨ ਇਸ ਬਾਰੇ ਗਗਨ ਚਾਹਲ ਨੇ ਕੈਂਪ ਦੌਰਾਨ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਕੈਂਪ ਨੂੰ ਆਯੋਜਿਤ ਕਰਨ ਲਈ ਇੰਡੋ ਕੈਨੇਡੀਅਨ ਸੀਨੀਅਰ ਸੁਸਾਇਟੀ ਐਬਟਸਫੋਰਡ, ਸਰਦਾਰ ਮੋਹਨ ਸਿੰਘ ਗਿੱਲ ਅਤੇ ਸਰਕਾਰ ਸੁਖਦੇਵ ਸਿੰਘ ਮੱਲੀ ਵਲੋਂ ਦਿੱਤੇ ਗਏ ਵਿਸ਼ਸ ਸਹਿਯੋਗ ਲਈ ਗਗਨ ਚਾਹਲ ਨੇ ਤਹਿ-ਦਿਲੋਂ ਧੰਨਵਾਦ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਜੇਕਰ ਹੋਰ ਕੋਈ ਵੀ ਸੁਸਾਇਟੀ ਦੰਦਾਂ ਦੀ ਸੰਭਾਲ ਸਬੰਧੀ ਜਾਗਰੂਕਤਾ ਕੈਂਪ ਆਯੋਜਿਤ ਕਰਨਾ ਚਾਹੁੰਦੀ ਹੈ ਤਾਂ ਉਹ ਗੁਰਪ੍ਰੀਤ ਸਿੰਘ ਨਾਲ 778-600-0811 'ਤੇ ਸੰਪਰਕ ਕਰ ਸਕਦੇ ਹਨ। This report was written by Ishpreet Kaur as part of the Local Journalism Initiative.

Keep Smiling
Denture Clinic

Keep Smiling
Denture Clinic

SEMCD
CERTIFIED CLINICIAN

Complete Denture
Implant Denture
Partial Denture

CARE HOME MOBILE SERVICE

ਮੁਫ਼ਤ ਸਲਾਹ ਲਈ ਅੱਜ ਹੀ ਮਿਲੋ

ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ
ਹੱਡੀ ਘਸੀ ਹੋਈ ਹੈ?

ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।

ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ
ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
If you have received Canadian Dental Care Plan Card.
Book appointment

ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।



Gagan Chahal R.D.
Registered Denturist

Book Your Appointment
778-600-0811
13117 - 67A Ave, Surrey, BC
778-600-0810
2644 Cyril St Abbotsford BC




# ਹਿਸਟੀਰੀਆ
## ਕੀ ਇਹ ਇੱਕ ਮਾਨਸਿਕ ਰੋਗ ਹੈ ?

ਲੇਖਕ : ਡਾ. ਅਜੀਤਪਾਲ ਸਿੰਘ
ਸੰਪਰਕ: 9815629301

ਭਾਰਤ ਵਿੱਚ ਇੱਕੀਵੀਂ ਸਦੀ ਵਿੱਚ ਵੀ ਔਰਤਾਂ ਆਪਣੀ ਮਨੋ-ਭਾਵਨਾਵਾਂ ਨੂੰ ਠੀਕ ਤਰ੍ਹਾਂ ਨਾਲ ਜ਼ਾਹਰ ਨਹੀਂ ਕਰ ਸਕਦੀਆਂ। ਉਹ ਅਜੇ ਵੀ ਆਜ਼ਾਦ ਨਹੀਂ ਹਨ। ਬਹੁਤ ਸਾਰੀਆਂ ਗੱਲਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਉਹ ਮਨ ਹੀ ਮਨ ਵਿੱਚ ਦਬਾ ਕੇ ਰੱਖਦੀਆਂ ਤੇ ਤਣਾਅ ਵਿੱਚ ਰਹਿੰਦੀਆਂ ਹਨ, ਜਿਸ ਕਾਰਨ ਉਹ ਕਈ ਮਨੋਰੋਗਾਂ ਤੋਂ ਪੀੜਤ ਹੋ ਜਾਂਦੀਆਂ ਹਨ। ਮਨੋਵਿਗਿਆਨੀਆਂ ਅਨੁਸਾਰ ਜਵਾਨੀ 'ਚ ਜਦ ਜਿਨਸੀ ਇੱਛਾਵਾਂ ਨੂੰ ਦਬਾਇਆ ਜਾਂਦਾ ਹੈ ਤਾਂ ਹਿਸਟੀਰੀਆ ਰੋਗ ਪੈਦਾ ਹੁੰਦਾ ਹੈ ਪਰ ਹਿਸਟੀਰੀਆ ਮੁੱਖ ਤੌਰ 'ਤੇ ਇੱਕ ਮਾਨਸਿਕ ਰੋਗ ਹੈ, ਜਿਸ ਦਾ ਦਿਮਾਗ ਨਾਲ ਡੂੰਘਾ ਸਬੰਧ ਹੈ। ਪਰ ਇਸ 'ਚ ਵੀ ਕਿਸੇ ਕਿਸਮ ਦਾ ਸਥਾਈ ਮਾਨਸਿਕ ਵਿਗਾੜ ਨਹੀਂ ਪਾਇਆ ਜਾਂਦਾ। ਜ਼ਿਆਦਾਤਰ ਪੰਦਰਾਂ ਤੋਂ ਤੀਹ ਸਾਲ ਤੱਕ ਦੀਆਂ ਮੁਟਿਆਰਾਂ ਇਸ ਤੋਂ ਵੱਧ ਅਸਰਅੰਦਾਜ਼ ਹੁੰਦੀਆਂ ਹਨ ਪਰ ਜਦੋਂ ਤੱਕ ਔਰਤਾਂ ਨੂੰ ਮਾਹਵਾਰੀ (ਪੰਦਰਾਂ ਤੋਂ ਪੰਜਤਾਲੀ ਸਾਲ ਦੀ ਉਮਰ ਤੱਕ) ਹੁੰਦੀ ਰਹਿੰਦੀ ਹੈ ਉਦੋਂ ਤੱਕ ਵੀ ਇਸ ਰੋਗ ਦੇ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ।

**ਕਾਰਨ:** ਜਿਨਸੀ ਇੱਛਾਵਾਂ ਨੂੰ ਦਬਾ ਕੇ ਰੱਖਣ 'ਚ ਲੜਕੀਆਂ ਨੂੰ ਬਹੁਤ ਮਾਨਸਿਕ ਦਬਾਅ, ਤਣਾਅ ਤੇ ਸੰਘਰਸ਼ ਵਿੱਚ ਦੀ ਲੰਘਣਾ ਪੈਂਦਾ ਹੈ ਪਰ ਮਾਨਸਿਕ ਤਣਾਅ ਤੇ ਸੰਘਰਸ਼ ਦੇ ਵੱਧ ਹੋਣ ਕਰਕੇ ਜ਼ਿਆਦਾਤਰ ਲੜਕੀਆਂ ਨੂੰ ਹਿਸਟੀਰੀਆ ਰੋਗ ਪੈਦਾ ਹੁੰਦਾ ਹੈ। ਕਈ ਲੜਕੀਆਂ ਵੱਡੀ ਉਮਰ ਤੱਕ ਵਿਆਹ ਨਹੀਂ ਕਰਵਾਉਂਦੀਆਂ, ਅਜਿਹੀਆਂ ਲੜਕੀਆਂ ਵੀ ਆਪਣੀਆਂ ਜਿਨਸੀ ਇੱਛਾਵਾਂ ਨੂੰ ਦਬਾ ਕੇ ਰੱਖਦੀਆਂ ਹਨ ਤਾਂ ਮਾਨਸਿਕ ਤੌਰ 'ਤੇ ਹਿਸਟਰੀਆ ਰੋਗ ਦਾ ਸ਼ਿਕਾਰ ਹੋ ਜਾਂਦੀਆਂ ਹਨ। ਪਿਆਰ 'ਚ ਕਿਸੇ ਲੜਕੇ ਵੱਲੋਂ ਵਿਸ਼ਵਾਸਘਾਤ ਕਰਨ 'ਤੇ ਵੀ ਮੁਟਿਆਰਾਂ ਹਿਸਟੀਰੀਆ ਤੋਂ ਪੀੜਤ ਹੋ ਜਾਂਦੀਆਂ ਹਨ। ਔਰਤਾਂ ਜੋ ਯੋਨ ਸੁੱਖ ਤੋਂ ਵਾਂਝੀਆਂ ਰਹਿੰਦੀਆਂ ਹਨ, ਉਹ ਹੀਣ-ਭਾਵਨਾ ਨਾਲ ਗ੍ਰਸਤ ਹੋ ਜਾਂਦੀਆਂ ਹਨ ਜਾਂ ਔਰਤਾਂ ਨੂੰ ਕਾਮ ਵਾਸਨਾ ਤ੍ਰਿਪਤੀ ਨਾ ਹੋਣ ਕਰ ਕੇ ਮਾਨਸਿਕ ਤਣਾਅ ਰਹਿੰਦਾ ਹੈ, ਜੋ ਹਿਸਟਰੀਆ ਦਾ ਕਾਰਨ ਬਣਦਾ ਹੈ। ਸ਼ਾਦੀਸ਼ੁਦਾ ਔਰਤਾਂ 'ਚ ਪਤੀ ਵੱਲੋਂ ਅਣਦੇਖੀ ਕਰਨ ਜਾਂ ਪਤੀ ਦੇ ਕਿਸੇ ਹੋਰ ਔਰਤ ਨਾਲ ਸਰੀਰਕ ਸਬੰਧ ਹੋਣ ਜਾਂ ਪਤੀ ਦੇ ਨਾਮਰਦ ਹੋਣ ਕਰ ਕੇ ਵੀ ਔਰਤ ਨੂੰ ਸੰਤੁਸ਼ਟੀ ਨਾ ਮਿਲਣ ਕਰ ਕੇ ਹਿਸਟੀਰੀਆ ਰੋਗ ਹੋ ਜਾਂਦਾ ਹੈ। ਵਿਆਹੁਤਾ ਜੀਵਨ ਵਿੱਚ ਤਣਾਅ ਤੇ ਸਰੀਰਕ ਸਬੰਧ ਵਿੱਚ ਅਸੰਤੁਸ਼ਟੀ, ਪਰਿਵਾਰਕ ਕਲੇਸ਼, ਬੇਹੱਦ ਕਾਮੁਕ ਚਿੰਤਨ ਕਰਨ ਜਾਂ ਜੀਵਨ 'ਚ ਨਿਰਾਸ਼ਾ ਜਾਂ ਤੇਜ਼ ਮਾਨਸਿਕ ਧੱਕਾ, ਉਨੀਂਦਰਾ, ਤਣਾਅ ਆਦਿ ਕਰਕੇ ਯੋਨ ਸਬੰਧੀ ਰੋਗਾਂ ਨਾਲ ਪੀੜਤ ਹੋਣ ਕਰ ਕੇ ਵੀ ਹਿਸਟੀਰੀਆ ਹੋ ਜਾਂਦਾ ਹੈ। ਜਿਸ ਨੂੰ ਡਰ, ਨਿਰਾਸ਼ਾ, ਚਿੰਤਾ ਤੇ ਵੱਧ ਤਣਾਅ ਹੁੰਦਾ ਹੈ, ਖ਼ੂਨ ਦੀ ਕਮੀ, ਕਬਜ਼ ਆਦਿ, ਵੱਧ ਸਮੇਂ ਤੱਕ ਕਿਸੇ ਰੋਗ ਨਾਲ ਪੀੜਤ ਹੁੰਦੇ ਰਹਿਣ ਕਰਕੇ ਉਪਜੀ ਨਿਰਾਸ਼ਾ ਨਾਲ ਕੁਪੋਸ਼ਣ, ਖ਼ਰਾਬ ਸਿਹਤ, ਡਿੰਬਕੋਸ਼ ਦੇ ਵਿਗਾੜ, ਬੱਚੇਦਾਨੀ ਸਬੰਧੀ ਵਿਗਾੜ, ਮਾਹਵਾਰੀ ਸਬੰਧੀ ਬੇਨਿਯਮੀ, ਜਿਵੇਂ ਵੱਧ ਦਰਦ ਦੇ ਨਾਲ ਮਾਹਵਾਰੀ ਹੋਣੀ ਜਾਂ ਲਕੋਰੀਆ, ਬਾਂਝਪਣ ਆਦਿ ਕਰਕੇ ਵੀ ਹਿਸਟੀਰੀਆ ਰੋਗ ਪੈਦਾ ਹੋ ਜਾਂਦਾ ਹੈ।

**ਲੱਛਣ:** ਹਿਸਟੀਰੀਆ ਰੋਗ ਤੋਂ ਪੀੜਤ ਲੜਕੀ ਗੱਲਾਂ ਕਰਦੇ ਕਰਦੇ ਜਾਂ ਘਰ 'ਚ ਕੰਮ ਕਰਦੇ ਕਰਦੇ ਅਚਾਨਕ ਜ਼ੋਰ ਨਾਲ ਹੱਸਦੀ ਹੈ ਤੇ ਫਿਰ ਚੀਖ ਕੇ ਬੇਹੋਸ਼ ਹੋ ਜਾਂਦੀ ਹੈ। ਰੋਗ ਦੀ ਸ਼ੁਰੂਆਤ 'ਚ ਰੋਗੀ ਨੂੰ ਇਉਂ ਲੱਗਦਾ ਹੈ ਕਿ ਉਸ ਦੇ ਪੇਟ ਦੇ ਖੱਬੇ ਹਿੱਸੇ 'ਚ ਕਿਸੇ ਹਵਾ ਦਾ ਗੋਲਾ ਉੱਪਰ ਵੱਲ ਉੱਠ ਕੇ ਜਾ ਰਿਹਾ ਹੈ, ਜੋ ਗਲੇ 'ਚ ਅੜਿੱਕਾ ਪੈਦਾ ਕਰਨ ਲੱਗਦਾ ਹੈ ਅਤੇ ਰੋਗੀ ਔਰਤ ਬੇਹੋਸ਼ ਹੋ ਕੇ ਡਿੱਗ ਪੈਂਦੀ ਹੈ। ਕੁੱਝ ਰੋਗੀ ਔਰਤਾਂ ਬੇਹੋਸ਼ੀ ਤੋਂ ਪਹਿਲਾਂ ਜ਼ੋਰ ਜ਼ੋਰ ਨਾਲ ਆਪਣੇ ਹੱਥ ਮਾਰਦੀਆਂ ਹਨ। ਕੁਝ ਪੱਟਾਂ 'ਤੇ ਹੱਥ ਮਾਰਦੀਆਂ ਹਨ। ਅਜਿਹਾ ਗਲੇ 'ਚ ਫਸੇ ਹਵਾ ਦੇ ਗੋਲੇ ਨੂੰ ਕੱਢਣ ਲਈ ਕਰਦੀਆਂ ਹਨ। ਕੁਝ ਰੋਗੀ ਔਰਤਾਂ ਤਾਂ ਆਪਣੇ ਕੱਪੜੇ ਤੱਕ ਪਾੜ ਲੈਂਦੀਆਂ ਹਨ। ਜਬਾੜੇ ਕੱਸ ਕੇ ਬੰਦ ਕਰ ਲੈਂਦੀਆਂ ਹਨ। ਵੀਹ-ਤੀਹ ਮਿੰਟ ਪਿੱਛੋਂ ਬੇਹੋਸ਼ੀ ਦਾ ਦੌਰਾ ਘੱਟ ਹੁੰਦਾ ਤਾਂ ਰੋਗੀ ਔਰਤ ਦੇ ਸਰੀਰ 'ਚ ਕੁਝ ਕੰਬਣੀ ਪੈਦਾ ਹੁੰਦੀ ਹੈ। ਹੱਥ ਲਾਉਣ ਨਾਲ ਉਹ ਚੌਂਕ ਉੱਠਦੀ ਹੈ ਅਤੇ ਦਿਲ ਜ਼ੋਰ ਨਾਲ ਧੜਕਣ ਲੱਗਦਾ ਹੈ। ਰੋਗੀ ਨੂੰ ਕਦੀ ਕਦੀ ਉਲਟੀ ਵੀ ਆ ਜਾਂਦੀ ਹੈ। ਵੇਗ ਕਈ ਵਾਰ ਘੱਟ ਜਾਂ ਵੱਧ ਹੋਣ ਕਰ ਕੇ ਪਿੱਛੋਂ ਅੰਤ 'ਚ ਦੌਰਾ ਖ਼ਤਮ ਹੋ ਜਾਂਦਾ ਹੈ। ਅੰਤ 'ਚ ਰੋਗੀ ਨੂੰ ਪਿਸ਼ਾਬ ਵੱਧ ਮਾਤਰਾ ਆਉਂਦਾ ਹੈ ਤੇ ਉਹ ਸੌਂ ਜਾਂਦੀ ਹੈ।

**ਹਿਸਟੀਰੀਆ ਤੇ ਮਿਰਗੀ ਵਿੱਚ ਫ਼ਰਕ:** ਇਨ੍ਹਾਂ ਦੋਨਾਂ ਰੋਗਾਂ ਦੇ ਲੱਛਣ ਮਿਲਦੇ-ਜੁਲਦੇ ਹਨ। ਮਿਰਗੀ ਦੇ ਦੌਰੇ 'ਚ ਮੂੰਹ ਵਿੱਚੋਂ ਝੱਗ ਨਿਕਲਦੀ ਹੈ ਪਰ ਹਿਸਟੀਰੀਆ ਦੇ ਦੌਰੇ ਦੇ ਰੋਗੀ ਦੇ ਮੂੰਹ 'ਚੋਂ ਝੱਗ ਨਹੀਂ ਨਿਕਲਦੀ ਪਰ ਰੋਗ ਤੋਂ ਪੀੜਤ ਲੜਕੀਆਂ ਦੰਦ ਕਿਰਚਦੀਆਂ ਹਨ। ਹਿਸਟੀਰੀਆ 'ਚ ਬੇਹੋਸ਼ ਲੜਕੀ ਦਾ ਜਬਾੜਾ ਬੰਦ ਹੁੰਦਾ ਹੈ। ਮਿਰਗੀ ਦੇ ਦੌਰੇ ਸਮੇਂ ਜੀਭ ਅਕਸਰ ਬਾਹਰ ਨਿਕਲ ਆਉਂਦੀ ਹੈ ਤੇ ਮੂੰਹ ਖੁੱਲ੍ਹਾ ਰਹਿੰਦਾ ਹੈ। ਹਿਸਟੀਰੀਆ ਅਕਸਰ ਲੜਕੀਆਂ 'ਚ ਹੁੰਦਾ ਹੈ, ਜਦੋਂਕਿ ਮਿਰਗੀ ਨਾਲ ਮਰਦ ਵੀ ਪੀੜਤ ਹੁੰਦੇ ਹਨ। ਹਿਸਟੀਰੀਆ ਦੇ ਸਮੇਂ ਲੜਕੀਆਂ ਆਪਣੇ ਆਪ ਨੂੰ ਸੰਭਾਲਦੇ ਹੋਏ ਡਿੱਗਦੀਆਂ ਹਨ ਪਰ ਮਿਰਗੀ 'ਚ ਅਜਿਹਾ ਨਹੀਂ ਹੁੰਦਾ ਤੇ ਮਰੀਜ਼ ਨੂੰ ਗੰਭੀਰ ਸੱਟ ਵੱਜ ਸਕਦੀ ਹੈ। ਮਿਰਗੀ ਦੇ ਦੌਰੇ ਨਿਸ਼ਚਿਤ ਸਮੇਂ ਦੇ ਵੇਗ ਨਾਲ ਪੈਂਦੇ ਹਨ ਤੇ ਇਕਾਂਤ 'ਚ ਵੀ ਹੋ ਸਕਦੇ ਹਨ, ਜਦੋਂਕਿ ਹਿਸਟੀਰੀਆ ਦੇ ਦੌਰੇ ਇਕਾਂਤ ਵਿਚ ਨਹੀਂ ਪੈਂਦੇ, ਵਾਰ ਵਾਰ ਹੁੰਦੇ ਹਨ ਅਤੇ ਉਨ੍ਹਾਂ ਨੂੰ ਵਿਸ਼ਵਾਸ ਹੁੰਦਾ ਹੈ ਕਿ ਉਨ੍ਹਾਂ ਦੀ ਕੋਈ ਰਾਖੀ, ਸੰਭਾਲ, ਪਰਵਾਹ ਜਾਂ ਦੇਖਭਾਲ ਕਰਨ ਵਾਲਾ ਉਥੇ ਹੈ। ਹਿਸਟੀਰੀਆ 'ਚ ਬੇਹੋਸ਼ ਲੜਕੀ ਦਾ ਜਬਾੜਾ ਬੰਦ ਹੁੰਦਾ ਹੈ ਪਰ ਜੀਭ ਨਹੀਂ ਕੱਟਦੀ, ਜਦੋਂਕਿ ਮਿਰਗੀ ਦੇ ਦੌਰੇ ਵਿੱਚ ਜੀਭ ਕੱਟਣ ਦਾ ਡਰ ਰਹਿੰਦਾ ਹੈ। ਲੜਕੀਆਂ 'ਚ ਹਿਸਟੀਰੀਆ ਦੇ ਦੌਰੇ ਦੀ ਮਾਰ ਮਾਹਵਾਰੀ ਦੇ ਦਿਨਾਂ 'ਚ ਵੱਧ ਹੁੰਦੀ ਹੈ। ਤੀਹ-ਚਾਲੀ ਮਿੰਟ ਤੱਕ ਦੌਰੇ ਦੀ ਮਾਰ ਪੈ ਸਕਦੀ ਹੈ। ਹਿਸਟੀਰੀਆ ਨਰਵਸ ਸਿਸਟਮ ਦਾ ਰੋਗ ਕਿਹਾ ਜਾਂਦਾ ਹੈ। ਹਿਸਟੀਰੀਆ ਦੀ ਰੋਗੀ ਪੇਟ ਫੁੱਲਣ, ਕਬਜ਼ ਅਤੇ ਦਸਤ ਆਦਿ ਤੋਂ ਪੀੜਤ ਹੋ ਸਕਦੀ ਹੈ ਤੇ ਪਿਸ਼ਾਬ ਦਾ ਬੰਨ੍ਹ ਵੀ ਪੈ ਸਕਦਾ ਹੈ। ਦੌਰੇ ਸਮੇਂ ਰੋਗੀ ਔਰਤ ਪੂਰੀ ਤਰ੍ਹਾਂ ਬੇਹੋਸ਼ ਨਹੀਂ ਹੁੰਦੀ ਅਤੇ ਦੂਜਿਆਂ ਦੀਆਂ ਗੱਲਾਂ ਸੁਣ ਸਕਦੀ ਹੈ ਪਰ ਖੁਦ ਬੋਲਣ ਤੋਂ ਅਸਮਰੱਥ ਰਹਿੰਦੀ ਹੈ। ਦੌਰਾ ਪੈਣ ਤੋਂ ਪਹਿਲਾਂ ਰੋਗੀ ਨੂੰ ਇਸ ਦਾ ਗਿਆਨ ਹੋ ਜਾਂਦਾ ਹੈ, ਜਿਸ ਕਰਕੇ ਸੱਟ ਲੱਗਣ ਦੀ ਸੰਭਾਵਨਾ ਨਹੀਂ ਰਹਿੰਦੀ।

**ਇਲਾਜ:** ਸਭ ਤੋਂ ਪਹਿਲਾਂ ਉਸ ਦੀ ਬੇਹੋਸ਼ੀ ਦੂਰ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਆਸ ਪਾਸ ਦੇ ਲੋਕਾਂ ਨੂੰ ਹਟਾ ਦਿਓ, ਦਰਵਾਜ਼ੇ ਖਿੜਕੀਆਂ ਖੋਲ੍ਹ ਦਿਓ, ਜਿਸ ਨਾਲ ਰੋਗੀ ਨੂੰ ਸ਼ੁੱਧ ਹਵਾ ਮਿਲ ਸਕੇ। ਰੋਗੀ ਦੇ ਕੱਪੜੇ ਢਿੱਲੇ ਕਰ ਦੇਣੇ ਚਾਹੀਦੇ ਹਨ। ਜੇ ਇਸ ਨਾਲ ਵੀ ਬੇਹੋਸ਼ੀ ਦੂਰ ਨਾ ਹੋਵੇ ਤਾਂ ਲਸਣ ਪਿਆਜ਼ ਪੁੱਟ ਕੇ ਜਾਂ ਪੀਸ ਕੇ ਸੁੰਘਾਓ। ਕਾਲੀ ਮਿਰਚ ਤੇ ਸੌਂਫ ਦੇ ਚੂਰਨ ਨੂੰ ਕਾਗਜ਼ ਦੀ ਨਾਲੀ 'ਚ ਰੱਖ ਕੇ ਉਸਦੇ ਨੱਕ 'ਚ ਫੂਕਣ ਨਾਲ ਬੇਹੋਸ਼ੀ ਦੂਰ ਹੋ ਜਾਂਦੀ ਹੈ। ਸਪਿਰਟ ਅਮੋਨੀਆ ਵੀ ਨੱਕ 'ਚ ਪਾਇਆ ਜਾ ਸਕਦਾ ਹੈ। ਥੋੜਾ ਜਿਹਾ ਨਮਕ ਪਾਣੀ 'ਚ ਘੋਲ ਕੇ ਨੱਕ 'ਚ ਚਾਰ ਪੰਜ ਬੂੰਦਾਂ ਪਾਉਣ ਨਾਲ ਬੇਹੋਸ਼ੀ ਦੂਰ ਹੋ ਜਾਂਦੀ ਹੈ। ਰੋਗੀ ਦੇ ਹੋਸ਼ 'ਚ ਆਉਣ ਪਿੱਛੋਂ ਹਿਸਟੀਰੀਆ ਦਾ ਇਲਾਜ ਕਰਨਾ ਚਾਹੀਦਾ ਹੈ। ਪੀਰੀਅਡ ਦੀਆਂ ਬੇਨਿਯਮੀਆਂ ਕਰਕੇ ਪੈਦਾ ਹੋਏ ਹਿਸਟੀਰੀਆ 'ਚ ਦਵਾਈ ਦੇਣੀ ਬਣਦੀ ਹੈ। ਹਿਸਟੀਰੀਆ ਮਾਨਸਿਕ ਤਣਾਅ ਕਰ ਕੇ ਪੈਦਾ ਹੋਇਆ ਰੋਗ ਹੁੰਦਾ ਹੈ। ਇਸ ਦੀ ਵਜ੍ਹਾ ਲੱਭ ਕੇ ਇਸ ਦਾ ਇਲਾਜ ਕੀਤਾ ਜਾਵੇ।

# ਔਰਤਾਂ ਦੀ ਸਿਹਤ ਲਈ ਜ਼ਰੂਰੀ 7 ਪੋਸ਼ਟਿਕ ਤੱਤ



ਔਰਤਾਂ ਘਰ ਨੂੰ ਸੰਭਾਲਣ ਦੇ ਨਾਲ-ਨਾਲ ਕੰਮਕਾਜ ਦਾ ਵੀ ਖ਼ਾਸ ਧਿਆਨ ਰੱਖਦੀਆਂ ਹਨ। ਇਸ ਲਈ ਔਰਤਾਂ ਦੀ ਸਿਹਤ ਦਾ ਧਿਆਨ ਰੱਖਣਾ ਵੀ ਬੇਹੱਦ ਜ਼ਰੂਰ ਹੈ। ਅੱਜ ਅਸੀਂ ਇਸ ਆਰਟੀਕਲ 'ਚ ਉਨ੍ਹਾਂ 7 ਪੋਸ਼ਕ ਤੱਤਾਂ ਬਾਰੇ ਦੱਸਣ ਜਾ ਰਹੇ ਹਾਂ, ਜੋ ਔਰਤਾਂ ਦੀ ਸਿਹਤ ਲਈ ਬੇਹੱਦ ਜ਼ਰੂਰੀ ਹਨ ਤੇ ਹਰ ਔਰਤ ਨੂੰ ਇਹ ਪੋਸ਼ਕ ਤੱਤ ਆਪਣੀ ਡਾਈਟ 'ਚ ਸ਼ਾਮਲ ਜ਼ਰੂਰ ਕਰਨੇ ਚਾਹੀਦੇ ਹਨ। ਆਓ ਜਾਣਦੇ ਹਾਂ ਇਨ੍ਹਾਂ ਪੋਸ਼ਕ ਤੱਤਾਂ ਬਾਰੇ :

### ਫੋਲੇਟ

ਫੋਲੇਟ ਦਿਲ ਲਈ ਚੰਗਾ ਹੁੰਦਾ ਹੈ। ਅੱਖਾਂ ਤੇ ਚਮੜੀ ਨੂੰ ਵੀ ਸਿਹਤਮੰਦ ਰੱਖਦਾ ਹੈ। ਫੋਲੇਟ ਦੀ ਮਾਤਰਾ ਪੂਰੀ ਕਰਨ ਲਈ ਛੋਲੇ ਤੇ ਹਰੀਆਂ ਸਬਜ਼ੀਆਂ ਜ਼ਰੂਰ ਖਾਓ।

### ਆਇਰਨ

ਆਇਰਨ ਨਾਲ ਭਰਪੂਰ ਚੀਜ਼ਾਂ ਜਿਵੇਂ ਤਿਲ, ਦਾਲਾਂ, ਸੋਇਆਬੀਨ ਤੇ ਕਿਸ਼ਮਿਸ਼ ਆਪਣੀ ਡਾਈਟ 'ਚ ਸ਼ਾਮਲ ਕਰੋ। ਇਸ ਨਾਲ ਸਰੀਰ 'ਚ ਖ਼ੂਨ ਦੀ ਘਾਟ ਨਹੀਂ ਹੁੰਦੀ।

### ਕੈਲਸ਼ੀਅਮ

ਕੈਲਸ਼ੀਅਮ ਹੱਡੀਆਂ ਨੂੰ ਮਜ਼ਬੂਤ ਬਣਾਉਂਦਾ ਹੈ। ਤਿਲ, ਦੁੱਧ ਤੇ ਇਸ ਨਾਲ ਤਿਆਰ ਚੀਜ਼ਾਂ 'ਚ ਕੈਲਸ਼ੀਅਮ ਭਰਪੂਰ ਮਾਤਰਾ 'ਚ ਹੁੰਦਾ ਹੈ।

### ਵਿਟਾਮਿਨ ਡੀ

ਵਿਟਾਮਿਨ ਡੀ ਮਜ਼ਬੂਤ ਹੱਡੀਆਂ ਲਈ ਬੇਹੱਦ ਜ਼ਰੂਰੀ ਹੈ। ਇਸ ਨਾਲ ਤੁਸੀਂ ਐਨਰਜੀ ਭਰਪੂਰ ਰਹਿੰਦੇ ਹੋ। ਵਿਟਾਮਿਨ ਡੀ ਨਾਲ ਭਰਪੂਰ ਮਸ਼ਰੂਮ ਤੇ ਅੰਡੇ ਜ਼ਰੂਰ ਖਾਓ।

### ਵਿਟਾਮਿਨ ਈ

ਵਿਟਾਮਿਨ ਈ ਤੁਹਾਡੀ ਇਮਿਊਨਿਟੀ ਨੂੰ ਮਜ਼ਬੂਤ ਕਰਦਾ ਹੈ। ਇਸ ਨਾਲ ਤੁਹਾਡੇ ਹਾਰਮੋਨ ਬੈਲੰਸ ਰਹਿੰਦੇ ਹਨ। ਵਿਟਾਮਿਨ ਈ ਨਾਲ ਭਰਪੂਰ ਬਾਜਰਾ, ਅਲਸੀ, ਅਖਰੋਟ ਤੇ ਨਾਰੀਅਲ ਦਾ ਸੇਵਨ ਜ਼ਰੂਰ ਕਰੋ।

### ਮੈਗਨੀਸ਼ੀਅਮ

ਮੈਗਨੀਸ਼ੀਅਮ ਤੁਹਾਨੂੰ ਬਲੱਡ ਪ੍ਰੈਸ਼ਰ ਲੈਵਲ ਨੂੰ ਕੰਟਰੋਲ ਕਰਦਾ ਹੈ। ਤੁਸੀਂ ਮੈਗਨੀਸ਼ੀਅਮ ਨਾਲ ਭਰਪੂਰ ਹਰੀਆਂ ਪੱਤੇਦਾਰ ਸਬਜ਼ੀਆਂ, ਅੰਜੀਰ ਤੇ ਅਵਾਕਾਡੋ ਡਾਈਟ 'ਚ ਸ਼ਾਮਲ ਕਰ ਸਕਦੇ ਹੋ।

### ਓਮੇਗਾ 3 ਫੈਟੀ ਐਸਿਡ

ਓਮੇਗਾ 3 ਫੈਟੀ ਐਸਿਡ ਅੱਖਾਂ, ਦਿਮਾਗ ਤੇ ਫੇਫੜਿਆਂ ਲਈ ਬੇਹੱਦ ਵਧੀਆ ਹੈ। ਤੁਸੀਂ ਓਮੇਗਾ 3 ਫੈਟੀ ਐਸਿਡ ਨਾਲ ਭਰਪੂਰ ਘਿਓ, ਚਿਆ ਸੀਡਸ ਤੇ ਅਖਰੋਟ ਖਾ ਸਕਦੇ ਹੋ।

### ਪਾਣੀ ਦੀ ਘਾਟ

ਗਰਮੀਆਂ ਵਿੱਚ ਸਰੀਰ ਨੂੰ ਹਾਈਡਰੇਟ ਰੱਖਣਾ ਬਹੁਤ ਜ਼ਰੂਰੀ ਹੈ। ਇਸ ਲਈ ਜ਼ਿਆਦਾ ਸਾਦਾ ਪਾਣੀ ਪੀਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ, ਕਿਉਂਕਿ ਇਹ ਤੁਹਾਡੇ ਸਰੀਰ ਵਿੱਚੋਂ ਖਣਿਜ ਪਦਾਰਥਾਂ ਨੂੰ ਧੋ ਦਿੰਦਾ ਹੈ। ਸਾਧਾਰਣ ਪਾਣੀ ਪੀਣ ਦੀ ਥਾਂ ਤੁਸੀਂ ਹਰੀ ਚਾਹ, ਨਿੰਬੂ ਪਾਣੀ, ਨਾਰੀਅਲ ਪਾਣੀ ਦਾ ਸੇਵਨ ਕਰੋ। ਇਸ ਨਾਲ ਸਰੀਰ ਦੀ ਸਾਰੀ ਥਕਾਵਟ ਦੂਰ ਹੋ ਜਾਂਦੀ ਹੈ।

# ਗਰਮੀਆਂ 'ਚ ਵੱਧ ਸਕਦੈ 'ਟਾਈਫਾਈਡ' ਸਣੇ ਇਨ੍ਹਾਂ ਬੀਮਾਰੀਆਂ ਦਾ ਖ਼ਤਰਾ

ਮੌਸਮ 'ਚ ਬਦਲਾਅ ਆਉਣ ਦੇ ਨਾਲ-ਨਾਲ ਕਈ ਬੀਮਾਰੀਆਂ ਦਾ ਖ਼ਤਰਾ ਵੱਧ ਜਾਂਦਾ ਹੈ। ਸਰਦੀ ਹੋਵੇ ਜਾਂ ਗਰਮੀ, ਦੋਵਾਂ ਦੇ ਆਉਣ ਨਾਲ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਬੀਮਾਰੀਆਂ ਹੋ ਜਾਂਦੀਆਂ ਹਨ। ਗਰਮੀ ਦੇ ਮੌਸਮ ਵਿੱਚ ਸਿਹਤਮੰਦ ਭੋਜਨ ਖਾਣ ਦੇ ਨਾਲ-ਨਾਲ ਪਾਣੀ ਪੀਣਾ ਵੀ ਬਹੁਤ ਜ਼ਰੂਰੀ ਹੈ। ਗਰਮੀ 'ਚ ਜਿਵੇਂ-ਜਿਵੇਂ ਤੇਜ਼ ਧੁੱਪ ਤੇ ਗਰਮ ਹਵਾਵਾਂ ਚਲਦੀਆਂ ਹਨ, ਉਸੇ ਤਰ੍ਹਾਂ ਸਾਡਾ ਮਨ ਠੰਡੀਆਂ ਚੀਜ਼ਾਂ ਖਾਣ ਨੂੰ ਕਰਦਾ ਹੈ। ਬਦਲ ਰਹੇ ਮੌਸਮ ਦੇ ਹਿਸਾਬ ਨਾਲ ਸਬਜ਼ੀਆਂ ਖਾਣ ਨਾਲ ਸਿਹਤ ਚੰਗੀ ਅਤੇ ਤੰਦਰੁਸਤ ਰਹਿੰਦੀ ਹੈ। ਗਰਮੀ ਦੇ ਮੌਸਮ 'ਚ ਤੁਹਾਨੂੰ ਕਿਹੜੀਆਂ ਬੀਮਾਰੀਆਂ ਹੋ ਸਕਦੀਆਂ ਹਨ ਅਤੇ ਇਸ ਤੋਂ ਬਚਣ ਲਈ ਤੁਹਾਨੂੰ ਆਪਣਾ ਧਿਆਨ ਕਿਵੇਂ ਰੱਖਣਾ ਚਾਹੀਦਾ ਹੈ, ਦੇ ਬਾਰੇ ਦੱਸਾਂਗੇ...

### ਲੂ ਲੱਗਣ ਦਾ ਖ਼ਤਰਾ

ਗਰਮੀਆਂ ਵਿੱਚ ਲੂ ਲੱਗਣ ਦਾ ਖ਼ਤਰਾ ਸਭ ਤੋਂ ਵੱਧ ਹੁੰਦਾ ਹੈ। ਇਸ ਤੋਂ ਬਚਣ ਲਈ ਜ਼ਿਆਦਾ ਤੋਂ ਜ਼ਿਆਦਾ ਪਾਣੀ ਪੀਓ ਅਤੇ ਆਪਣੇ ਆਪ ਨੂੰ ਦਿਨ ਭਰ ਹਾਈਡ੍ਰੇਟਿਡ ਰੱਖੋ। ਨਾਲ ਹੀ ਤੇਜ਼ ਧੁੱਪ ਵਿੱਚ ਜਾਣ ਤੋਂ ਬਚੋ। ਇਸ ਤੋਂ ਇਲਾਵਾ ਜੇਕਰ ਤੁਹਾਨੂੰ ਤੇਜ਼ ਬੁਖ਼ਾਰ, ਉਲਟੀਆਂ, ਤੇਜ਼ ਸਾਹ, ਚੱਕਰ



ਆਉਣੇ, ਕਮਜ਼ੋਰੀ ਵਰਗੇ ਲੱਛਣ ਮਹਿਸੂਸ ਹੋਣ ਤਾਂ ਬਿਨਾਂ ਦੇਰੀ ਡਾਕਟਰ ਨਾਲ ਸੰਪਰਕ ਕਰੋ।

### ਧੱਫੜ ਅਤੇ ਪਿੱਤ

ਗਰਮੀਆਂ 'ਚ ਜ਼ਿਆਦਾ ਪਸੀਨਾ ਆਉਣ ਨਾਲ ਚਮੜੀ 'ਤੇ ਧੱਫੜ ਜਾਂ ਪਿੱਤ ਨਿਕਲਣ ਦੀ ਸਮੱਸਿਆ ਹੋ ਜਾਂਦੀ ਹੈ। ਇਸ ਕਾਰਨ ਸਰੀਰ 'ਚ ਵਾਰ-ਵਾਰ ਖਾਰਸ਼ ਹੋਣ ਲੱਗਦੀ ਹੈ। ਇਸ ਤੋਂ ਬਚਣ ਲਈ ਤੰਗ ਅਤੇ ਗੂੜ੍ਹੇ ਰੰਗ ਦੇ ਕੱਪੜੇ ਨਾ ਪਾਓ। ਰੋਜ਼ਾਨਾ ਨਿੰਮ ਦੀਆਂ ਪੱਤੀਆਂ ਨੂੰ ਪਾਣੀ 'ਚ ਭਿਓ ਕੇ ਇਸ਼ਨਾਨ ਕਰੋ। ਇਸ ਨਾਲ ਚਮੜੀ ਦੀ ਇਨਫੈਕਸ਼ਨ ਦੇ ਨਾਲ-ਨਾਲ ਧੱਫੜ ਅਤੇ ਪਿੱਤ ਨਹੀਂ ਹੋਵੇਗੀ।

### ਟਾਈਫਾਈਡ ਦਾ ਖ਼ਤਰਾ

ਤੇਜ਼ ਗਰਮੀ ਵਿੱਚ ਟਾਈਫਾਈਡ ਹੋਣ ਦਾ ਖ਼ਤਰਾ ਰਹਿੰਦਾ ਹੈ। ਇਹ ਪਾਣੀ ਤੋਂ ਹੋਣ ਵਾਲੀ ਬੀਮਾਰੀ ਹੈ। ਦੂਸਤਿ ਪਾਣੀ ਦੀ ਵਰਤੋਂ ਅਤੇ ਖ਼ਰਾਬ ਭੋਜਨ ਖਾਣ ਨਾਲ ਤੁਸੀਂ ਟਾਈਫਾਈਡ ਦਾ ਸਕਿਾਰ ਹੋ ਸਕਦੇ ਹੋ। ਟਾਈਫਾਈਡ ਦੇ ਲੱਛਣ ਉਦੋਂ ਵਿਖਾਈ ਦਿੰਦੇ ਨੇ ਜਦੋਂ ਬੈਕਟੀਰੀਆ ਪਾਣੀ ਨਾਲ ਸਰੀਰ ਵਿੱਚ ਦਾਖਲ ਹੁੰਦੇ ਹਨ। ਇਸ ਤੋਂ ਬਚਣ ਲਈ ਆਪਣੀ ਡਾਈਟ ਦਾ ਖ਼ਾਸ ਧਿਆਨ ਰੱਖੋ। ਬੱਚਿਆਂ ਨੂੰ ਟਾਈਫਾਈਡ ਤੋਂ ਬਚਾਅ ਦਾ ਟੀਕਾਕਰਨ ਜ਼ਰੂਰ ਕਰਨਾ ਚਾਹੀਦਾ ਹੈ।

### ਪੀਲੀਆ

ਗਰਮੀਆਂ ਵਿੱਚ ਪੀਲੀਆ ਹੋਣਾ ਆਮ ਸਮੱਸਿਆ ਹੈ। ਦੂਸਤਿ ਪਾਣੀ ਅਤੇ ਭੋਜਨ ਦਾ ਸੇਵਨ ਕਰਨ ਨਾਲ ਹੈਪੇਟਾਈਟਸ ਜਾਂ ਪੀਲੀਆ ਦੀ ਸਮੱਸਿਆ ਹੋ ਸਕਦੀ ਹੈ। ਇਸ ਬੀਮਾਰੀ ਦੇ ਕਾਰਨ ਮਰੀਜ਼ ਦੀਆਂ ਅੱਖਾਂ ਅਤੇ ਨਹੁੰ ਪੀਲੇ ਪੈਣੇ ਸ਼ੁਰੂ ਹੋ ਜਾਂਦੇ ਹਨ। ਇਸ ਤੋਂ ਬਚਣ ਲਈ ਲੀਵਰ ਨੂੰ ਸਿਹਤਮੰਦ ਰੱਖਣਾ ਜ਼ਰੂਰੀ ਹੈ। ਇਸ ਲਈ ਤੁਸੀਂ ਹਲਕਾ ਅਤੇ ਘਰ ਦਾ ਬਣਿਆ ਭੋਜਨ ਖਾਓ।




ਲੇਖਕ : ਰਾਜਵਿੰਦਰਪਾਲ ਸ਼ਰਮਾਂ
ਮੋਬਾਈਲ : 70873-67969



# ਜ਼ਿੰਦਗੀ 'ਚ ਸਫਲ ਹੋਣ ਦੇ ਰਾਜ਼

ਮੈਂ ਯਤਨ ਕੀਤਾ ਤਾਂ ਅਸਫਲ ਹੋਇਆ, ਮੈਂ ਵਾਰ-ਵਾਰ ਯਤਨ ਕੀਤੇ ਤਾਂ ਸਫਲ ਹੋਇਆ। ਇਹ ਵਿਚਾਰ ਹੈ ਪ੍ਰਸਿੱਧ ਵਿਗਿਆਨੀ ਅਤੇ ਡੇਅਰੀ ਉਦਯੋਗ ਦੇ ਪਿਤਾ ਗੇਲ ਬੌਰਡਨ ਜੋ ਇਹ ਦਰਸਾਉਂਦੇ ਹਨ ਕਿ ਵਾਰ-ਵਾਰ ਕੀਤੇ ਜਾਂਦੇ ਯਤਨ ਹੀ ਸਫਲਤਾ ਦੀ ਪ੍ਰਾਪਤੀ ਦਾ ਰਾਹ ਹਨ। ਇਸੇ ਤਰ੍ਹਾਂ ਬਲਬ ਦੇ ਨਾਲ-ਨਾਲ ਇਕ ਹਜ਼ਾਰ ਤੋਂ ਵੱਧ ਪੇਟੈਂਟ ਆਪਣੇ ਨਾਂਅ ਕਰਵਾਉਣ ਵਾਲੇ ਥਾਮਸ ਅਲਵਾ ਐਡੀਸਨ ਦੀ ਸੰਘਰਸ਼ਸ਼ੀਲ ਕਹਾਣੀ ਵੀ ਸਾਨੂੰ ਵਾਰ-ਵਾਰ ਸਫਲਤਾ ਦੀ ਪ੍ਰਾਪਤੀ ਲਈ ਕੀਤੇ ਜਾਂਦੇ ਯਤਨਾਂ ਲਈ ਵਚਨਬੱਧ ਹੋਣ ਲਈ ਪ੍ਰੇਰਿਤ ਕਰਦੀ ਹੈ।

ਸੰਸਾਰ ਵਿਚ ਜੋ ਵੀ ਖੋਜਾਂ ਹੋਈਆਂ, ਜਿੰਨੇ ਵੀ ਕੰਮ ਕੀਤੇ ਗਏ, ਉਹ ਪਹਿਲੇ ਗੇੜੇ ਕਦੇ ਵੀ ਨਹੀਂ ਹੋਏ। ਉਸ ਕੰਮ ਲਈ ਕੀਤਾ ਗਿਆ ਸੰਘਰਸ਼, ਕੰਮ ਕਰਦਿਆਂ ਪ੍ਰਾਪਤ ਹੋਈਆਂ ਅਸਫਲਤਾਵਾਂ, ਰਾਹ ਵਿਚ ਆਈਆਂ ਕਠਿਨਾਈਆਂ ਉਸ ਸਫਲਤਾ ਦੀ ਗਵਾਹੀ ਭਰਦੀਆਂ ਹਨ। ਸਿਆਣੇ ਕਹਿੰਦੇ ਹਨ ਕਿ ਜਿੰਨਾ ਗੁੜ ਪਾਵਾਂਗੇ ਓਨਾ ਹੀ ਮਿੱਠਾ ਹੋਵੇਗਾ। ਉਸੇ ਕੜੀ ਤਹਿਤ ਜਿੰਨੀ ਨਿਰਸਵਾਰਥ ਮਿਹਨਤ ਕੀਤੀ ਜਾਵੇਗੀ, ਜਿੰਨੀ ਲਗਨ ਨਾਲ ਕਾਰਜ ਕੀਤਾ ਜਾਵੇਗਾ, ਓਨੀ ਜਲਦੀ ਹੀ ਸਫਲਤਾ ਸਾਡੇ ਪੈਰ ਚੁੰਮੇਗੀ।

## ਗ਼ਲਤੀਆਂ ਤੋਂ ਸਿੱਖਣ ਦਾ ਸਮਾਂ :

ਕੰਮ ਕਰਦੇ ਸਮੇਂ ਗ਼ਲਤੀਆਂ ਹੋ ਜਾਂਦੀਆਂ ਹਨ। ਗ਼ਲਤੀਆਂ ਨੂੰ ਸੁਧਾਰਨ ਲਈ ਤਜਰਬੇ ਦੀ ਜ਼ਰੂਰਤ ਹੁੰਦੀ ਹੈ, ਪਰ ਅਸਲੀ ਤਜਰਬਾ ਗ਼ਲਤੀਆਂ ਤੋਂ ਹੀ ਪ੍ਰਾਪਤ ਹੁੰਦਾ ਹੈ। ਪੁਰਾਣੀਆਂ ਗ਼ਲਤੀਆਂ ਤੋਂ ਸਿੱਖਣਾ, ਉਨ੍ਹਾਂ ਦੀ ਪੜਚੋਲ ਕਰਨਾ , ਨਵੀਂ ਯੋਜਨਾ ਉਲੀਕ ਕੇ ਉਸ 'ਤੇ ਪਾਰਦਰਸ਼ੀ, ਮਿਹਨਤ ਅਤੇ ਲਗਨ ਨਾਲ ਕੰਮ ਕਰਨਾ ਹੀ ਸਫਲਤਾ ਦਾ ਭੇਦ ਹੈ।

## ਪ੍ਰੇਰਨਾ ਜ਼ਰੂਰੀ ਹੈ

ਕਿਸੇ ਵੀ ਕੰਮ ਦੇ ਲਈ ਪ੍ਰੇਰਨਾ ਦਾ ਹੋਣਾ ਸੋਨੇ ਉੱਤੇ ਸੁਹਾਗੇ ਦਾ ਕੰਮ ਕਰਦਾ ਹੈ। ਇਹ ਪ੍ਰੇਰਨਾ ਸਾਨੂੰ ਕੁਦਰਤ ਵਿਚੋਂ ਕਿਤੋਂ ਵੀ ਸਾਡੇ ਸਮਾਜ ਵਿਚੋਂ ਕਿਤੋਂ ਵੀ ਮਿਲ ਸਕਦੀ ਹੈ। ਚੰਗੀਆਂ ਕਿਤਾਬਾਂ ਇਸ ਦਾ ਮੁੱਖ ਸਰੋਤ ਹਨ। ਮਹਾਨ ਵਿਅਕਤੀਆਂ ਮਹਾਨ ਜੀਵਨ ਚੰਗੇ ਕੰਮਾਂ ਲਈ ਨਵੇਂ ਵਿਚਾਰਾਂ ਨੂੰ ਜਨਮ ਦਿੰਦੇ ਹਨ। ਇਹ ਵਿਚਾਰ ਨਵੇ ਹੋਣ ਕਰਕੇ, ਸਾਡਾ ਇਨ੍ਹਾਂ ਵਿਚਾਰਾਂ ਲਈ ਨਵਾਂ ਹੋਣ ਕਰਕੇ ਹੋ ਸਕਦਾ ਹੈ ਕੁਝ ਸਮੇਂ ਲਈ ਸਾਡੇ ਪੈਰਾਂ ਲਈ ਕੰਡਿਆਂ ਦਾ ਕੰਮ ਕਰਨ। ਆਲੋਚਨਾਵਾਂ ਦਾ ਕਾਰਨ ਬਣਨ ਪਰ ਇਹ ਸਦੀਵੀ ਅਤੇ ਅਸਥਾਈ ਨਹੀਂ ਹੁੰਦੇ। ਦੇਰ-ਸਵੇਰ ਇਹੀ ਕੰਡਿਆਲੀ ਰਾਹ ਸਫਲਤਾ ਦੀ ਖ਼ੁਸ਼ਬੂ ਲੈਅ ਕੇ ਸਾਡੀ ਜ਼ਿੰਦਗੀ ਨੂੰ ਮਹਿਕਾ ਦਿੰਦੇ ਹਨ।

## ਸਮਾਂ ਸਾਰਣੀ ਕਿੰਨੀ ਜ਼ਰੂਰੀ

ਸਫਲਤਾ ਦੀ ਪ੍ਰਾਪਤੀ ਲਈ ਸਮਾਂ ਸਾਰਣੀ ਕਿੰਨੀ ਜ਼ਰੂਰੀ ਹੈ, ਇਸ ਦਾ ਅੰਦਾਜ਼ਾ ਇਕ ਵਿਦਿਆਰਥੀ ਦੇ ਜੀਵਨ ਤੋਂ ਲਗਾਇਆ ਜਾ ਸਕਦਾ ਹੈ। ਵਿਦਿਆਰਥੀ ਹਰ ਰੋਜ਼ ਨਿਰੰਤਰ ਸਕੂਲ ਜਾਂਦਾ ਹੈ, ਹਰ ਰੋਜ਼ ਨਿਰੰਤਰ ਲੋੜੀਂਦੇ ਸਮਾਂਬੱਧ ਸਮੇਂ ਵਿਚ ਅਲੱਗ-ਅਲੱਗ ਵਿਸ਼ਿਆਂ ਨੂੰ ਪੜ੍ਹਦਾ ਹੈ। ਉਸ ਦੀ ਰੋਜ਼ ਦੀ ਪੜ੍ਹਾਈ ਸਾਲਾਨਾ ਨਤੀਜਿਆਂ ਨੂੰ ਪ੍ਰਭਾਵਿਤ ਕਰਦੀ ਹੈ। ਕਦੇ-ਕਦੇ ਪੜ੍ਹਨ ਵਾਲੇ ਵੱਧ ਤੋਂ ਵੱਧ ਕਲਰਕ ਲੱਗਦੇ ਹਨ ਪਰ ਹਰ ਰੋਜ਼ ਨਿਰੰਤਰ ਪੜ੍ਹਨ ਵਾਲੇ ਅਫ਼ਸਰ ਬਣਦੇ ਹਨ। ਇਹ ਰੋਜ਼ ਪੜ੍ਹਨ ਦਾ ਲਾਭ ਹੈ। ਸਮਾਂ ਸਾਰਣੀ ਬਣਾ ਕੇ ਵੇਲੇ ਸਿਰ ਕੀਤਾ ਕੰਮ ਸਫਲਤਾ ਨੂੰ ਜਨਮ ਦਿੰਦਾ ਹੈ, ਜਦਕਿ ਸਮਾਂ ਖੁੰਝ ਜਾਣ ਪਿੱਛੋਂ ਕੀਤਾ ਕੰਮ ਦੁੱਖ ਅਤੇ ਤਕਲੀਫ਼ ਪੈਦਾ ਕਰਦਾ ਹੈ। ਇਸੇ ਕਰਕੇ ਤਾਂ ਇਕ ਕਹਾਵਤ ਵਿਸ਼ਵ ਪ੍ਰਸਿੱਧ ਹੈ ਕਿ 'ਵੇਲੇ ਦੀ ਨਮਾਜ਼ ਤੇ ਕੁਵੇਲੇ ਦੀਆਂ ਟੱਕਰਾਂ' ਜੋ ਸਮੇਂ ਦੇ ਸਦ ਉਪਯੋਗ ਵੱਲ ਇਸ਼ਾਰਾ ਕਰਦੀ ਹੈ।

## ਅਨੁਸ਼ਾਸਨ ਦੀ ਲੋੜ

ਅਨੁਸ਼ਾਸਨ ਜ਼ਿੰਦਗੀ ਦਾ ਮੂਲ ਹੈ, ਅਨੁਸ਼ਾਸਨ ਵਿਚ ਕੀਤਾ ਕੰਮ ਸਫਲਤਾ ਦਿੰਦਾ ਹੈ। ਇਹ ਅਨੁਸ਼ਾਸਨ ਹੀ ਹੈ ਜੋ ਸਾਨੂੰ ਕੁਝ ਨਿਯਮਾਂ ਵਿਚ ਬੰਨ੍ਹ ਕੇ ਰੱਖਦਾ ਹੈ, ਜੇਕਰ ਅਨੁਸ਼ਾਸਨ ਨਾ ਹੁੰਦਾ ਤਾਂ ਕਦੋਂ ਦੀ ਹੁਣ ਤੱਕ ਅਰਾਜਕਤਾ ਫੈਲ ਜਾਣੀ ਸੀ। ਅਨੁਸ਼ਾਸਨ ਹੀ ਸਾਨੂੰ ਇਕ ਚੰਗੇ ਨਾਗਰਿਕ ਬਣਾਉਣ ਵਿਚ ਸਹਾਇਕ ਸਿੱਧ ਹੁੰਦਾ ਹੈ ਅਤੇ ਸਫਲਤਾ ਦੀ ਪ੍ਰਾਪਤੀ ਦਾ ਰਾਹ ਦਸੇਰਾ ਬਣਦਾ ਹੈ।

## ਸਖ਼ਤ ਮਿਹਨਤ ਕਰੋ

ਮਿਹਨਤ ਅੱਗੇ ਲੱਛਮੀ ਅਤੇ ਪੱਖੇ ਅੱਗੇ ਪੌਣ। ਮਿਹਨਤ ਦਾ ਇਸ ਦੁਨੀਆ 'ਤੇ ਕੋਈ ਸ਼ਾਰਟਕਟ ਨਹੀਂ ਹੈ। ਜੇਕਰ ਸਫਲਤਾ ਪ੍ਰਾਪਤ ਕਰਨੀ ਹੈ ਤਾਂ ਇਕੋ-ਇਕ ਰਸਤਾ ਸਖ਼ਤ ਮਿਹਨਤ ਹੀ ਹੈ ਹੋਰ ਕੋਈ ਨਹੀਂ।

## ਨੈਤਿਕ ਕਦਰਾਂ ਕੀਮਤਾਂ

ਨੈਤਿਕ ਕਦਰਾਂ ਕੀਮਤਾਂ ਦੀ ਵੀ ਆਪਣੀ ਮਹੱਤਤਾ ਹੈ। ਦੂਜਿਆਂ ਨਾਲ ਸਾਡਾ ਕੀਤਾ ਜਾਂਦਾ ਵਿਵਹਾਰ ਅਤੇ ਵਤੀਰਾ ਸਾਡੀਆਂ ਨੈਤਿਕ ਕਦਰਾਂ ਕੀਮਤਾਂ ਨੂੰ ਪ੍ਰਗਟਾਉਂਦਾ ਹੈ। ਇਸ ਕਰਕੇ ਨੈਤਿਕ ਸਿੱਖਿਆ ਨੂੰ ਵੀ ਜ਼ਿੰਦਗੀ ਵਿਚ ਅਪਣਾਉਣਾ ਬਹੁਤ ਜ਼ਰੂਰੀ ਹੁੰਦਾ ਹੈ।

## ਬੁਰੀ ਸੰਗਤ ਤੋਂ ਬਚੋ

ਬੁਰੀ ਸੰਗਤ ਸਾਨੂੰ ਸਿਰਫ਼ ਵਿਗਾੜਦੀ ਹੀ ਨਹੀਂ, ਸਗੋਂ ਸਾਨੂੰ ਨਸ਼ਿਆਂ ਵਰਗੀ ਦਲਦਲ ਵਿਚ ਵੀ ਧੱਕਣ ਦਾ ਕੰਮ ਵੀ ਕਰਦੀ ਹੈ। ਕੁਝ ਕੁ ਲੋਕ ਆਪਣੇ ਨਿੱਜੀ ਫਾਇਦਿਆਂ ਲਈ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਕਰਦੇ ਹਨ।

## ਅਧਿਆਪਕ ਅਤੇ ਗੁਰੂ ਦਾ ਕਹਿਣਾ ਮੰਨੋ

ਮਾਪਿਆਂ ਅਤੇ ਅਧਿਆਪਕਾਂ ਦਾ ਇਕੋ ਜਿਹਾ ਰਿਸ਼ਤਾ ਹੈ। ਦੋਵੇਂ ਬੱਚਿਆਂ ਦੀ ਭਲਾਈ ਅਤੇ ਸਰਬਪੱਖੀ ਵਿਕਾਸ ਲਈ ਕਾਰਜਸ਼ੀਲ ਰਹਿੰਦੇ ਹਨ। ਅਧਿਆਪਕ ਦੀ ਝਿੜਕ ਮਾਂ ਬਾਪ ਦੇ ਪਿਆਰ ਨਾਲੋਂ ਚੰਗੀ ਹੁੰਦੀ ਹੈ। ਲੋੜ ਹੈ ਅੱਜ ਅਧਿਆਪਕਾਂ ਅਤੇ ਬੱਚਿਆਂ ਵਿਚ ਮੁੜ ਅਪੱਣਤ ਦਾ ਰਿਸ਼ਤਾ ਕਾਇਮ ਕਰਨ ਦੀ, ਉਨ੍ਹਾਂ ਦੀ ਕੁੜੱਤਣ ਨੂੰ ਦੂਰ ਕਰਕੇ ਬੱਚਿਆਂ ਨੂੰ ਸਹੀ ਰਾਹ ਪਾਉਣ ਦੀ, ਜਿਸ ਵਿਚ ਸਕੂਲਾਂ, ਕਾਲਜਾਂ ਅਤੇ ਹਰ ਇਕ ਵਿਅਕਤੀ ਨੂੰ ਲੋੜੀਂਦਾ ਯੋਗਦਾਨ ਪਾਉਣਾ ਹੋਵੇਗਾ, ਤਾਂ ਜੋ ਬੱਚੇ ਸਮੇਂ ਸਿਰ ਮੰਜ਼ਿਲ ਨੂੰ ਸਰ ਕਰ ਸਕਣ।

ਜੋ ਵਿਅਕਤੀ ਜ਼ਿੰਦਗੀ ਵਿਚ ਕਾਮਯਾਬ ਹੁੰਦੇ ਹਨ, ਉਹ ਸਾਡੇ ਵਰਗੇ ਹੀ ਹੁੰਦੇ ਹਨ। ਉਨ੍ਹਾਂ ਦੇ ਵੀ ਪਰਮਾਤਮਾ ਨੇ ਦੋ ਕੰਨ ਅਤੇ ਦੋ ਹੱਥ ਦਿੱਤੇ ਹੁੰਦੇ ਹਨ। ਉਹ ਆਪਣੀ ਕਾਬਲੀਅਤ ਅਤੇ ਮਿਹਨਤ ਸਰ ਕਰ ਕੇ ਆਮ ਤੋਂ ਖ਼ਾਸ ਬਣ ਜਾਂਦੇ ਹਨ। ਵਾਹਿਗੁਰੂ ਸਾਨੂੰ ਸਾਰਿਆਂ ਨੂੰ ਇਕੋ ਜਿਹਾ ਮੌਕਾ ਦਿੰਦਾ ਹੈ, ਕੁਝ ਵਿਅਕਤੀ ਉਨ੍ਹਾਂ ਮੌਕਿਆਂ ਦਾ ਲਾਭ ਉਠਾਉਂਦੇ ਹੋਏ ਅੱਗੇ ਵਧਦੇ ਹਨ ਅਤੇ ਕੁਝ ਲੋਕ ਉਨ੍ਹਾਂ ਮੌਕਿਆਂ ਨੂੰ ਹੱਥੋਂ ਗਵਾ ਕੇ ਮਗਰੋਂ ਹੱਥ ਮਲਦੇ ਰਹਿੰਦੇ ਹਨ। ਆਓ, ਸਾਰੇ ਮਿਲ ਕੇ ਅਸਫਲਤਾ ਤੋਂ ਸਿੱਖਦੇ ਹੋਏ ਅੱਗੇ ਵਧੀਏ ਤੇ ਆਪਣੀਆਂ ਨਿਰਧਾਰਿਤ ਮੰਜ਼ਿਲਾਂ ਨੂੰ ਪ੍ਰਾਪਤ ਕਰੀਏ, ਤਾਂ ਜੋ ਮਾਪਿਆਂ, ਅਧਿਆਪਕਾਂ ਤੇ ਆਪਣੇ ਪੰਜਾਬ ਦਾ ਨਾਂਅ ਰੌਸ਼ਨ ਕੀਤਾ ਜਾ ਸਕੇ।

## ਕੀ ਤੁਸੀਂ ਹੇਠਾਂ ਦਿੱਤੀ ਸ਼ਬਦ ਪਹੇਲੀ ਨੂੰ ਹੱਲ ਕਰ ਸਕਦੇ ਹੋ?

| | | | | | | | | | |
|---|---|---|---|---|---|---|---|---|---|
| R | O | D | D | R | O | D | U | N | K |
| C | O | N | W | O | N | N | I | L | A |
| S | P | A | R | R | G | I | S | O | K |
| O | D | M | A | W | O | B | I | P | A |
| V | K | B | G | O | R | C | R | I | M |
| E | N | O | P | I | E | K | H | W | O |
| K | I | B | S | T | O | R | E | I | T |
| I | L | O | F | I | N | C | A | K | M |
| E | L | I | L | E | R | H | W | A | O |
| Q | U | A | P | E | T | M | A | C | T |

Find all the words from the word list (ignore spaces and dashes, if any):

BOBOLINK
CONDOR
CROW
DOVEKIE
DRONGO
DUNLIN
FINCH
IBIS
KAKAPO
KIWI
MACAW
MAGPIE
MOTMOT
PETREL
QUAIL
RHEA
SPARROW
STORK

## ਬਿੰਦੂ ਮਿਲਾਓ



## ਰਸਤਾ ਲੱਭੋ



## ਪਹੇਲੀ ਹੱਲ ਕਰੋ

ਕੀ ਤੁਸੀਂ ਦੱਸ ਸਕਦੇ ਹੋ ਕਿ ਹੇਠਾਂ ਦਿੱਤੀ ਪਹੇਲੀ ਵਿਚੋਂ ਹਰੇਕ ਵੱਖ ਵੱਖ ਚੀਜ਼ਾਂ ਦਾ ਭਾਰ ਦੱਸ ਸਕਦੇ ਹੋ?




HAPPY VICTORIA DAY LONG WEEKEND
SABZI MANDI SUPERMARKET
Serving our Community since 2003
GO CANUCKS GO
HOT PRICE
JUMBO CAULIFLOWER
ਗੋਭੀ
2.99 ea
HOT PRICE
ROMA TOMATOES
ਰੋਮਾ ਟਮਾਟਰ
1.49 /lb
HOT PRICE
HADEN MANGOES
ਹੇਡਨ ਅੰਬ
Case
15.99 ea
HOT PRICE
INDIAN KARELA
ਦੇਸੀ ਕਰੇਲੇ
1.49 /lb
CROWN SUNFLOWER OIL
ਕਰਾਊਨ ਸੂਰਜਮੁਖੀਆ ਤੇਲ
1L
3.99 ea
UNBEATABLE DEAL
HEER BESAN
ਹੀਰ ਬੇਸਣ
4lb
3.49 ea
HEER CHANA FLOUR
#1 YELLOW ONIONS
#1 ਪੀਲੇ ਗੰਢੇ
50lb
17.99 ea
DANIMA COOKIES
ਡਾਨਿਮਾ ਕੁਕੀਆਂ
400g
2.99 ea
US #1 RAPINI
ਸਾਗ
Bunch
2.79 ea
BRAR'S PANEER
ਬਰਾੜਜ਼ ਪਨੀਰ
375g
4.99 ea
VIJ'S PICKLES
ਵਿਜਜ਼ ਅਚਾਰ
330g, Asst.
1.49 ea
INDIAN ROOH AFZA
ਰੂਹ ਅਫਜ਼ਾ
750ml
3.99 ea
MERI CHAI TEA
ਮੇਰੀ ਚਾਹ
216's
5.99 ea
US #1 POTATOES
ਆਲੂ
10lb
3.99 ea
US#1 WALNUT HALVES
ਅਖਰੋਟ
6.99 /lb
AASHIRVAAD ATTA
ਆਸ਼ੀਰਵਾਦ ਆਟਾ
20lb
19.99 ea
ROSHNI GUR
ਰੋਸ਼ਨੀ ਗੁੜ
1kg
3.99 ea
SHUDH MUSTARD OIL
ਸ਼ੁਧ ਸਰੋਂ ਦਾ ਤੇਲ
1L
6.99 ea
PINK LADY APPLES
ਪਿੰਕ ਲੇਡੀ ਸੇਬ
99¢ /lb
LEHAR GACHAK
ਲੇਹਰ ਗੱਚਕ
400g
3.49 ea
CHANA DAL/RED MASOOR/BLACK CHANA/BROWN MASOOR
HEER DAALS
4lb
3.99 ea
PEELED GARLIC
ਲਸਣ
5lb Jar
11.99 ea
SEEDLESS WATERMELON
88¢ /lb
FRESH GINGER
ਅਦਰਕ
1.49 /lb
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. May 17, 2024 - Wed. May 22, 2024
American Express accepted at three locations.
SABZI MANDI SUPERMARKET
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD STORE: 31831 S. Fraser Way, Abbotsford 604-864-9193
ABBOTSFORD STORE: 2777 Gladwin Road, Abbotsford 604-744-2077
BURNABY: 7565 6th Street, Burnaby 604-553-6603
PITT MEADOWS: 12169 Harris Rd, Pitt Meadows 604-459-8410
RICHMOND- 9371 NO 5 RD, RICHMOND 604-285-2400
NEWTON 64 AVE- 140- 6350 120 ST, SURREY 778-565-1266
You can also visit us online at www.sabzimandicanada.com